Downloaded from https:// www.studiestoday.com

# ਪੰਜਾਬੀ ਪੁਸਤਕ-5

## ਪੰਜਵੀਂ ਸ਼੍ਰੇਣੀ

**ਪਹਿਲੀ ਭਾਸ਼ਾ**

ਸਰਵ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ



Downloaded from https:// www.studiestoday.com

Downloaded from https:// www.studiestoday.com

© ਪੰਜਾਬ ਸਰਕਾਰ

ਪਹਿਲਾ ਐਡੀਸ਼ਨ 2018 .................. 2,07,618 ਕਾਪੀਆਂ

All rights, including those of translation, reproduction
and annotation etc., are reserved by
the Punjab Government.

**ਚਿਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

ਸਰਵ ਸਿੱਖਿਆ ਅਭਿਆਨ
ਪੜ੍ਹੋ ਸਾਰੇ ਵਧੋ ਸਾਰੇ
ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

ਮੁੱਲ : ........

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ- 160002
ਰਾਹੀਂ ਪ੍ਰਕਾਸ਼ਿਤ ਅਤੇ ਮੈਸ : ਬ੍ਰਾਈਟ ਪ੍ਰਿੰਟਰਜ਼ ਜਲੰਧਰ ਸ਼ਹਿਰ।



Downloaded from https:// www.studiestoday.com

Downloaded from https:// www.studiestoday.com

# ਦੋ ਸ਼ਬਦ

ਪੰਜਾਬ ਦੀ ਰਾਜ-ਭਾਸ਼ਾ ਹੋਣ ਸਦਕਾ ਪੰਜਾਬੀ ਨੂੰ ਰਾਜ ਦੇ ਸਕੂਲ ਸਿੱਖਿਆ-ਕ੍ਰਮ ਵਿੱਚ ਇੱਕ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਮੁੱਢ ਤੋਂ ਹੀ ਇਸ ਦੇ ਵਿਕਾਸ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਰਹੇ ਹਨ। ਇਸ ਸਿਲਸਿਲੇ ਵਿੱਚ ਬੋਰਡ ਦੁਆਰਾ ਰਾਜ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਸਮੇਂ-ਸਮੇਂ 'ਤੇ ਪਾਠ-ਕ੍ਰਮਾਂ ਅਤੇ ਪਾਠ-ਪੁਸਤਕਾਂ ਨੂੰ ਨਵਿਆਇਆ ਜਾਂਦਾ ਹੈ।

ਹਥਲੀ ਪਾਠ-ਪੁਸਤਕ ਪੰਜਵੀ ਸ਼੍ਰੇਣੀ (ਪਹਿਲੀ-ਭਾਸ਼ਾ) ਦੇ ਵਿਦਿਆਰਥੀਆਂ ਲਈ ਐੱਨ.ਸੀ.ਐੱਫ. 2005 ਅਤੇ ਪੀ.ਸੀ.ਐੱਫ. 2013 ਦੀਆਂ ਸਿਫ਼ਾਰਸ਼ਾਂ ਨੂੰ ਮੱਦੇਨਜ਼ਰ ਰੱਖਦਿਆਂ ਤਿਆਰ ਕੀਤੀ ਗਈ ਹੈ। ਇਸ ਪੁਸਤਕ ਨੂੰ ਤਿਆਰ ਕਰਦੇ ਸਮੇਂ ਛੋਟੇ ਬੱਚਿਆਂ ਦੀਆਂ ਰੁਚੀਆਂ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਇਸ ਲਈ ਇਸ ਪੁਸਤਕ ਵਿੱਚ ਕਵਿਤਾਵਾਂ, ਕਹਾਣੀਆਂ, ਜੀਵਨੀਆਂ, ਲੇਖ ਅਤੇ ਵਾਰਤਾਲਾਪ ਵਾਲ਼ੇ ਪਾਠ ਸ਼ਾਮਲ ਕਰਕੇ ਸੁੰਦਰ ਚਿੱਤਰਾਂ ਰਾਹੀਂ ਇਸ ਨੂੰ ਮਨਮੋਹਣਾ ਬਣਾਉਣ ਦਾ ਯਤਨ ਕੀਤਾ ਗਿਆ ਹੈ। ਬੱਚਿਆਂ ਦੀ ਸਹੂਲਤ ਲਈ ਇਸ ਪੁਸਤਕ ਦੇ ਪਾਠ-ਅਭਿਆਸਾਂ ਨੂੰ ਹੱਲ ਕਰਨ ਲਈ ਅਭਿਆਸ-ਪੁਸਤਕ ਦਾ ਰੂਪ ਦਿੱਤਾ ਗਿਆ ਹੈ।

ਇਹ ਪਾਠ-ਪੁਸਤਕ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪੰਜਾਬੀ ਵਿਕਾਸ ਕੇਂਦਰ ਦੇ ਵਿਸ਼ਾ-ਮਾਹਰ ਸ੍ਰੀਮਤੀ ਰਾਜਿੰਦਰ ਚੌਹਾਨ ਦੁਆਰਾ, ਡਾਇਰੈਕਟਰ ਅਕਾਦਮਿਕ ਸ੍ਰੀਮਤੀ ਮਨਜੀਤ ਕੌਰ ਦੀ ਅਗਵਾਈ ਹੇਠ ਖੇਤਰ ਦੇ ਮਾਹਰਾਂ ਅਤੇ ਅਧਿਆਪਕਾਂ ਵਿਸ਼ੇਸ਼ ਕਰ ਕੇ ਰਣਬੀਰ ਸਿੰਘ ਵਿਸ਼ਾ ਮਾਹਿਰ ਐੱਸ. ਸੀ. ਈ. ਆਰ. ਟੀ., ਸ. ਸਤਨਾਮ ਸਿੰਘ ਸੰਘੇੜਾ, ਸ੍ਰੀਮਤੀ ਮਨਦੀਪ ਕੌਰ ਸੰਘੇੜਾ, ਸ. ਰਾਜਵੰਤ ਸਿੰਘ ਭੰਗੂ, ਅਤੇ ਸ. ਜਸਵੀਰ ਸਿੰਘ ਲੰਗੜੋਆ ਦੇ ਸਹਿਯੋਗ ਨਾਲ਼ ਤਿਆਰ ਕੀਤੀ ਗਈ ਹੈ। ਉਹਨਾਂ ਸਭਨਾਂ ਲੇਖਕਾਂ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਧੰਨਵਾਦ ਕੀਤਾ ਜਾਂਦਾ ਹੈ, ਜਿਨ੍ਹਾਂ ਦੀਆਂ ਰਚਨਾਵਾਂ ਇਸ ਪਾਠ-ਪੁਸਤਕ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ। ਇਸ ਪੁਤਸਕ ਨੂੰ ਹੋਰ ਵਧੀਆ ਬਣਾਉਣ ਲਈ ਆਏ ਸੁਝਾਵਾਂ ਦਾ ਬੋਰਡ ਵੱਲੋਂ ਸਵਾਗਤ ਕੀਤਾ ਜਾਵੇਗਾ।

**ਚੇਅਰਮੈਨ**
**ਪੰਜਾਬ ਸਕੂਲ ਸਿੱਖਿਆ ਬੋਰਡ**



Downloaded from https:// www.studiestoday.com

Downloaded from https:// www.studiestoday.com

## ਸਿੱਖਣ-ਸਿਖਾਉਣ ਦੀ ਪ੍ਰਕਿਰਿਆ (ਪੰਜਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ)

**ਵਿਭਿੰਨ ਕਿਰਿਆਵਾਂ ਰਾਹੀਂ ਅਜਿਹੇ ਮੌਕੇ ਪੈਦਾ ਕੀਤੇ ਜਾਣ ਕਿ ਵਿਦਿਆਰਥੀ ਸਹੀ ਉਚਾਰਨ, ਦਬਾਅ, ਤਾਨ ਅਤੇ ਵਿਸਰਾਮ-ਚਿੰਨ੍ਹਾਂ ਪ੍ਰਤਿ ਪੂਰੀ ਸਾਵਧਾਨੀ ਵਰਤਦਿਆਂ ਹੋਇਆਂ ਗਤੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ਼ ਬੋਲ ਕੇ ਪੜ੍ਹ ਸਕੇ ਅਤੇ ਲੋੜੀਂਦੀ ਗਤੀ ਨਾਲ਼ ਪੂਰੀ ਤਰ੍ਹਾਂ ਸਮਝਦਿਆਂ ਹੋਇਆਂ ਚੁੱਪ-ਚਾਪ ਮੂੰਹ ਵਿੱਚ ਹੀ ਪੜ੍ਹ ਸਕੇ।**

- ਵਿਦਿਆਰਥੀ ਲਈ ਅਖ਼ਬਾਰ, ਬਾਲ-ਸਾਹਿਤ ਆਦਿ ਮੁਹੱਈਆ ਕਰਾਇਆ ਜਾਵੇ ਜਿਸ ਵਿੱਚੋਂ ਉਹ ਆਪਣੇ ਮਨ-ਪ੍ਰਚਾਵੇ ਲਈ ਚੋਣਵੀਆਂ ਰਚਨਾਵਾਂ ਪੜ੍ਹ ਸਕੇ।
- ਸ਼੍ਰੇਣੀ ਵਿੱਚ ਅਜਿਹਾ ਮਾਹੌਲ ਸਿਰਜਿਆ ਜਾਵੇ ਕਿ ਵਿਦਿਆਰਥੀ ਪਾਠ-ਸਮਗਰੀ ਵਿੱਚੋਂ ਲੋੜ ਅਨੁਸਾਰ ਆਪਣੀ ਪਸੰਦ ਦੀ ਢੁਕਵੀਂ ਸਮਗਰੀ ਦੀ ਚੋਣ ਕਰ ਸਕੇ। ਉਸ ਨੂੰ ਸ਼ਬਦ-ਕੋਸ਼ ਦੀ ਮਹੱਤਤਾ ਤੋਂ ਜਾਣੂੰ ਕਰਾਇਆ ਜਾਵੇ ਅਤੇ ਉਸ ਨੂੰ ਵਰਤਣਾ ਵੀ ਸਿਖਾਇਆ ਜਾਵੇ।
- ਵਿਦਿਆਰਥੀਆਂ ਨੂੰ ਰੌਚਕ ਵਿਧੀਆਂ ਅਤੇ ਸਰਲ ਕਿਰਿਆਵਾਂ ਜਿਵੇਂ ਪੂਰੇ ਹਾਵ-ਭਾਵ ਨਾਲ਼ ਕਹਾਣੀ ਸੁਣਾਉਣਾ ਆਦਿ ਰਾਹੀਂ ਮੌਕੇ ਪ੍ਰਦਾਨ ਕੀਤੇ ਜਾਣ ਤਾਂ ਜੋ ਉਹ ਅਧਿਆਪਕ ਅਤੇ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਗਏ ਪਾਠ ਜਾਂ ਪਾਠ-ਅੰਸ਼ ਨੂੰ ਸੁਣ ਕੇ ਸਮਝ ਸਕੇ।
- ਅਜਿਹੀਆਂ ਕਿਰਿਆਵਾਂ ਕਰਵਾਈਆਂ ਜਾਣ ਕਿ ਵਿਦਿਆਰਥੀ ਸ਼੍ਰੇਣੀ ਜਾਂ ਸਕੂਲ-ਸਭਾ ਵਿੱਚ ਸੁਣਾਏ ਗਏ ਚੁਟਕਲੇ, ਕਹਾਣੀਆਂ, ਕਵਿਤਾਵਾਂ ਅਦਿ ਨੂੰ ਸੁਣ ਕੇ ਸਮਝ ਸਕੇ। ਕਿਸੇ ਦਾ ਬੋਲਿਆ ਹੋਇਆ ਸੁਣ ਕੇ ਉਸ ਵਿੱਚ ਪ੍ਰਗਟਾਏ ਭਾਵਾਂ ਨੂੰ ਸਮਝ ਸਕੇ ਅਤੇ ਟੈਲੀਵੀਜ਼ਨ ਅਤੇ ਰੇਡੀਓ ਤੋਂ ਪ੍ਰਸਾਰਿਤ ਬੱਚਿਆਂ ਦੇ ਪ੍ਰੋਗ੍ਰਾਮ ਆਦਿ ਨੂੰ ਸਮਝ ਸਕੇ।

## ਸਿੱਖਣ ਦੇ ਪਰਿਣਾਮ

**ਵਿਦਿਆਰਥੀ ਸਹੀ ਉਚਾਰਨ, ਦਬਾਅ, ਤਾਨ ਅਤੇ ਵਿਸਰਾਮ-ਚਿੰਨ੍ਹਾਂ ਪ੍ਰਤਿ ਪੂਰੀ ਸਾਵਧਾਨੀ ਵਰਤਦਿਆਂ ਹੋਇਆਂ ਗਤੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ਼ ਬੋਲ ਕੇ ਪੜ੍ਹਦਾ ਹੈ ਅਤੇ ਲੋੜੀਂਦੀ ਗਤੀ ਨਾਲ਼ ਪੂਰੀ ਤਰ੍ਹਾਂ ਸਮਝਦਿਆਂ ਹੋਇਆਂ ਚੁੱਪ-ਚਾਪ (ਮੂੰਹ ਵਿੱਚ ਹੀ) ਵੀ ਪੜ੍ਹਦਾ ਹੈ।**

- ਵਿਦਿਆਰਥੀ ਅਖ਼ਬਾਰ, ਬਾਲ-ਸਾਹਿਤ ਆਦਿ ਵਿੱਚੋਂ ਆਪਣੇ ਮਨ-ਪ੍ਰਚਾਵੇ ਲਈ ਚੋਣਵੀਂਆਂ ਰਚਨਾਵਾਂ ਪੜ੍ਹਦਾ ਹੈ।
- ਵਿਦਿਆਰਥੀ ਪਾਠ-ਸਮਗਰੀ ਵਿੱਚੋਂ ਲੋੜ ਅਨੁਸਾਰ ਆਪਣੀ ਪਸੰਦ ਦੀ ਢੁਕਵੀਂ ਸਮਗਰੀ ਦੀ ਚੋਣ ਕਰਦਾ ਹੈ। ਉਹ ਸ਼ਬਦ-ਕੋਸ਼ ਦੀ ਮਹੱਤਤਾ ਤੋਂ ਜਾਣੂੰ ਹੈ ਅਤੇ ਉਸ ਨੂੰ ਵਰਤਦਾ ਹੈ।
- ਵਿਦਿਆਰਥੀ ਅਧਿਆਪਕ ਅਤੇ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਗਏ ਪਾਠ ਜਾਂ ਪਾਠ-ਅੰਸ਼ ਨੂੰ ਸੁਣ ਕੇ ਸਮਝਦਾ ਹੈ।
- ਵਿਦਿਆਰਥੀ ਸ਼੍ਰੇਣੀ ਜਾਂ ਸਕੂਲ-ਸਭਾ ਵਿੱਚ ਸੁਣਾਏ ਗਏ ਚੁਟਕਲੇ, ਕਹਾਣੀਆਂ, ਕਵਿਤਾਵਾਂ ਆਦਿ ਨੂੰ ਸੁਣ ਕੇ ਸਮਝਦਾ ਹੈ। ਕਿਸੇ ਦਾ ਬੋਲਿਆ ਹੋਇਆ ਸੁਣ ਕੇ ਉਸ ਵਿੱਚ ਪ੍ਰਗਟਾਏ ਭਾਵਾਂ ਨੂੰ ਸਮਝਦਾ ਹੈ ਅਤੇ ਟੈਲੀਵੀਜ਼ਨ ਅਤੇ ਰੇਡੀਓ ਤੋਂ ਪ੍ਰਸਾਰਿਤ ਬੱਚਿਆਂ ਦੇ ਪ੍ਰੋਗ੍ਰਾਮ ਆਦਿ ਨੂੰ ਸਮਝਦਾ ਹੈ।
- ਵਿਦਿਆਰਥੀ ਪਾਠ-ਪੁਸਤਕ ਅਤੇ ਬਾਲ-ਸਾਹਿਤ ਪੜ੍ਹਨ ਉਪਰੰਤ ਉਸ ਸਮਗਰੀ ਵਿੱਚੋਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦੇ ਸਕਦਾ ਹੈ ਅਤੇ ਪੜ੍ਹੀ ਹੋਈ ਸਮਗਰੀ ਬਾਰੇ ਕੋਈ ਪ੍ਰਸ਼ਨ ਪੁੱਛ ਸਕਦਾ ਹੈ।



Downloaded from https:// www.studiestoday.com

Downloaded from https:// www.studiestoday.com

- ਵਿਦਿਆਰਥੀ ਪਾਠ-ਪੁਸਤਕ ਦੇ ਪਾਠ, ਕਿਸੇ ਇਸ਼ਤਿਹਾਰ, ਨੋਟਿਸ ਅਤੇ ਮਾਟੋ ਆਦਿ ਨੂੰ ਪੜ੍ਹ ਕੇ ਉਸ ਦੇ ਭਾਵ ਨੂੰ ਗ੍ਰਹਿਣ ਕਰਦਾ ਹੈ।
- ਸ਼੍ਰੇਣੀ ਵਿੱਚ ਸਰਲ ਕਿਰਿਆਵਾਂ ਅਤੇ ਉਚਿੱਤ ਅਭਿਆਸ ਨਾਲ਼ ਪਾਠ-ਪੁਸਤਕ ਅਤੇ ਬਾਲ-ਸਾਹਿਤ ਪੜ੍ਹਣ ਉਪਰੰਤ ਉਸ ਸਮਗਰੀ ਵਿੱਚੋਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦੇ ਸਕੇ ਅਤੇ ਅਜਿਹੀਆਂ ਕਿਰਿਆਵਾਂ ਵੀ ਕਰਵਾਈਆਂ ਜਾਣ ਜਿਨ੍ਹਾਂ ਵਿੱਚ ਵਿਦਿਆਰਥੀ ਪੜ੍ਹੀ ਹੋਈ ਸਮਗਰੀ ਬਾਰੇ ਕੋਈ ਪ੍ਰਸ਼ਨ ਪੁੱਛ ਸਕੇ।
- ਵਿਦਿਆਰਥੀ ਪਾਠ-ਪੁਸਤਕ ਦੇ ਪਾਠ, ਇਸ਼ਤਿਹਾਰ, ਨੋਟਿਸ ਅਤੇ ਮਾਟੋ ਆਦਿ ਨੂੰ ਪੜ੍ਹ ਕੇ ਉਸ ਦੇ ਭਾਵ ਨੂੰ ਗ੍ਰਹਿਣ ਕਰ ਸਕੇ, ਇਸ ਮਕਸਦ ਲਈ ਭਿੰਨ-ਭਿੰਨ ਵੰਨਗੀਆਂ ਦੀ ਪੜ੍ਹਨ ਸਮਗਰੀ ਅਤੇ ਮੌਕੇ ਵਿਦਿਆਰਥੀਆਂ ਨੂੰ ਦਿੱਤੇ ਜਾਣ।
- ਸ਼੍ਰੇਣੀ ਵਿੱਚ ਅਜਿਹੀਆਂ ਕਿਰਿਆਵਾਂ ਦੀ ਰਚਨਾ ਕੀਤੀ ਜਾਵੇ ਜਿਨ੍ਹਾਂ ਰਾਹੀਂ ਵਿਸਰਾਮ-ਚਿੰਨ੍ਹਾਂ ਨੂੰ ਸਮਝਦੇ ਹੋਏ ਲਿਖਤ ਵਿੱਚ ਪ੍ਰਗਟਾਏ ਹੈਰਾਨੀ ਅਤੇ ਖ਼ੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕੇ।
- ਸ਼੍ਰੇਣੀ ਅਤੇ ਸਕੂਲ-ਸਭਾ ਵਿੱਚ ਅਜਿਹੇ ਮੌਕੇ ਪੈਦਾ ਕੀਤੇ ਜਾਣ ਜਿਨ੍ਹਾਂ ਨਾਲ਼ ਵਿਦਿਆਰਥੀ ਦਾ ਆਦਰ-ਭਾਵ ਅਤੇ ਠਰ੍ਹੰਮੇ ਨਾਲ਼ ਬੋਲਣ ਦਾ ਅਭਿਆਸ ਹੋਵੇ। ਉਹ ਗੱਲ-ਬਾਤ ਵਿੱਚ ਹਿੱਸਾ ਲੈ ਸਕੇ ਅਤੇ ਉਸ ਨੂੰ ਨਾਟਕੀ ਰੂਪ ਦੇ ਸਕੇ।
- ਵਿਦਿਆਰਥੀ ਨੂੰ ਸਹੀ ਉਚਾਰਨ, ਦਬਾਅ, ਤਾਨ, ਗਤੀ ਅਤੇ ਸੌਖ ਨਾਲ਼ ਪ੍ਰਮਾਣਿਕ ਪੰਜਾਬੀ ਬੋਲਣ ਅਤੇ ਪੜ੍ਹੀ ਜਾਂ ਸੁਣੀ ਗਈ ਸਮਗਰੀ ਵਿੱਚੋਂ ਉੱਤਰ ਦੇ ਸਕਣ ਦਾ ਅਭਿਆਸ ਕਰਾਉਣ ਲਈ ਵੱਖ-ਵੱਖ ਕਿਰਿਆਵਾਂ ਕਰਵਾਈਆਂ ਜਾਣ ਤਾਂ-ਜੋ ਵਿਦਿਆਰਥੀ ਦੇ ਜ਼ਿਹਨ ਵਿੱਚ ਇਹਨਾਂ ਦੇ ਮਹੱਤਵ ਦੀ ਸਮਝ ਪਕੇਰੀ ਹੋ ਸਕੇ।
- ਵਿਦਿਆਰਥੀ ਨੂੰ ਸ਼ਬਦਾਂ, ਵਾਕਾਂ, ਪੈਰਿਆਂ ਨੂੰ ਸੁਣ ਕੇ ਲਿਖਣ ਦਾ ਅਭਿਆਸ ਕਰਾਇਆ ਜਾਵੇ ਤਾਂ ਜੋਂ ਉਹ ਲੋੜੀਂਦੀ ਗਤੀ ਨਾਲ਼ ਲਿਖਣ ਦੇ ਯੋਗ ਹੋ ਸਕੇ। ਉਹ ਪਾਠ-ਪੁਸਤਕ ਵਿਚਲੇ ਪਾਠਾਂ ਬਾਰੇ ਪੁੱਛੇ ਗਏ। ਸਵਾਲਾਂ ਦੇ ਉੱਤਰ ਆਪਣੀਆਂ ਕਾਪੀਆਂ ਅਤੇ ਬਲੈਕ-ਬੋਰਡ ਉੱਤੇ ਲਿਖ ਸਕੇ।
- ਵਿਦਿਆਰਥੀ ਵਿਸਰਾਮ-ਚਿਨ੍ਹਾਂ ਨੂੰ ਸਮਝਦੇ ਹੋਏ ਲਿਖਤ ਵਿੱਚ ਪ੍ਰਗਟਾਏ ਹੈਰਾਨੀ ਅਤੇ ਖ਼ੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕਦਾ ਹੈ।
- ਵਿਦਿਆਰਥੀ ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਲਿੰਗ, ਵਚਨ ਆਦਿ ਵਿਆਕਰਨਿਕ ਭੇਦਾਂ ਵਿਚਲੇ ਨਿਖੇੜ ਨੂੰ ਸਮਝ ਸਕਦਾ ਹੈ।
- ਵਿਦਿਆਰਥੀ ਆਦਰ-ਭਾਵ ਅਤੇ ਠਰ੍ਹੰਮੇ ਨਾਲ਼ ਬੋਲਦਾ ਹੈ। ਉਹ ਗੱਲ-ਬਾਤ ਵਿੱਚ ਹਿੱਸਾ ਲੈਂਦਾ ਹੈ ਅਤੇ ਉਸ ਨੂੰ ਨਾਟਕੀ ਰੂਪ ਦੇ ਸਕਦਾ ਹੈ।
- ਵਿਦਿਆਰਥੀ ਸਹੀ-ਉਚਾਰਨ, ਦਬਾਅ, ਤਾਨ, ਗਤੀ ਅਤੇ ਸੌਖ ਨਾਲ਼ ਪ੍ਰਮਾਣਿਕ-ਪੰਜਾਬੀ ਬੋਲਦਾ ਹੈ ਅਤੇ ਪੜ੍ਹੀ ਜਾਂ ਸੁਣੀ ਗਈ ਸਮਗਰੀ ਵਿੱਚੋਂ ਉੱਤਰ ਦੇ ਸਕਦਾ ਹੈ।
- ਵਿਦਿਆਰਥੀ ਲਿਖਣ ਵੇਲ਼ੇ ਪੂਰਨ ਵਿਸਰਾਮ ਚਿੰਨ੍ਹ, ਪ੍ਰਸ਼ਨ ਵਾਚਕ ਚਿੰਨ੍ਹ, ਵਿਸਮਿਕ, ਚਿੰਨ੍ਹ, ਆਦਿ ਦੀ ਢੁਕਵੀਂ ਵਰਤੋਂ ਕਰ ਸਕਦਾ ਹੈ।
- ਵਿਦਿਆਰਥੀ ਪਿਕਨਿਕ, ਮੇਲਾ, ਤਿਉਹਾਰ, ਰੁੱਤ ਆਦਿ ਅਤੇ ਹੋਰ ਜਾਣੇ-ਪਛਾਣੇ ਵਿਸ਼ਿਆਂ ਉੱਤੇ ਪੈਰੇ ਜਾਂ ਲੇਖ ਲਿਖ ਸਕਦਾ ਹੈ।
- ਵਿਦਿਆਰਥੀ ਵੱਖ-ਵੱਖ ਵਿਸ਼ਿਆਂ, ਜਿਵੇਂ ਜ਼ਰੂਰੀ ਕੰਮ ਲਈ ਛੁੱਟੀ ਦੀ ਅਰਜ਼ੀ, ਵਿਆਹ 'ਤੇ ਜਾਣ ਲਈ ਛੁੱਟੀ ਦੀ ਅਰਜ਼ੀ, ਸਕੂਲ ਛੱਡਣ ਦਾ ਸਰਟੀਫ਼ਿਕੇਟ ਲੈਣ ਦੀ ਅਰਜ਼ੀ ਲਾਊਡ-ਸਪੀਕਰ ਦੀ ਅਵਾਜ਼ ਘੱਟ ਕਰਾਉਣ ਲਈ ਅਰਜ਼ੀ ਅਤੇ ਸਧਾਰਨ ਚਿੱਠੀ-ਪੱਤਰ ਲਿਖ ਸਕਦਾ ਹੈ।



Downloaded from https:// www.studiestoday.com

Downloaded from https:// www.studiestoday.com

- ਵਿਦਿਆਰਥੀ ਰਚਨਾਤਮਿਕ ਅਭਿਆਸ ਲਈ ਅਤੇ ਦਿੱਤੀ ਸਮਗਰੀ ਨੂੰ ਲੋੜੀਂਦੀ ਤਰਤੀਬ ਵਿੱਚ ਵੀ ਲਿਖ ਸਕੇ।
- ਵਿਦਿਆਰਥੀ ਨੂੰ ਅਭਿਆਸ ਦੇ ਅਜਿਹੇ ਮੌਕੇ ਪ੍ਰਦਾਨ ਕੀਤੇ ਜਾਣ ਕਿ ਉਹ ਲਿਖਣ ਵੇਲ਼ੇ ਪੂਰਨ ਵਿਸ਼ਰਾਮ-ਚਿੰਨ੍ਹ, ਪ੍ਰਸ਼ਨ ਵਾਚਕ ਚਿੰਨ੍ਹ, ਵਿਸਮਿਕ ਚਿੰਨ੍ਹ, ਜੋੜਨੀ ਆਦਿ ਦੀ ਢੁਕਵੀਂ ਵਰਤੋਂ ਕਰਨ ਦੇ ਯੋਗ ਹੋ ਸਕੇ।
- ਵਿਦਿਆਰਥੀ ਨੂੰ ਲਿਖਤ-ਰਚਨਾ, ਮੁਕਾਬਲਿਆਂ ਅਤੇ ਪ੍ਰੇਰਨਾ ਆਦਿ ਰਾਹੀਂ ਅਜਿਹੇ ਮੌਕੇ ਦਿੱਤੇ ਜਾਣ ਕਿ ਉਹ ਪਿਕਨਿਕ, ਮੇਲਾ, ਤਿਉਹਾਰ, ਰੁੱਤ ਆਦਿ ਅਤੇ ਹੋਰ ਜਾਣੇ-ਪਛਾਣੇ ਵਿਸ਼ਿਆਂ ਉੱਤੇ ਪੈਰੇ ਜਾਂ ਲੇਖ ਲਿਖ ਸਕੇ।
- ਵਿਦਿਆਰਥੀ ਰਚਨਾਤਮਿਕ ਅਭਿਆਸ ਲਈ ਸਰਲ-ਭਾਂਤ ਦੀ ਤੁਕਬੰਦੀ, ਦਿੱਤੇ ਗਏ ਸੰਕੇਤਾਂ ਦੇ ਆਧਾਰ 'ਤੇ ਕਹਾਣੀ, ਵਾਰਤਾਲਾਪ ਅਤੇ ਲੇਖ ਆਦਿ ਲਿਖ ਸਕੇ।
- ਉਹ ਦਿੱਤੇ ਗਏ ਸ਼ਬਦਾਂ ਦੇ ਲਿੰਗ, ਵਚਨ, ਵਿਰੋਧਾਰਥਕ ਜਾਂ ਸਮਾਨਾਰਥਕ ਸ਼ਬਦ, ਗ਼ਲਤ ਜੋੜਾਂ ਵਾਲ਼ੇ ਸ਼ਬਦਾਂ ਦਾ ਸ਼ੁੱਧ ਰੂਪ ਲਿਖ ਸਕੇ।
- ਵਿਦਿਆਰਥੀਆਂ ਨੂੰ ਬਜ਼ੁਰਗਾਂ ਨਾਲ਼ ਗੱਲ-ਬਾਤ ਲਈ ਪ੍ਰੇਰਦੇ ਹੋਏ ਉਹਨਾਂ ਨੂੰ ਬਜ਼ੁਰਗਾਂ ਪਾਸੋਂ ਮੁਹਾਵਰੇ ਤੇ ਅਖਾਣਾਂ ਬਾਰੇ ਜਾਣਨ ਲਈ ਕਿਹਾ ਜਾਵੇ।
- ਵਿਦਿਆਰਥੀ ਨਿਯਤ ਪਾਠ-ਪੁਸਤਕ ਵਿੱਚ ਸ਼ਾਮਲ ਕਵਿਤਾਵਾਂ ਵਿੱਚੋਂ ਕੋਈ ਤਿੰਨ ਕਵਿਤਾਵਾਂ ਦੇ ਨਾਂ ਦੇ ਕੇ ਕਿਸੇ ਇੱਕ ਕਵਿਤਾ ਦੀਆਂ ਚਾਰ ਸਤਰਾਂ ਲਿਖਣ ਲਈ ਕਹੇ ਜਾਣ 'ਤੇ ਲਿਖ ਸਕਦਾ ਹੈ, ਕਵਿਤਾ ਦੀਆਂ ਅਧੂਰੀਆਂ ਸਤਰਾਂ ਪੂਰੀਆਂ ਕਰ ਸਕਦਾ ਹੈ ਅਤੇ ਦਿੱਤੀ ਗਈ ਸਤਰ ਨਾਲ਼ ਮਿਲ਼ਦੀ ਸਤਰ ਲਿਖ ਸਕਦਾ ਹੈ।
- ਵਿਦਿਆਰਥੀ ਪੰਜਾਬ ਦੀਆਂ ਮਹਾਨ ਸ਼ਖ਼ਸੀਅਤਾਂ ਜਿਵੇਂ ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਮਾਤਾ ਗੁਜਰੀ ਜੀ, ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਅਜੀਤ ਸਿੰਘ, ਮਹਾਰਾਜਾ ਰਣਜੀਤ ਸਿੰਘ ਅਤੇ ਪੁਲਾੜ-ਯਾਤਰੀ ਬਾਰੇ ਪੜ੍ਹਦਾ ਹੈ ਅਤੇ ਉਹਨਾਂ ਦੇ ਪਦ-ਚਿੰਨ੍ਹਾਂ 'ਤੇ ਚੱਲ ਕੇ ਜ਼ਿੰਦਗੀ ਵਿੱਚ ਪ੍ਰਗਤੀ ਲਈ ਯਤਨ ਕਰਦਾ ਹੈ।
- ਵਿਦਿਆਰਥੀ ਕਵਿਤਾਵਾਂ ਨੂੰ ਗਾਉਂਦਾ ਹੈ ਜਿਸ ਨਾਲ਼ ਉਸ ਦੇ ਮਨ ਵਿੱਚ ਸੁਰ, ਤਾਲ ਅਤੇ ਲੈਅ ਪ੍ਰਤਿ ਆਕਰਸ਼ਨ ਪੈਦਾ ਹੁੰਦਾ ਹੈ, ਉਸ ਦੀ ਸੰਗੀਤਿਕ ਸਮਝ ਦਾ ਵਿਕਾਸ ਹੁੰਦਾ ਹੈ।
- ਰੌਚਕ ਕਹਾਣੀਆਂ, ਕਵਿਤਾਵਾਂ, ਅਤੇ ਲੇਖ ਪੜ੍ਹ ਕੇ ਵਿਦਿਆਰਥੀ ਦੇ ਮਨ ਵਿੱਚ ਖ਼ੁਦ ਵੀ ਸਾਹਿਤ ਸਿਰਜਣ ਦਾ ਜਜ਼ਬਾ ਪੈਦਾ ਹੁੰਦਾ ਹੈ।
- ਵਿਦਿਆਰਥੀ ਦੇ ਸ਼ਬਦ ਭੰਡਾਰ ਵਿੱਚ ਵਾਧਾ ਹੁੰਦਾ ਹੈ, ਮੁਹਾਵਰਿਆਂ ਦੇ ਮਹੱਤਵ ਤੋਂ ਜਾਣੂ ਹੁੰਦਿਆਂ ਵਿਦਿਆਰਥੀ ਦੀ ਭਾਸ਼ਾਈ ਸਮਰੱਥਾ ਵਿੱਚ ਨਿਖਾਰ ਆਉਂਦਾ ਹੈ।



Downloaded from https:// www.studiestoday.com

Downloaded from https:// www.studiestoday.com

# ਤਤਕਰਾ


| ਲੜੀ ਨੰ. | ਪਾਠ | | ਲੇਖਕ | ਪੰਨਾ |
|---|---|---|---|---|
| 1 | ਮੇਰਾ ਹਿੰਦੁਸਤਾਨ | ਕਵਿਤਾ | ਪ੍ਰੋ. ਜੋਗਾ ਸਿੰਘ | 1 |
| 2 | ਗਤਕਾ | ਲੇਖ | ਪ੍ਰਿੰ. ਸਰਵਣ ਸਿੰਘ | 7 |
| 3 | ਬਾਰਾਂਮਾਹਾ | ਕਵਿਤਾ | ਮਹਿੰਦਰ ਸਿੰਘ ਮਾਨੂੰਪੁਰੀ | 14 |
| 4 | ਸ਼ਹੀਦ ਊਧਮ ਸਿੰਘ | ਜੀਵਨੀ | ਡਾ. ਜੇ. ਐੱਸ. ਗਰੇਵਾਲ | 20 |
| 5 | ਸਿਆਣੀ ਗੱਲ | ਕਹਾਣੀ | ਪ੍ਰੇਮ ਗੋਰਖੀ | 27 |
| 6 | ਆਓ ਰਲ਼-ਮਿਲ਼ ਰੁੱਖ ਲਗਾਈਏ | ਕਵਿਤਾ | ਜਸਵੀਰ ਸਿੰਘ ਲੰਗੜੋਆ | 33 |
| 7 | ਸਤਰੰਗੀ ਤਿਤਲੀ | ਕਹਾਣੀ | ਜਸਬੀਰ ਭੁੱਲਰ | 39 |
| 8 | ਚਿੜੀਆ-ਘਰ | ਕਵਿਤਾ | ਡਾ. ਸਰਬਜੀਤ ਬੇਦੀ | 46 |
| 9 | ਸੁੰਢ ਤੇ ਹਲ਼ਦੀ | ਕਹਾਣੀ | ਡਾ. ਵਣਜਾਰਾ ਬੇਦੀ | 54 |
| 10 | ਬੋਲੀ ਹੈ ਪੰਜਾਬੀ ਸਾਡੀ | ਕਵਿਤਾ | ਧਨੀ ਰਾਮ ਚਾਤ੍ਰਿਕ | 64 |
| 11 | ਚਿੜੀ, ਰੁੱਖ, ਬਿੱਲੀ ਤੇ ਸੱਪ | ਕਹਾਣੀ | ਬੀਬੀ ਸੁਖਵੰਤ ਕੌਰ ਮਾਨ | 70 |
| 12 | ਸੱਚੀ ਮਿੱਤਰਤਾ | ਕਾਵਿ-ਕਹਾਣੀ | ਜਸਵੰਤ ਸਿੰਘ ਕੈਲਵੀ | 78 |
| 13 | ਫੁਲਕਾਰੀ-ਕਲਾ | ਲੇਖ | ਅਮਰਜੀਤ ਕੌਰ ਵਿਰਕ | 85 |
| 14 | ਦਾਦੀ ਦੀ ਪੋਤਿਆਂ ਨੂੰ ਨਸੀਹਤ | ਕਵਿਤਾ | ਸਵਰਨ 'ਹੁਸ਼ਿਆਰਪੁਰੀ' | 94 |
| 15 | ਰੇਸ਼ਮ ਦਾ ਕੀੜਾ | ਲੇਖ | ਜਸਬੀਰ ਕੌਰ | 100 |
| 16 | ਸਾਡਾ ਪਾਰਸ ਸਾਡਾ ਪਾਤਸ਼ਾਹ | ਇਕਾਂਗੀ | ਕੇਵਲ ਧਾਲੀਵਾਲ | 106 |
| 17 | ਹਿੰਦਵਾਸੀਆਂ ਨੂੰ ਅੰਤਿਮ ਸੰਦੇਸ਼ | ਕਵਿਤਾ | ਸ਼ਹੀਦ ਕਰਤਾਰ ਸਿੰਘ ਸਰਾਭਾ | 117 |
| 18 | ਕਹੀ ਹੱਸ ਪਈ | ਕਹਾਣੀ | ਡਾ. ਹਰਨੇਕ ਸਿੰਘ ਕਲੇਰ | 123 |
| 19 | ਪੁਲਾੜ ਯਾਤਰੀ : ਕਲਪਨਾ ਚਾਵਲਾ | ਜੀਵਨੀ | ਡਾ. ਕੁਲਦੀਪ ਸਿੰਘ ਧੀਰ | 132 |
| 20 | ਸਾਰਾਗੜ੍ਹੀ ਦੀ ਲੜਾਈ | ਕਵਿਤਾ (ਬੈਂਤ-ਛੰਦ) | ਡਾ. ਹਰੀ ਸਿੰਘ ਜਾਚਕ | 138 |
| 21 | ਅਸਲੀ ਸਿੱਖਿਆ | ਕਹਾਣੀ | ਗੁਲ ਚੌਹਾਨ | 143 |




Downloaded from https:// www.studiestoday.com

Downloaded from https:// www.studiestoday.com



Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

# ਪੰਜਾਬੀ ਪੁਸਤਕ-5

## ਪੰਜਵੀਂ ਸ਼੍ਰੇਣੀ

ਪਹਿਲੀ ਭਾਸ਼ਾ

ਸਰਵ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ



Downloaded from https:// www.studiestoday.com

Downloaded from https:// www.studiestoday.com

© ਪੰਜਾਬ ਸਰਕਾਰ

ਪਹਿਲਾ ਐਡੀਸ਼ਨ 2018 .................. 2,07,618 ਕਾਪੀਆਂ

All rights, including those of translation, reproduction
and annotation etc., are reserved by
the Punjab Government.

**ਚਿਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

ਸਰਵ ਸਿੱਖਿਆ ਅਭਿਆਨ
ਪੜ੍ਹੋ ਸਾਰੇ ਵਧੋ ਸਾਰੇ
ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

ਮੁੱਲ : ........

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ- 160002
ਰਾਹੀਂ ਪ੍ਰਕਾਸ਼ਿਤ ਅਤੇ ਮੈਸ : ਬ੍ਰਾਈਟ ਪ੍ਰਿੰਟਰਜ਼ ਜਲੰਧਰ ਸ਼ਹਿਰ।



Downloaded from https:// www.studiestoday.com

Downloaded from https:// www.studiestoday.com

# ਦੋ ਸ਼ਬਦ

ਪੰਜਾਬ ਦੀ ਰਾਜ-ਭਾਸ਼ਾ ਹੋਣ ਸਦਕਾ ਪੰਜਾਬੀ ਨੂੰ ਰਾਜ ਦੇ ਸਕੂਲ ਸਿੱਖਿਆ-ਕ੍ਰਮ ਵਿੱਚ ਇੱਕ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਮੁੱਢ ਤੋਂ ਹੀ ਇਸ ਦੇ ਵਿਕਾਸ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਰਹੇ ਹਨ। ਇਸ ਸਿਲਸਿਲੇ ਵਿੱਚ ਬੋਰਡ ਦੁਆਰਾ ਰਾਜ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਸਮੇਂ-ਸਮੇਂ 'ਤੇ ਪਾਠ-ਕ੍ਰਮਾਂ ਅਤੇ ਪਾਠ-ਪੁਸਤਕਾਂ ਨੂੰ ਨਵਿਆਇਆ ਜਾਂਦਾ ਹੈ।

ਹਥਲੀ ਪਾਠ-ਪੁਸਤਕ ਪੰਜਵੀ ਸ਼੍ਰੇਣੀ (ਪਹਿਲੀ-ਭਾਸ਼ਾ) ਦੇ ਵਿਦਿਆਰਥੀਆਂ ਲਈ ਐੱਨ.ਸੀ.ਐੱਫ. 2005 ਅਤੇ ਪੀ.ਸੀ.ਐੱਫ. 2013 ਦੀਆਂ ਸਿਫ਼ਾਰਸ਼ਾਂ ਨੂੰ ਮੱਦੇਨਜ਼ਰ ਰੱਖਦਿਆਂ ਤਿਆਰ ਕੀਤੀ ਗਈ ਹੈ। ਇਸ ਪੁਸਤਕ ਨੂੰ ਤਿਆਰ ਕਰਦੇ ਸਮੇਂ ਛੋਟੇ ਬੱਚਿਆਂ ਦੀਆਂ ਰੁਚੀਆਂ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਇਸ ਲਈ ਇਸ ਪੁਸਤਕ ਵਿੱਚ ਕਵਿਤਾਵਾਂ, ਕਹਾਣੀਆਂ, ਜੀਵਨੀਆਂ, ਲੇਖ ਅਤੇ ਵਾਰਤਾਲਾਪ ਵਾਲ਼ੇ ਪਾਠ ਸ਼ਾਮਲ ਕਰਕੇ ਸੁੰਦਰ ਚਿੱਤਰਾਂ ਰਾਹੀਂ ਇਸ ਨੂੰ ਮਨਮੋਹਣਾ ਬਣਾਉਣ ਦਾ ਯਤਨ ਕੀਤਾ ਗਿਆ ਹੈ। ਬੱਚਿਆਂ ਦੀ ਸਹੂਲਤ ਲਈ ਇਸ ਪੁਸਤਕ ਦੇ ਪਾਠ-ਅਭਿਆਸਾਂ ਨੂੰ ਹੱਲ ਕਰਨ ਲਈ ਅਭਿਆਸ-ਪੁਸਤਕ ਦਾ ਰੂਪ ਦਿੱਤਾ ਗਿਆ ਹੈ।

ਇਹ ਪਾਠ-ਪੁਸਤਕ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪੰਜਾਬੀ ਵਿਕਾਸ ਕੇਂਦਰ ਦੇ ਵਿਸ਼ਾ-ਮਾਹਰ ਸ੍ਰੀਮਤੀ ਰਾਜਿੰਦਰ ਚੌਹਾਨ ਦੁਆਰਾ, ਡਾਇਰੈਕਟਰ ਅਕਾਦਮਿਕ ਸ੍ਰੀਮਤੀ ਮਨਜੀਤ ਕੌਰ ਦੀ ਅਗਵਾਈ ਹੇਠ ਖੇਤਰ ਦੇ ਮਾਹਰਾਂ ਅਤੇ ਅਧਿਆਪਕਾਂ ਵਿਸ਼ੇਸ਼ ਕਰ ਕੇ ਰਣਬੀਰ ਸਿੰਘ ਵਿਸ਼ਾ ਮਾਹਿਰ ਐੱਸ. ਸੀ. ਈ. ਆਰ. ਟੀ., ਸ. ਸਤਨਾਮ ਸਿੰਘ ਸੰਘੇੜਾ, ਸ੍ਰੀਮਤੀ ਮਨਦੀਪ ਕੌਰ ਸੰਘੇੜਾ, ਸ. ਰਾਜਵੰਤ ਸਿੰਘ ਭੰਗੂ, ਅਤੇ ਸ. ਜਸਵੀਰ ਸਿੰਘ ਲੰਗੜੋਆ ਦੇ ਸਹਿਯੋਗ ਨਾਲ਼ ਤਿਆਰ ਕੀਤੀ ਗਈ ਹੈ। ਉਹਨਾਂ ਸਭਨਾਂ ਲੇਖਕਾਂ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਧੰਨਵਾਦ ਕੀਤਾ ਜਾਂਦਾ ਹੈ, ਜਿਨ੍ਹਾਂ ਦੀਆਂ ਰਚਨਾਵਾਂ ਇਸ ਪਾਠ-ਪੁਸਤਕ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ। ਇਸ ਪੁਤਸਕ ਨੂੰ ਹੋਰ ਵਧੀਆ ਬਣਾਉਣ ਲਈ ਆਏ ਸੁਝਾਵਾਂ ਦਾ ਬੋਰਡ ਵੱਲੋਂ ਸਵਾਗਤ ਕੀਤਾ ਜਾਵੇਗਾ।

**ਚੇਅਰਮੈਨ**
**ਪੰਜਾਬ ਸਕੂਲ ਸਿੱਖਿਆ ਬੋਰਡ**



Downloaded from https:// www.studiestoday.com

Downloaded from https:// www.studiestoday.com

## ਸਿੱਖਣ-ਸਿਖਾਉਣ ਦੀ ਪ੍ਰਕਿਰਿਆ (ਪੰਜਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ)

**ਵਿਭਿੰਨ ਕਿਰਿਆਵਾਂ ਰਾਹੀਂ ਅਜਿਹੇ ਮੌਕੇ ਪੈਦਾ ਕੀਤੇ ਜਾਣ ਕਿ ਵਿਦਿਆਰਥੀ ਸਹੀ ਉਚਾਰਨ, ਦਬਾਅ, ਤਾਨ ਅਤੇ ਵਿਸਰਾਮ-ਚਿੰਨ੍ਹਾਂ ਪ੍ਰਤਿ ਪੂਰੀ ਸਾਵਧਾਨੀ ਵਰਤਦਿਆਂ ਹੋਇਆਂ ਗਤੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ਼ ਬੋਲ ਕੇ ਪੜ੍ਹ ਸਕੇ ਅਤੇ ਲੋੜੀਂਦੀ ਗਤੀ ਨਾਲ਼ ਪੂਰੀ ਤਰ੍ਹਾਂ ਸਮਝਦਿਆਂ ਹੋਇਆਂ ਚੁੱਪ-ਚਾਪ ਮੂੰਹ ਵਿੱਚ ਹੀ ਪੜ੍ਹ ਸਕੇ।**

- ਵਿਦਿਆਰਥੀ ਲਈ ਅਖ਼ਬਾਰ, ਬਾਲ-ਸਾਹਿਤ ਆਦਿ ਮੁਹੱਈਆ ਕਰਾਇਆ ਜਾਵੇ ਜਿਸ ਵਿੱਚੋਂ ਉਹ ਆਪਣੇ ਮਨ-ਪ੍ਰਚਾਵੇ ਲਈ ਚੋਣਵੀਆਂ ਰਚਨਾਵਾਂ ਪੜ੍ਹ ਸਕੇ।
- ਸ਼੍ਰੇਣੀ ਵਿੱਚ ਅਜਿਹਾ ਮਾਹੌਲ ਸਿਰਜਿਆ ਜਾਵੇ ਕਿ ਵਿਦਿਆਰਥੀ ਪਾਠ-ਸਮਗਰੀ ਵਿੱਚੋਂ ਲੋੜ ਅਨੁਸਾਰ ਆਪਣੀ ਪਸੰਦ ਦੀ ਢੁਕਵੀਂ ਸਮਗਰੀ ਦੀ ਚੋਣ ਕਰ ਸਕੇ। ਉਸ ਨੂੰ ਸ਼ਬਦ-ਕੋਸ਼ ਦੀ ਮਹੱਤਤਾ ਤੋਂ ਜਾਣੂੰ ਕਰਾਇਆ ਜਾਵੇ ਅਤੇ ਉਸ ਨੂੰ ਵਰਤਣਾ ਵੀ ਸਿਖਾਇਆ ਜਾਵੇ।
- ਵਿਦਿਆਰਥੀਆਂ ਨੂੰ ਰੌਚਕ ਵਿਧੀਆਂ ਅਤੇ ਸਰਲ ਕਿਰਿਆਵਾਂ ਜਿਵੇਂ ਪੂਰੇ ਹਾਵ-ਭਾਵ ਨਾਲ਼ ਕਹਾਣੀ ਸੁਣਾਉਣਾ ਆਦਿ ਰਾਹੀਂ ਮੌਕੇ ਪ੍ਰਦਾਨ ਕੀਤੇ ਜਾਣ ਤਾਂ ਜੋ ਉਹ ਅਧਿਆਪਕ ਅਤੇ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਗਏ ਪਾਠ ਜਾਂ ਪਾਠ-ਅੰਸ਼ ਨੂੰ ਸੁਣ ਕੇ ਸਮਝ ਸਕੇ।
- ਅਜਿਹੀਆਂ ਕਿਰਿਆਵਾਂ ਕਰਵਾਈਆਂ ਜਾਣ ਕਿ ਵਿਦਿਆਰਥੀ ਸ਼੍ਰੇਣੀ ਜਾਂ ਸਕੂਲ-ਸਭਾ ਵਿੱਚ ਸੁਣਾਏ ਗਏ ਚੁਟਕਲੇ, ਕਹਾਣੀਆਂ, ਕਵਿਤਾਵਾਂ ਅਦਿ ਨੂੰ ਸੁਣ ਕੇ ਸਮਝ ਸਕੇ। ਕਿਸੇ ਦਾ ਬੋਲਿਆ ਹੋਇਆ ਸੁਣ ਕੇ ਉਸ ਵਿੱਚ ਪ੍ਰਗਟਾਏ ਭਾਵਾਂ ਨੂੰ ਸਮਝ ਸਕੇ ਅਤੇ ਟੈਲੀਵੀਜ਼ਨ ਅਤੇ ਰੇਡੀਓ ਤੋਂ ਪ੍ਰਸਾਰਿਤ ਬੱਚਿਆਂ ਦੇ ਪ੍ਰੋਗ੍ਰਾਮ ਆਦਿ ਨੂੰ ਸਮਝ ਸਕੇ।

## ਸਿੱਖਣ ਦੇ ਪਰਿਣਾਮ

**ਵਿਦਿਆਰਥੀ ਸਹੀ ਉਚਾਰਨ, ਦਬਾਅ, ਤਾਨ ਅਤੇ ਵਿਸਰਾਮ-ਚਿੰਨ੍ਹਾਂ ਪ੍ਰਤਿ ਪੂਰੀ ਸਾਵਧਾਨੀ ਵਰਤਦਿਆਂ ਹੋਇਆਂ ਗਤੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ਼ ਬੋਲ ਕੇ ਪੜ੍ਹਦਾ ਹੈ ਅਤੇ ਲੋੜੀਂਦੀ ਗਤੀ ਨਾਲ਼ ਪੂਰੀ ਤਰ੍ਹਾਂ ਸਮਝਦਿਆਂ ਹੋਇਆਂ ਚੁੱਪ-ਚਾਪ (ਮੂੰਹ ਵਿੱਚ ਹੀ) ਵੀ ਪੜ੍ਹਦਾ ਹੈ।**

- ਵਿਦਿਆਰਥੀ ਅਖ਼ਬਾਰ, ਬਾਲ-ਸਾਹਿਤ ਆਦਿ ਵਿੱਚੋਂ ਆਪਣੇ ਮਨ-ਪ੍ਰਚਾਵੇ ਲਈ ਚੋਣਵੀਂਆਂ ਰਚਨਾਵਾਂ ਪੜ੍ਹਦਾ ਹੈ।
- ਵਿਦਿਆਰਥੀ ਪਾਠ-ਸਮਗਰੀ ਵਿੱਚੋਂ ਲੋੜ ਅਨੁਸਾਰ ਆਪਣੀ ਪਸੰਦ ਦੀ ਢੁਕਵੀਂ ਸਮਗਰੀ ਦੀ ਚੋਣ ਕਰਦਾ ਹੈ। ਉਹ ਸ਼ਬਦ-ਕੋਸ਼ ਦੀ ਮਹੱਤਤਾ ਤੋਂ ਜਾਣੂੰ ਹੈ ਅਤੇ ਉਸ ਨੂੰ ਵਰਤਦਾ ਹੈ।
- ਵਿਦਿਆਰਥੀ ਅਧਿਆਪਕ ਅਤੇ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਗਏ ਪਾਠ ਜਾਂ ਪਾਠ-ਅੰਸ਼ ਨੂੰ ਸੁਣ ਕੇ ਸਮਝਦਾ ਹੈ।
- ਵਿਦਿਆਰਥੀ ਸ਼੍ਰੇਣੀ ਜਾਂ ਸਕੂਲ-ਸਭਾ ਵਿੱਚ ਸੁਣਾਏ ਗਏ ਚੁਟਕਲੇ, ਕਹਾਣੀਆਂ, ਕਵਿਤਾਵਾਂ ਆਦਿ ਨੂੰ ਸੁਣ ਕੇ ਸਮਝਦਾ ਹੈ। ਕਿਸੇ ਦਾ ਬੋਲਿਆ ਹੋਇਆ ਸੁਣ ਕੇ ਉਸ ਵਿੱਚ ਪ੍ਰਗਟਾਏ ਭਾਵਾਂ ਨੂੰ ਸਮਝਦਾ ਹੈ ਅਤੇ ਟੈਲੀਵੀਜ਼ਨ ਅਤੇ ਰੇਡੀਓ ਤੋਂ ਪ੍ਰਸਾਰਿਤ ਬੱਚਿਆਂ ਦੇ ਪ੍ਰੋਗ੍ਰਾਮ ਆਦਿ ਨੂੰ ਸਮਝਦਾ ਹੈ।
- ਵਿਦਿਆਰਥੀ ਪਾਠ-ਪੁਸਤਕ ਅਤੇ ਬਾਲ-ਸਾਹਿਤ ਪੜ੍ਹਨ ਉਪਰੰਤ ਉਸ ਸਮਗਰੀ ਵਿੱਚੋਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦੇ ਸਕਦਾ ਹੈ ਅਤੇ ਪੜ੍ਹੀ ਹੋਈ ਸਮਗਰੀ ਬਾਰੇ ਕੋਈ ਪ੍ਰਸ਼ਨ ਪੁੱਛ ਸਕਦਾ ਹੈ।



Downloaded from https:// www.studiestoday.com

Downloaded from https:// www.studiestoday.com

- ਵਿਦਿਆਰਥੀ ਪਾਠ-ਪੁਸਤਕ ਦੇ ਪਾਠ, ਕਿਸੇ ਇਸ਼ਤਿਹਾਰ, ਨੋਟਿਸ ਅਤੇ ਮਾਟੋ ਆਦਿ ਨੂੰ ਪੜ੍ਹ ਕੇ ਉਸ ਦੇ ਭਾਵ ਨੂੰ ਗ੍ਰਹਿਣ ਕਰਦਾ ਹੈ।
- ਸ਼੍ਰੇਣੀ ਵਿੱਚ ਸਰਲ ਕਿਰਿਆਵਾਂ ਅਤੇ ਉਚਿੱਤ ਅਭਿਆਸ ਨਾਲ਼ ਪਾਠ-ਪੁਸਤਕ ਅਤੇ ਬਾਲ-ਸਾਹਿਤ ਪੜ੍ਹਣ ਉਪਰੰਤ ਉਸ ਸਮਗਰੀ ਵਿੱਚੋਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦੇ ਸਕੇ ਅਤੇ ਅਜਿਹੀਆਂ ਕਿਰਿਆਵਾਂ ਵੀ ਕਰਵਾਈਆਂ ਜਾਣ ਜਿਨ੍ਹਾਂ ਵਿੱਚ ਵਿਦਿਆਰਥੀ ਪੜ੍ਹੀ ਹੋਈ ਸਮਗਰੀ ਬਾਰੇ ਕੋਈ ਪ੍ਰਸ਼ਨ ਪੁੱਛ ਸਕੇ।
- ਵਿਦਿਆਰਥੀ ਪਾਠ-ਪੁਸਤਕ ਦੇ ਪਾਠ, ਇਸ਼ਤਿਹਾਰ, ਨੋਟਿਸ ਅਤੇ ਮਾਟੋ ਆਦਿ ਨੂੰ ਪੜ੍ਹ ਕੇ ਉਸ ਦੇ ਭਾਵ ਨੂੰ ਗ੍ਰਹਿਣ ਕਰ ਸਕੇ, ਇਸ ਮਕਸਦ ਲਈ ਭਿੰਨ-ਭਿੰਨ ਵੰਨਗੀਆਂ ਦੀ ਪੜ੍ਹਨ ਸਮਗਰੀ ਅਤੇ ਮੌਕੇ ਵਿਦਿਆਰਥੀਆਂ ਨੂੰ ਦਿੱਤੇ ਜਾਣ।
- ਸ਼੍ਰੇਣੀ ਵਿੱਚ ਅਜਿਹੀਆਂ ਕਿਰਿਆਵਾਂ ਦੀ ਰਚਨਾ ਕੀਤੀ ਜਾਵੇ ਜਿਨ੍ਹਾਂ ਰਾਹੀਂ ਵਿਸਰਾਮ-ਚਿੰਨ੍ਹਾਂ ਨੂੰ ਸਮਝਦੇ ਹੋਏ ਲਿਖਤ ਵਿੱਚ ਪ੍ਰਗਟਾਏ ਹੈਰਾਨੀ ਅਤੇ ਖ਼ੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕੇ।
- ਸ਼੍ਰੇਣੀ ਅਤੇ ਸਕੂਲ-ਸਭਾ ਵਿੱਚ ਅਜਿਹੇ ਮੌਕੇ ਪੈਦਾ ਕੀਤੇ ਜਾਣ ਜਿਨ੍ਹਾਂ ਨਾਲ਼ ਵਿਦਿਆਰਥੀ ਦਾ ਆਦਰ-ਭਾਵ ਅਤੇ ਠਰ੍ਹੰਮੇ ਨਾਲ਼ ਬੋਲਣ ਦਾ ਅਭਿਆਸ ਹੋਵੇ। ਉਹ ਗੱਲ-ਬਾਤ ਵਿੱਚ ਹਿੱਸਾ ਲੈ ਸਕੇ ਅਤੇ ਉਸ ਨੂੰ ਨਾਟਕੀ ਰੂਪ ਦੇ ਸਕੇ।
- ਵਿਦਿਆਰਥੀ ਨੂੰ ਸਹੀ ਉਚਾਰਨ, ਦਬਾਅ, ਤਾਨ, ਗਤੀ ਅਤੇ ਸੌਖ ਨਾਲ਼ ਪ੍ਰਮਾਣਿਕ ਪੰਜਾਬੀ ਬੋਲਣ ਅਤੇ ਪੜ੍ਹੀ ਜਾਂ ਸੁਣੀ ਗਈ ਸਮਗਰੀ ਵਿੱਚੋਂ ਉੱਤਰ ਦੇ ਸਕਣ ਦਾ ਅਭਿਆਸ ਕਰਾਉਣ ਲਈ ਵੱਖ-ਵੱਖ ਕਿਰਿਆਵਾਂ ਕਰਵਾਈਆਂ ਜਾਣ ਤਾਂ-ਜੋ ਵਿਦਿਆਰਥੀ ਦੇ ਜ਼ਿਹਨ ਵਿੱਚ ਇਹਨਾਂ ਦੇ ਮਹੱਤਵ ਦੀ ਸਮਝ ਪਕੇਰੀ ਹੋ ਸਕੇ।
- ਵਿਦਿਆਰਥੀ ਨੂੰ ਸ਼ਬਦਾਂ, ਵਾਕਾਂ, ਪੈਰਿਆਂ ਨੂੰ ਸੁਣ ਕੇ ਲਿਖਣ ਦਾ ਅਭਿਆਸ ਕਰਾਇਆ ਜਾਵੇ ਤਾਂ ਜੋਂ ਉਹ ਲੋੜੀਂਦੀ ਗਤੀ ਨਾਲ਼ ਲਿਖਣ ਦੇ ਯੋਗ ਹੋ ਸਕੇ। ਉਹ ਪਾਠ-ਪੁਸਤਕ ਵਿਚਲੇ ਪਾਠਾਂ ਬਾਰੇ ਪੁੱਛੇ ਗਏ। ਸਵਾਲਾਂ ਦੇ ਉੱਤਰ ਆਪਣੀਆਂ ਕਾਪੀਆਂ ਅਤੇ ਬਲੈਕ-ਬੋਰਡ ਉੱਤੇ ਲਿਖ ਸਕੇ।
- ਵਿਦਿਆਰਥੀ ਵਿਸਰਾਮ-ਚਿਨ੍ਹਾਂ ਨੂੰ ਸਮਝਦੇ ਹੋਏ ਲਿਖਤ ਵਿੱਚ ਪ੍ਰਗਟਾਏ ਹੈਰਾਨੀ ਅਤੇ ਖ਼ੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕਦਾ ਹੈ।
- ਵਿਦਿਆਰਥੀ ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਲਿੰਗ, ਵਚਨ ਆਦਿ ਵਿਆਕਰਨਿਕ ਭੇਦਾਂ ਵਿਚਲੇ ਨਿਖੇੜ ਨੂੰ ਸਮਝ ਸਕਦਾ ਹੈ।
- ਵਿਦਿਆਰਥੀ ਆਦਰ-ਭਾਵ ਅਤੇ ਠਰ੍ਹੰਮੇ ਨਾਲ਼ ਬੋਲਦਾ ਹੈ। ਉਹ ਗੱਲ-ਬਾਤ ਵਿੱਚ ਹਿੱਸਾ ਲੈਂਦਾ ਹੈ ਅਤੇ ਉਸ ਨੂੰ ਨਾਟਕੀ ਰੂਪ ਦੇ ਸਕਦਾ ਹੈ।
- ਵਿਦਿਆਰਥੀ ਸਹੀ-ਉਚਾਰਨ, ਦਬਾਅ, ਤਾਨ, ਗਤੀ ਅਤੇ ਸੌਖ ਨਾਲ਼ ਪ੍ਰਮਾਣਿਕ-ਪੰਜਾਬੀ ਬੋਲਦਾ ਹੈ ਅਤੇ ਪੜ੍ਹੀ ਜਾਂ ਸੁਣੀ ਗਈ ਸਮਗਰੀ ਵਿੱਚੋਂ ਉੱਤਰ ਦੇ ਸਕਦਾ ਹੈ।
- ਵਿਦਿਆਰਥੀ ਲਿਖਣ ਵੇਲ਼ੇ ਪੂਰਨ ਵਿਸਰਾਮ ਚਿੰਨ੍ਹ, ਪ੍ਰਸ਼ਨ ਵਾਚਕ ਚਿੰਨ੍ਹ, ਵਿਸਮਿਕ, ਚਿੰਨ੍ਹ, ਆਦਿ ਦੀ ਢੁਕਵੀਂ ਵਰਤੋਂ ਕਰ ਸਕਦਾ ਹੈ।
- ਵਿਦਿਆਰਥੀ ਪਿਕਨਿਕ, ਮੇਲਾ, ਤਿਉਹਾਰ, ਰੁੱਤ ਆਦਿ ਅਤੇ ਹੋਰ ਜਾਣੇ-ਪਛਾਣੇ ਵਿਸ਼ਿਆਂ ਉੱਤੇ ਪੈਰੇ ਜਾਂ ਲੇਖ ਲਿਖ ਸਕਦਾ ਹੈ।
- ਵਿਦਿਆਰਥੀ ਵੱਖ-ਵੱਖ ਵਿਸ਼ਿਆਂ, ਜਿਵੇਂ ਜ਼ਰੂਰੀ ਕੰਮ ਲਈ ਛੁੱਟੀ ਦੀ ਅਰਜ਼ੀ, ਵਿਆਹ 'ਤੇ ਜਾਣ ਲਈ ਛੁੱਟੀ ਦੀ ਅਰਜ਼ੀ, ਸਕੂਲ ਛੱਡਣ ਦਾ ਸਰਟੀਫ਼ਿਕੇਟ ਲੈਣ ਦੀ ਅਰਜ਼ੀ ਲਾਊਡ-ਸਪੀਕਰ ਦੀ ਅਵਾਜ਼ ਘੱਟ ਕਰਾਉਣ ਲਈ ਅਰਜ਼ੀ ਅਤੇ ਸਧਾਰਨ ਚਿੱਠੀ-ਪੱਤਰ ਲਿਖ ਸਕਦਾ ਹੈ।



Downloaded from https:// www.studiestoday.com

Downloaded from https:// www.studiestoday.com

- ਵਿਦਿਆਰਥੀ ਰਚਨਾਤਮਿਕ ਅਭਿਆਸ ਲਈ ਅਤੇ ਦਿੱਤੀ ਸਮਗਰੀ ਨੂੰ ਲੋੜੀਂਦੀ ਤਰਤੀਬ ਵਿੱਚ ਵੀ ਲਿਖ ਸਕੇ।
- ਵਿਦਿਆਰਥੀ ਨੂੰ ਅਭਿਆਸ ਦੇ ਅਜਿਹੇ ਮੌਕੇ ਪ੍ਰਦਾਨ ਕੀਤੇ ਜਾਣ ਕਿ ਉਹ ਲਿਖਣ ਵੇਲ਼ੇ ਪੂਰਨ ਵਿਸ਼ਰਾਮ-ਚਿੰਨ੍ਹ, ਪ੍ਰਸ਼ਨ ਵਾਚਕ ਚਿੰਨ੍ਹ, ਵਿਸਮਿਕ ਚਿੰਨ੍ਹ, ਜੋੜਨੀ ਆਦਿ ਦੀ ਢੁਕਵੀਂ ਵਰਤੋਂ ਕਰਨ ਦੇ ਯੋਗ ਹੋ ਸਕੇ।
- ਵਿਦਿਆਰਥੀ ਨੂੰ ਲਿਖਤ-ਰਚਨਾ, ਮੁਕਾਬਲਿਆਂ ਅਤੇ ਪ੍ਰੇਰਨਾ ਆਦਿ ਰਾਹੀਂ ਅਜਿਹੇ ਮੌਕੇ ਦਿੱਤੇ ਜਾਣ ਕਿ ਉਹ ਪਿਕਨਿਕ, ਮੇਲਾ, ਤਿਉਹਾਰ, ਰੁੱਤ ਆਦਿ ਅਤੇ ਹੋਰ ਜਾਣੇ-ਪਛਾਣੇ ਵਿਸ਼ਿਆਂ ਉੱਤੇ ਪੈਰੇ ਜਾਂ ਲੇਖ ਲਿਖ ਸਕੇ।
- ਵਿਦਿਆਰਥੀ ਰਚਨਾਤਮਿਕ ਅਭਿਆਸ ਲਈ ਸਰਲ-ਭਾਂਤ ਦੀ ਤੁਕਬੰਦੀ, ਦਿੱਤੇ ਗਏ ਸੰਕੇਤਾਂ ਦੇ ਆਧਾਰ 'ਤੇ ਕਹਾਣੀ, ਵਾਰਤਾਲਾਪ ਅਤੇ ਲੇਖ ਆਦਿ ਲਿਖ ਸਕੇ।
- ਉਹ ਦਿੱਤੇ ਗਏ ਸ਼ਬਦਾਂ ਦੇ ਲਿੰਗ, ਵਚਨ, ਵਿਰੋਧਾਰਥਕ ਜਾਂ ਸਮਾਨਾਰਥਕ ਸ਼ਬਦ, ਗ਼ਲਤ ਜੋੜਾਂ ਵਾਲ਼ੇ ਸ਼ਬਦਾਂ ਦਾ ਸ਼ੁੱਧ ਰੂਪ ਲਿਖ ਸਕੇ।
- ਵਿਦਿਆਰਥੀਆਂ ਨੂੰ ਬਜ਼ੁਰਗਾਂ ਨਾਲ਼ ਗੱਲ-ਬਾਤ ਲਈ ਪ੍ਰੇਰਦੇ ਹੋਏ ਉਹਨਾਂ ਨੂੰ ਬਜ਼ੁਰਗਾਂ ਪਾਸੋਂ ਮੁਹਾਵਰੇ ਤੇ ਅਖਾਣਾਂ ਬਾਰੇ ਜਾਣਨ ਲਈ ਕਿਹਾ ਜਾਵੇ।
- ਵਿਦਿਆਰਥੀ ਨਿਯਤ ਪਾਠ-ਪੁਸਤਕ ਵਿੱਚ ਸ਼ਾਮਲ ਕਵਿਤਾਵਾਂ ਵਿੱਚੋਂ ਕੋਈ ਤਿੰਨ ਕਵਿਤਾਵਾਂ ਦੇ ਨਾਂ ਦੇ ਕੇ ਕਿਸੇ ਇੱਕ ਕਵਿਤਾ ਦੀਆਂ ਚਾਰ ਸਤਰਾਂ ਲਿਖਣ ਲਈ ਕਹੇ ਜਾਣ 'ਤੇ ਲਿਖ ਸਕਦਾ ਹੈ, ਕਵਿਤਾ ਦੀਆਂ ਅਧੂਰੀਆਂ ਸਤਰਾਂ ਪੂਰੀਆਂ ਕਰ ਸਕਦਾ ਹੈ ਅਤੇ ਦਿੱਤੀ ਗਈ ਸਤਰ ਨਾਲ਼ ਮਿਲ਼ਦੀ ਸਤਰ ਲਿਖ ਸਕਦਾ ਹੈ।
- ਵਿਦਿਆਰਥੀ ਪੰਜਾਬ ਦੀਆਂ ਮਹਾਨ ਸ਼ਖ਼ਸੀਅਤਾਂ ਜਿਵੇਂ ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਮਾਤਾ ਗੁਜਰੀ ਜੀ, ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਅਜੀਤ ਸਿੰਘ, ਮਹਾਰਾਜਾ ਰਣਜੀਤ ਸਿੰਘ ਅਤੇ ਪੁਲਾੜ-ਯਾਤਰੀ ਬਾਰੇ ਪੜ੍ਹਦਾ ਹੈ ਅਤੇ ਉਹਨਾਂ ਦੇ ਪਦ-ਚਿੰਨ੍ਹਾਂ 'ਤੇ ਚੱਲ ਕੇ ਜ਼ਿੰਦਗੀ ਵਿੱਚ ਪ੍ਰਗਤੀ ਲਈ ਯਤਨ ਕਰਦਾ ਹੈ।
- ਵਿਦਿਆਰਥੀ ਕਵਿਤਾਵਾਂ ਨੂੰ ਗਾਉਂਦਾ ਹੈ ਜਿਸ ਨਾਲ਼ ਉਸ ਦੇ ਮਨ ਵਿੱਚ ਸੁਰ, ਤਾਲ ਅਤੇ ਲੈਅ ਪ੍ਰਤਿ ਆਕਰਸ਼ਨ ਪੈਦਾ ਹੁੰਦਾ ਹੈ, ਉਸ ਦੀ ਸੰਗੀਤਿਕ ਸਮਝ ਦਾ ਵਿਕਾਸ ਹੁੰਦਾ ਹੈ।
- ਰੌਚਕ ਕਹਾਣੀਆਂ, ਕਵਿਤਾਵਾਂ, ਅਤੇ ਲੇਖ ਪੜ੍ਹ ਕੇ ਵਿਦਿਆਰਥੀ ਦੇ ਮਨ ਵਿੱਚ ਖ਼ੁਦ ਵੀ ਸਾਹਿਤ ਸਿਰਜਣ ਦਾ ਜਜ਼ਬਾ ਪੈਦਾ ਹੁੰਦਾ ਹੈ।
- ਵਿਦਿਆਰਥੀ ਦੇ ਸ਼ਬਦ ਭੰਡਾਰ ਵਿੱਚ ਵਾਧਾ ਹੁੰਦਾ ਹੈ, ਮੁਹਾਵਰਿਆਂ ਦੇ ਮਹੱਤਵ ਤੋਂ ਜਾਣੂ ਹੁੰਦਿਆਂ ਵਿਦਿਆਰਥੀ ਦੀ ਭਾਸ਼ਾਈ ਸਮਰੱਥਾ ਵਿੱਚ ਨਿਖਾਰ ਆਉਂਦਾ ਹੈ।



Downloaded from https:// www.studiestoday.com

Downloaded from https:// www.studiestoday.com

# ਤਤਕਰਾ


| ਲੜੀ ਨੰ. | ਪਾਠ | | ਲੇਖਕ | ਪੰਨਾ |
|---|---|---|---|---|
| 1 | ਮੇਰਾ ਹਿੰਦੁਸਤਾਨ | ਕਵਿਤਾ | ਪ੍ਰੋ. ਜੋਗਾ ਸਿੰਘ | 1 |
| 2 | ਗਤਕਾ | ਲੇਖ | ਪ੍ਰਿੰ. ਸਰਵਣ ਸਿੰਘ | 7 |
| 3 | ਬਾਰਾਂਮਾਹਾ | ਕਵਿਤਾ | ਮਹਿੰਦਰ ਸਿੰਘ ਮਾਨੂੰਪੁਰੀ | 14 |
| 4 | ਸ਼ਹੀਦ ਊਧਮ ਸਿੰਘ | ਜੀਵਨੀ | ਡਾ. ਜੇ. ਐੱਸ. ਗਰੇਵਾਲ | 20 |
| 5 | ਸਿਆਣੀ ਗੱਲ | ਕਹਾਣੀ | ਪ੍ਰੇਮ ਗੋਰਖੀ | 27 |
| 6 | ਆਓ ਰਲ਼-ਮਿਲ਼ ਰੁੱਖ ਲਗਾਈਏ | ਕਵਿਤਾ | ਜਸਵੀਰ ਸਿੰਘ ਲੰਗੜੋਆ | 33 |
| 7 | ਸਤਰੰਗੀ ਤਿਤਲੀ | ਕਹਾਣੀ | ਜਸਬੀਰ ਭੁੱਲਰ | 39 |
| 8 | ਚਿੜੀਆ-ਘਰ | ਕਵਿਤਾ | ਡਾ. ਸਰਬਜੀਤ ਬੇਦੀ | 46 |
| 9 | ਸੁੰਢ ਤੇ ਹਲ਼ਦੀ | ਕਹਾਣੀ | ਡਾ. ਵਣਜਾਰਾ ਬੇਦੀ | 54 |
| 10 | ਬੋਲੀ ਹੈ ਪੰਜਾਬੀ ਸਾਡੀ | ਕਵਿਤਾ | ਧਨੀ ਰਾਮ ਚਾਤ੍ਰਿਕ | 64 |
| 11 | ਚਿੜੀ, ਰੁੱਖ, ਬਿੱਲੀ ਤੇ ਸੱਪ | ਕਹਾਣੀ | ਬੀਬੀ ਸੁਖਵੰਤ ਕੌਰ ਮਾਨ | 70 |
| 12 | ਸੱਚੀ ਮਿੱਤਰਤਾ | ਕਾਵਿ-ਕਹਾਣੀ | ਜਸਵੰਤ ਸਿੰਘ ਕੈਲਵੀ | 78 |
| 13 | ਫੁਲਕਾਰੀ-ਕਲਾ | ਲੇਖ | ਅਮਰਜੀਤ ਕੌਰ ਵਿਰਕ | 85 |
| 14 | ਦਾਦੀ ਦੀ ਪੋਤਿਆਂ ਨੂੰ ਨਸੀਹਤ | ਕਵਿਤਾ | ਸਵਰਨ 'ਹੁਸ਼ਿਆਰਪੁਰੀ' | 94 |
| 15 | ਰੇਸ਼ਮ ਦਾ ਕੀੜਾ | ਲੇਖ | ਜਸਬੀਰ ਕੌਰ | 100 |
| 16 | ਸਾਡਾ ਪਾਰਸ ਸਾਡਾ ਪਾਤਸ਼ਾਹ | ਇਕਾਂਗੀ | ਕੇਵਲ ਧਾਲੀਵਾਲ | 106 |
| 17 | ਹਿੰਦਵਾਸੀਆਂ ਨੂੰ ਅੰਤਿਮ ਸੰਦੇਸ਼ | ਕਵਿਤਾ | ਸ਼ਹੀਦ ਕਰਤਾਰ ਸਿੰਘ ਸਰਾਭਾ | 117 |
| 18 | ਕਹੀ ਹੱਸ ਪਈ | ਕਹਾਣੀ | ਡਾ. ਹਰਨੇਕ ਸਿੰਘ ਕਲੇਰ | 123 |
| 19 | ਪੁਲਾੜ ਯਾਤਰੀ : ਕਲਪਨਾ ਚਾਵਲਾ | ਜੀਵਨੀ | ਡਾ. ਕੁਲਦੀਪ ਸਿੰਘ ਧੀਰ | 132 |
| 20 | ਸਾਰਾਗੜ੍ਹੀ ਦੀ ਲੜਾਈ | ਕਵਿਤਾ (ਬੈਂਤ-ਛੰਦ) | ਡਾ. ਹਰੀ ਸਿੰਘ ਜਾਚਕ | 138 |
| 21 | ਅਸਲੀ ਸਿੱਖਿਆ | ਕਹਾਣੀ | ਗੁਲ ਚੌਹਾਨ | 143 |




Downloaded from https:// www.studiestoday.com

Downloaded from https:// www.studiestoday.com



Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

ਪਾਠ-1

# ਮੇਰਾ ਹਿੰਦੁਸਤਾਨ



ਮੇਰਾ ਹਿੰਦੁਸਤਾਨ ! ਮੇਰਾ ਪਿਆਰਾ ਹਿੰਦੁਸਤਾਨ।
ਸਭ ਦੇਸਾਂ-ਪਰਦੇਸਾਂ ਦੇ ਵਿੱਚ, ਉੱਚੀ ਇਸ ਦੀ ਸ਼ਾਨ।
ਉੱਚੇ ਪਰਬਤ ਬਰਫ਼ਾਂ ਲੱਦੇ, ਖੜ੍ਹੇ ਜਿਉਂ ਬੰਨ੍ਹ ਕੇ ਢਾਣੀ।
ਇਸ ਦੇ ਚਸ਼ਮਿਆਂ ਵਿੱਚੋਂ ਫੁੱਟਦਾ, ਚਾਂਦੀ ਰੰਗਾ ਪਾਣੀ।
ਇਸ ਦੀਆਂ ਨਦੀਆਂ, ਇਸ ਦੇ ਜੰਗਲ਼; ਹਰੇ-ਭਰੇ ਮੈਦਾਨ।
ਮੇਰਾ ਹਿੰਦੁਸਤਾਨ ! ਮੇਰਾ ਪਿਆਰਾ ਹਿੰਦੁਸਤਾਨ।
ਇਸ ਦੀ ਮਿੱਟੀ ਵਿੱਚ ਉੱਗਦੇ ਨੇ, ਮੋਤੀਆਂ ਵਰਗੇ ਦਾਣੇ।
ਇਹ ਮਿੱਟੀ ਤਾਂ ਮਾਂ ਹੁੰਦੀ ਹੈ, ਆਖਣ ਲੋਕ ਸਿਆਣੇ।



Downloaded from https:// www.studiestoday.com

Downloaded from https:// www.studiestoday.com

ਇਸ ਮਿੱਟੀ ਨੂੰ ਸੀਸ ਨਿਵਾਈਏ, ਇਹ ਮਿੱਟੀ ਵਰਦਾਨ।
ਮੇਰਾ ਹਿੰਦੁਸਤਾਨ! ਮੇਰਾ ਪਿਆਰਾ ਹਿੰਦੁਸਤਾਨ।

ਇੱਕ ਬਾਗ਼ ਵਿੱਚ ਅਸੀਂ ਹਾਂ ਉੱਗੇ, ਬੂਟੇ ਕਈ ਤਰ੍ਹਾਂ ਦੇ।
ਪਰ ਆਪਸ ਵਿੱਚ ਘੁਲ਼ੇ-ਮਿਲ਼ੇ ਹਾਂ, ਪਾਣੀ ਜਿਵੇਂ ਸਰਾਂ ਦੇ।
ਹਰ ਇੱਕ ਨਵੀਂ ਸਵੇਰ ਵੰਡੀਏ, ਫੁੱਲਾਂ ਜਿਹੀ ਮੁਸਕਾਨ।
ਮੇਰਾ ਹਿੰਦੁਸਤਾਨ! ਮੇਰਾ ਪਿਆਰਾ ਹਿੰਦੁਸਤਾਨ।

ਰਿਸ਼ੀਆਂ-ਮੁਨੀਆਂ, ਗੁਰੂਆਂ-ਪੀਰਾਂ, ਇਸ ਦੀ ਸ਼ਾਨ ਵਧਾਈ।
ਇਸ ਦੇ ਜੋਧਿਆਂ ਨੇ ਜੱਗ ਉੱਤੇ, ਆਪਣੀ ਧਾਂਕ ਜਮਾਈ।
ਇੱਥੋਂ ਦੀ ਵਿੱਦਿਆ ਨੂੰ, ਵੀਰੋ! ਮੰਨਦਾ ਕੁੱਲ ਜਹਾਨ।
ਮੇਰਾ ਹਿੰਦੁਸਤਾਨ! ਮੇਰਾ ਪਿਆਰਾ ਹਿੰਦੁਸਤਾਨ।
ਇਸ ਦੇ ਹਾਲ਼ੀ, ਇਸ ਦੇ ਪਾਲ਼ੀ, ਕਾਮੇ ਤੇ ਮਜ਼ਦੂਰ।
ਹੱਕ, ਸੱਚ ਦੀ ਕਰਨ ਕਮਾਈ, ਰਹਿਣ ਕੂੜ ਤੋਂ ਦੂਰ।
ਇਸ ਦਾ ਹਰ ਇੱਕ ਗੱਭਰੂ ਬਾਂਕਾ, ਹਰ ਮੁਟਿਆਰ ਰਕਾਨ।
ਮੇਰਾ ਹਿੰਦੁਸਤਾਨ! ਮੇਰਾ ਪਿਆਰਾ ਹਿੰਦੁਸਤਾਨ।

## ਔਖੇ ਸ਼ਬਦਾਂ ਦੇ ਅਰਥ

| | | | | | |
|---|---|---|---|---|---|
| **ਲੱਦੇ** | : | ਭਰੇ | **ਢਾਣੀ** | : | ਟੋਲੀ |
| **ਵਰਦਾਨ** | : | ਅਸ਼ੀਰਵਾਦ | **ਸਰਾਂ** | : | ਸਰੋਵਰ |
| **ਧਾਂਕ** | : | ਪ੍ਰਸਿੱਧੀ ਜਾਂ ਸ਼ੁਹਰਤ | **ਹਾਲ਼ੀ** | : | ਹਲ਼ ਵਾਹੁਣ ਵਾਲ਼ੇ |
| **ਕਾਮੇ** | : | ਕੰਮ ਕਰਨ ਵਾਲ਼ੇ | **ਕੂੜ** | : | ਝੂਠ |
| **ਚਸ਼ਮਿਆਂ** | : | ਪਾਣੀ ਦੇ ਝਰਨਿਆਂ | **ਜੋਧਿਆਂ** | : | ਯੁੱਧ ਕਰਨ ਵਾਲ਼ੇ |
| **ਪਾਲ਼ੀ** | : | ਪਸ਼ੂ ਚਾਰਨ ਵਾਲ਼ੇ | **ਗੱਭਰੂ** | : | ਨੌਜਵਾਨ ਮੁੰਡੇ |
| **ਮੁਟਿਆਰ** | : | ਨੌਜਵਾਨ ਲੜਕੀ | **ਰਕਾਨ** | : | ਸੁਚੱਜੀ ਅਤੇ ਸਿਆਣੀ ਕੁੜੀ |
| **ਬਾਂਕਾ** | : | ਬਣ-ਠਣ ਕੇ ਰਹਿਣ ਵਾਲ਼ਾ ਮੁੰਡਾ | | | |



Downloaded from https:// www.studiestoday.com

Downloaded from https:// www.studiestoday.com



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਸਾਡੇ ਦੇਸ ਦਾ ਨਾਂ ਹਿੰਦੁਸਤਾਨ ਹੈ, ਇਸ ਨੂੰ ਭਾਰਤ ਵੀ ਕਹਿੰਦੇ ਹਨ।
- ਭਾਰਤ ਵਿੱਚ ਕੁੱਲ 29 ਰਾਜ ਹਨ।
- ਭਾਰਤ ਦੀ ਰਾਜਧਾਨੀ ਦਿੱਲੀ ਹੈ।
- ਭਾਰਤ ਦਾ ਰਾਸ਼ਟਰੀ ਝੰਡਾ ਤਿਰੰਗਾ ਹੈ। ਇਸ ਦੇ ਤਿੰਨ ਰੰਗ (ਕੇਸਰੀ, ਸਫ਼ੈਦ, ਹਰਾ) ਹਨ।

### ੳ. ਜ਼ਬਾਨੀ ਅਭਿਆਸ :

(1) ਦੇਸਾਂ-ਪਰਦੇਸਾਂ ਵਿੱਚ ਹਿੰਦੁਸਤਾਨ ਦੀ ਸ਼ਾਨ ਕਿਹੋ-ਜਿਹੀ ਹੈ ?

(2) ਹਿੰਦੁਸਤਾਨ ਦੇ ਚਸ਼ਮਿਆਂ ਵਿੱਚੋਂ ਫੁੱਟਦਾ ਪਾਣੀ ਕਿਹੋ-ਜਿਹਾ ਲੱਗਦਾ ਹੈ ?

(3) ਸਾਨੂੰ ਹਰ ਨਵੀਂ ਸਵੇਰ ਨੂੰ ਕੀ ਵੰਡਣਾ ਚਾਹੀਦਾ ਹੈ ?

(4) ਕਵਿਤਾ ਨੂੰ ਲੈਅ ਵਿੱਚ ਗਾਓ।

## ਪਾਠ-ਅਭਿਆਸ



### ਅ. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:

(1) ਅਸੀਂ ਹਿੰਦੁਸਤਾਨ ਦੀ ਮਿੱਟੀ ਨੂੰ ਸੀਸ ਕਿਉਂ ਨਿਵਾਉਂਦੇ ਹਾਂ ?

..............................................................................................

..............................................................................................

..............................................................................................

(2) ਸਾਨੂੰ ਕਿਸ ਪ੍ਰਕਾਰ ਦੀ ਕਮਾਈ ਕਰਨੀ ਚਾਹੀਦੀ ਹੈ ?

..............................................................................................

..............................................................................................

..............................................................................................

### ੲ. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:

ਪਰਦੇਸ ..............................................................................

ਚਾਂਦੀ ..............................................................................



Downloaded from https:// www.studiestoday.com

Downloaded from https:// www.studiestoday.com

ਵਿੱਦਿਆ ..........................................................................................

ਬਾਗ਼ ..........................................................................................

ਜੋਧੇ ..........................................................................................

**ਸ. ਕਵਿਤਾ ਵਿੱਚ ਆਏ ਕੋਈ 10 ਨਾਂਵ ਚੁਣੋ ਅਤੇ ਸੁੰਦਰ ਲਿਖਾਈ ਵਿੱਚ ਲਿਖੋ:**

| | | | |
|---|---|---|---|
| 1. | 2. | 3. | 4. |
| 5. | 6. | 7. | 8. |
| 9. | 10. | | |

**ਹ. ਸਤਰਾਂ ਪੂਰੀਆਂ ਕਰੋ:**

ਇੱਕ ਬਾਗ਼ ਵਿੱਚ ਅਸੀਂ ਹਾਂ ਉੱਗੇ, ਬੂਟੇ ਕਈ ਤਰ੍ਹਾਂ ਦੇ।

............................................................

ਰਿਸ਼ੀਆਂ-ਮੁਨੀਆਂ, ਗੁਰੂਆਂ, ਪੀਰਾਂ, ਇਸ ਦੀ ਸ਼ਾਨ ਵਧਾਈ।

............................................................

**ਕ. ਕਵਿਤਾ ਦੇ ਔਖੇ ਸ਼ਬਦਾਂ ਦੀ ਬੋਲ-ਲਿਖਤ ਕਰਵਾਈ ਜਾਵੇ:**

| | | |
|---|---|---|
| ਜਿਵੇਂ:ਹਿੰਦੁਸਤਾਨ | ..................... | ..................... |
| ..................... | ..................... | ..................... |
| ..................... | ..................... | ..................... |



Downloaded from https:// www.studiestoday.com

Downloaded from https:// www.studiestoday.com

ਖ. ਹੇਠ ਦਿੱਤੇ ਰਾਸ਼ਟਰੀ ਝੰਡੇ ਦੇ ਚਿੱਤਰ ਵਿੱਚ ਰੰਗ ਭਰੋ।





Downloaded from https:// www.studiestoday.com

Downloaded from https:// www.studiestoday.com

**ਗ. ਆਪਣੇ ਸਕੂਲ ਦੇ ਮੁੱਖ ਅਧਿਆਪਕ/ਅਧਿਆਪਕਾ ਨੂੰ ਬਿਮਾਰੀ ਦੀ ਛੁੱਟੀ ਲਈ ਅਰਜ਼ੀ ਲਿਖੋ।**

ਸੇਵਾ ਵਿਖੇ

ਮੁੱਖ ਅਧਿਆਪਕ/ਅਧਿਆਪਕਾ ਜੀ,

ਸਰਕਾਰੀ ਪ੍ਰਾਇਮਰੀ ਸਕੂਲ,

.............................।

**ਵਿਸ਼ਾ : ਬਿਮਾਰੀ ਦੀ ਛੁੱਟੀ ਲੈਣ ਸੰਬੰਧੀ।**

ਸ੍ਰੀਮਾਨ/ਸ੍ਰੀਮਤੀ ਜੀ,

ਬੇਨਤੀ ਹੈ ਕਿ ਮੈਨੂੰ ਕੱਲ੍ਹ ਸਕੂਲ ਤੋਂ ਘਰ ਜਾਣ ਸਮੇਂ ਹੀ ਤੇਜ਼ ਬੁਖ਼ਾਰ ਹੋ ਗਿਆ ਸੀ। ਸ਼ਾਮ ਸਮੇਂ ਮੇਰੇ ਮਾਤਾ ਜੀ ਨੇ ਮੈਨੂੰ ਡਾਕਟਰ ਤੋਂ ਦਵਾਈ ਲੈ ਦਿੱਤੀ ਸੀ ਪਰ ਅੱਜ ਵੀ ਮੈਨੂੰ ਥੋੜ੍ਹਾ ਬੁਖ਼ਾਰ ਹੈ। ਇਸ ਲਈ ਮੈਂ ਅੱਜ ਸਕੂਲ ਹਾਜ਼ਰ ਨਹੀਂ ਹੋ ਸਕਦਾ/ਸਕਦੀ। ਕਿਰਪਾ ਕਰਕੇ ਮੈਨੂੰ ਅੱਜ ਮਿਤੀ _____ ਅਪਰੈਲ, 20_____ ਦੀ ਛੁੱਟੀ ਦਿੱਤੀ ਜਾਵੇ।

ਧੰਨਵਾਦ ਸਹਿਤ,

ਆਪ ਜੀ ਦਾ/ਦੀ ਆਗਿਆਕਾਰੀ,

ਮਿਤੀ : _____ ਅਪਰੈਲ, 20_____

......................................,

ਰੋਲ ਨੰਬਰ ............................,

ਸ਼੍ਰੇਣੀ ਪੰਜਵੀਂ ।



Downloaded from https:// www.studiestoday.com

Downloaded from https:// www.studiestoday.com

ਪਾਠ-2

# ਗਤਕਾ



ਗਤਕਾ ਪੰਜਾਬੀਆਂ ਦਾ ਇੱਕ ਜੰਗੀ ਹੁਨਰ ਹੈ। ਇਹਦੇ ਰਾਹੀਂ ਵਿਰੋਧੀ ਉੱਤੇ ਵਾਰ ਕਰਨ ਅਤੇ ਰੋਕਣ ਦਾ ਅਭਿਆਸ ਹੁੰਦਾ ਹੈ। ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੱਕ ਸੈਨਿਕਾਂ ਲਈ ਗਤਕਾ ਸਿੱਖਣਾ ਜ਼ਰੂਰੀ ਸੀ। ਜਿਵੇਂ ਜਪਾਨ ਦੀ ਖੇਡ ਕਰਾਟੇ ਸੁੈਰੱਖਿਆ ਵਾਲ਼ੀ ਖੇਡ ਗਿਣੀ ਜਾਂਦੀ ਹੈ, ਉਵੇਂ ਪੰਜਾਬੀਆਂ ਦਾ ਗਤਕਾ ਵੀ ਬਚਾਅ ਵਾਲ਼ੀ ਖੇਡ ਹੈ।

ਗਤਕਾ ਗਦਾ-ਯੁੱਧ ਦੀ ਸਿੱਖਿਆ ਦਾ ਪਹਿਲਾ ਪੜਾਅ ਹੈ। ਅੱਜ-ਕੱਲ੍ਹ ਸਕੂਲਾਂ-ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਗਤਕਾ ਖੇਡਣ ਦੀ ਸਿਖਲਾਈ ਦਿੱਤੀ ਜਾਂਦੀ ਹੈ। 'ਪੰਜਾਬ ਸਕੂਲ ਸਿੱਖਿਆ ਬੋਰਡ' ਵੱਲੋਂ ਕਰਵਾਏ ਜਾਂਦੇ ਵਿੱਦਿਅਕ ਮੁਕਾਬਲਿਆਂ ਅਧੀਨ ਗਤਕਾ-ਖੇਡ ਦੇ ਮੁੰਡਿਆਂ ਅਤੇ ਕੁੜੀਆਂ ਦੇ ਅਲੱਗ-ਅਲੱਗ ਮੁਕਾਬਲੇ ਕਰਵਾਏ ਜਾਂਦੇ ਹਨ।

ਜਿਸ ਨੇ ਗਦਾ-ਯੁੱਧ ਦਾ ਮਾਹਰ ਬਣਨਾ ਹੈ, ਉਹ ਪਹਿਲਾਂ ਗਤਕਾ ਖੇਡਣਾ ਸਿੱਖੇ। ਗਤਕੇ ਦੀ ਸਿਖਲਾਈ ਡੰਡੇ-ਸੋਟੀਆਂ ਤੋਂ ਸ਼ੁਰੂ ਹੋ ਕੇ ਤਲਵਾਰਾਂ ਚਲਾਉਣ ਤੱਕ ਹੈ। ਉਲੰਪਿਕ ਖੇਡਾਂ ਵਿੱਚ ਖੇਡੀ ਜਾਂਦੀ ਖੇਡ ਫ਼ੈਂਸਿੰਗ ਗਤਕੇ ਦਾ ਹੀ ਸੁਧਰਿਆ ਰੂਪ ਹੈ।

ਗਤਕੇ ਵਿੱਚ ਮੁਢਲੇ ਤੌਰ ਉੱਤੇ ਸਾਢੇ ਤਿੰਨ ਹੱਥ ਲੰਮਾ ਡੰਡਾ ਤੇ ਛੋਟੀ ਢਾਲ਼ ਵਰਤੋਂ ਵਿੱਚ ਲਿਆਂਦੀ ਜਾਂਦੀ ਹੈ। ਡੰਡੇ ਉੱਤੇ ਚੰਮ ਦਾ ਖੋਲ ਚੜ੍ਹਿਆ ਹੁੰਦਾ ਹੈ। ਸੱਜੇ ਹੱਥ ਵਿੱਚ ਗਤਕਾ ਅਤੇ ਖੱਬੇ ਹੱਥ ਵਿੱਚ ਫਰੀ (ਛੋਟੀ ਢਾਲ਼) ਲੈ ਕੇ ਦੋ ਜਣੇ ਆਪੋ ਵਿੱਚ ਖੇਡਦੇ ਹਨ।



Downloaded from https:// www.studiestoday.com

Downloaded from https:// www.studiestoday.com

ਫ਼ਾਰਸੀ ਦਾ 'ਖ਼ੁਤਕਾ' ਸ਼ਬਦ ਪੰਜਾਬੀਆਂ ਦੇ ਮੂੰਹ ਚੜ੍ਹ ਕੇ ਗਤਕਾ ਬਣਿਆ ਹੈ। ਕੁਸ਼ਤੀ ਵਾਂਗ ਇਸ ਖੇਡ ਵਿੱਚ ਵੀ ਉਸਤਾਦੀ-ਸ਼ਗਿਰਦੀ ਚੱਲਦੀ ਹੈ। ਗੱਤਕਾ ਉਸਤਾਦਾਂ ਦੇ ਆਪਣੇ ਅਖਾੜੇ ਹੁੰਦੇ ਹਨ। ਮਾਪੇ ਆਪਣੇ ਬੱਚਿਆਂ ਨੂੰ ਗਤਕਾ ਸਿਖਾਉਣ ਲਈ ਉਸਤਾਦਾਂ ਕੋਲ਼ ਭੇਜਦੇ ਹਨ। ਉਸਤਾਦ ਕੁਝ ਰਸਮਾਂ ਪੂਰੀਆਂ ਕਰ ਕੇ ਬੱਚੇ ਨੂੰ ਭੁਜੰਗੀ ਬਣਾਉਂਦੇ ਹਨ। ਭੁਜੰਗੀਆਂ ਨੂੰ ਸਿੱਖਿਆ ਦਿੱਤੀ ਜਾਂਦੀ ਹੈ ਕਿ ਉਹਨਾਂ ਨੇ ਚਾਲ-ਚਲਣ ਨੇਕ ਰੱਖਣਾ ਹੈ। ਬੱਚੇ, ਬਜ਼ੁਰਗ, ਔਰਤ ਤੇ ਨਿਤਾਣੇ ਉੱਤੇ ਵਾਰ ਨਹੀਂ ਕਰਨਾ ਸਗੋਂ ਉਹਨਾਂ ਦੀ ਢਾਲ਼ ਬਣਨਾ ਹੈ। ਸਾਦੀ ਤੇ ਸ਼ੁੱਧ ਖ਼ੁਰਾਕ ਖਾਣੀ ਹੈ। ਕੋਈ ਨਸ਼ਾ ਨਹੀਂ ਕਰਨਾ।

ਖੇਡ-ਸਿਖਲਾਈ ਦੇ ਅਮਲੀ ਦੌਰ ਵਿੱਚ ਪਹਿਲਾਂ ਜੁੱਸੇ ਗਰਮਾਏ ਜਾਂਦੇ ਹਨ। ਇਹਦੇ ਲਈ ਡੰਡ-ਬੈਠਕਾਂ ਤੇ ਅਖਾੜੇ ਦੁਆਲ਼ੇ ਦੌੜਾਂ ਲਾਉਣ ਦਾ ਅਭਿਆਸ ਹੁੰਦਾ ਹੈ। ਫਿਰ ਹਥਿਆਰਾਂ ਨੂੰ ਨਮਸਕਾਰ ਕਰ ਕੇ ਹਥਿਆਰ ਹੱਥ ਵਿੱਚ ਫੜਨ, ਪੈਂਤੜਾ ਲੈਣ, ਵਾਰ ਕਰਨ ਅਤੇ ਰੋਕਣ ਦੇ ਦਾਅ-ਪੇਚ ਸਿਖਾਏ ਜਾਂਦੇ ਹਨ। ਮੁਕਾਬਲੇ ਇਕੱਲੇ-ਇਕੱਲੇ ਦੇ ਵੀ ਹੁੰਦੇ ਹਨ ਅਤੇ ਟੋਲੀਆਂ ਵਿਚਕਾਰ ਵੀ ਹੁੰਦੇ ਹਨ।

ਪਹਿਲਾਂ-ਪਹਿਲ ਅਨੰਦਪੁਰ ਸਾਹਿਬ ਤੇ ਪਾਉਂਟਾ ਸਾਹਿਬ ਗਤਕੇ ਦੇ ਵੱਡੇ ਕੇਂਦਰ ਸਨ। ਹੋਲੇ-ਮਹੱਲੇ ਸਮੇਂ ਗਤਕੇ ਦੇ ਵੱਡੀ ਪੱਧਰ 'ਤੇ ਮੁਕਾਬਲੇ ਹੁੰਦੇ ਸਨ। ਬੀਤੇ ਸਮੇਂ ਵਿੱਚ ਇਸ ਖੇਡ ਦਾ ਇੱਕ ਫ਼ਾਇਦਾ ਇਹ ਸੀ ਕਿ ਚੰਗੀ ਖੇਡ ਵਿਖਾਉਣ ਵਾਲ਼ੇ ਜਵਾਨਾਂ ਨੂੰ ਸਿੱਧਾ ਹੀ ਫ਼ੌਜ ਵਿੱਚ ਭਰਤੀ ਕਰ ਲਿਆ ਜਾਂਦਾ ਸੀ। ਜਰਨੈਲ ਹਰੀ ਸਿੰਘ ਨਲੂਆ ਇੰਞ ਹੀ ਮਹਾਰਾਜਾ ਰਣਜੀਤ ਸਿੰਘ ਦੀ ਨਜ਼ਰੀਂ ਚੜ੍ਹਿਆ ਸੀ।

ਅੱਜ-ਕੱਲ੍ਹ ਕੁਝ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਗਤਕਾ ਖੇਡਣ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਹ ਹੁਨਰ ਪਹਿਲਾਂ ਮਰਦਾਂ ਤੱਕ ਹੀ ਸੀਮਿਤ ਸੀ। ਹੁਣ ਔਰਤਾਂ ਵੀ ਇਸ ਵਿੱਚ ਭਾਗ ਲੈਣ ਲੱਗ ਪਈਆਂ ਹਨ। ਨਿਹੰਗ ਸਿੰਘਾਂ ਦੀ ਇਹ ਹਰਮਨ-ਪਿਆਰੀ ਖੇਡ ਹੈ। ਇਹ ਖੇਡ ਹੁਣ ਨਗਰ-ਕੀਰਤਨਾਂ ਅਤੇ ਖ਼ਾਸ ਖੇਡ-ਸਮਾਗਮਾਂ ਵਿੱਚ ਹੀ ਖੇਡੀ ਜਾਂਦੀ ਹੈ। ਕਦੇ-ਕਦੇ ਕੋਈ ਗਤਕਾਬਾਜ਼ ਕਿਸੇ ਪੇਂਡੂ ਖੇਡ-ਮੇਲੇ ਵਿੱਚ ਆਪਣੀ ਖੇਡ ਦੇ ਜੌਹਰ ਵਿਖਾ ਦਿੰਦਾ ਹੈ ਤੇ ਦਰਸ਼ਕ ਵਿੱਸਰ ਰਹੀ ਖੇਡ ਦਾ ਅਨੰਦ ਮਾਣ ਲੈਂਦੇ ਹਨ।

ਅੰਤ ਵਿੱਚ ਇਸ ਖੇਡ ਦਾ ਪਿਛੋਕੜ ਜਾਣਨਾ ਜ਼ਰੂਰੀ ਹੈ। ਸਾਡੇ ਦੇਸ ਵਿੱਚ ਪੰਜਾਬ ਦੀ ਭੂਗੋਲਿਕ ਸਥਿਤੀ ਖ਼ਾਸ ਸੀ। ਥਲ ਰਾਹੀਂ ਆਉਂਦੇ ਹਮਲਾਵਰ ਇੱਥੋਂ ਲੰਘਦੇ ਰਹੇ ਹਨ। ਇਸ ਕਾਰਨ ਆਤਮ-ਸੁਰੱਖਿਆ ਹਰੇਕ ਦੀ ਲੋੜ ਬਣ ਗਈ। ਵਿਰੋਧੀ ਦਾ ਮੁਕਾਬਲਾ ਕਰਨ ਲਈ ਸਾਰਿਆਂ ਨੂੰ ਤਿਆਰ ਰਹਿਣਾ ਪੈਂਦਾ ਸੀ। ਗਤਕੇ ਦੀ ਖੇਡ ਇਸ ਲੋੜ ਵਿੱਚੋਂ ਹੀ ਪੈਦਾ ਹੋਈ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾਂਦੇ ਵਿੱਦਿਅਕ ਮੁਕਾਬਲਿਆਂ ਅਧੀਨ ਗਤਕੇ ਦੇ ਮੁੰਡਿਆਂ ਅਤੇ ਕੁੜੀਆਂ ਦੇ ਅਲੱਗ-ਅਲੱਗ ਮੁਕਾਬਲੇ ਕਰਵਾਏ ਜਾਂਦੇ ਹਨ।



Downloaded from https:// www.studiestoday.com

Downloaded from https:// www.studiestoday.com

## ਔਖੇ ਸ਼ਬਦਾਂ ਦੇ ਅਰਥ

**ਜੰਗੀ ਹੁਨਰ** : ਯੁੱਧ ਦੀ ਮੁਹਾਰਤ
**ਸ੍ਵੈਰੱਖਿਆ** : ਆਪਣੀ ਰੱਖਿਆ ਆਪ ਕਰਨਾ
**ਗਦਾ-ਯੁੱਧ** : ਗੁਰਜ ਨਾਲ਼ ਕੀਤਾ ਜਾਣ ਵਾਲ਼ਾ ਯੁੱਧ
**ਯੂਨੀਵਰਸਿਟੀਆਂ** : ਜਿੱਥੇ ਉਚੇਰੀ ਵਿੱਦਿਆ ਪ੍ਰਾਪਤ ਕੀਤੀ ਜਾਂਦੀ ਹੈ,
**ਫਰੀ** : ਛੋਟੀ ਢਾਲ਼
**ਉਸਤਾਦ** : ਸਿਖਾਉਣ ਵਾਲ਼ਾ/ ਅਧਿਆਪਕ
**ਸ਼ਗਿਰਦ** : ਸਿੱਖਣ ਵਾਲ਼ਾ/ ਸਿਖਿਆਰਥੀ
**ਅਖਾੜੇ** : ਅਭਿਆਸ ਕਰਨ ਦਾ ਸਥਾਨ
**ਭੁਜੰਗੀ** : ਗਤਕੇ ਦਾ ਸਿਖਿਆਰਥੀ
**ਪੈਂਤੜਾ ਲੈਣਾ** : ਹਾਲਾਤ ਅਨੁਸਾਰ ਆਪਣੀ ਸਥਿਤੀ ਨਿਰਧਾਰਿਤ ਕਰਨਾ
**ਨਜ਼ਰੀਂ ਚੜ੍ਹਨਾ** : ਧਿਆਨ ਵਿੱਚ ਆਉਣਾ
**ਹਰਮਨ-ਪਿਆਰੀ** : ਹਰ ਇੱਕ ਦੇ ਮਨ ਨੂੰ ਭਾਉਣ ਵਾਲ਼ੀ

| | | | | | |
|---|---|---|---|---|---|
| **ਚਾਲ-ਚਲਣ** | : | ਚਰਿੱਤਰ | **ਨੇਕ** | : | ਚੰਗਾ |
| **ਨਿਤਾਣੇ** | : | ਕਮਜ਼ੋਰ | **ਢਾਲ਼ ਬਣਨਾ** | : | ਰੱਖਿਆ ਕਰਨੀ |
| **ਜੁੱਸੇ** | : | ਸਰੀਰ | **ਦਾਅ-ਪੇਚ** | : | ਢੰਗ-ਤਰੀਕੇ |
| **ਜੌਹਰ** | : | ਕਮਾਲ | **ਵਿੱਸਰ ਰਹੀ** | : | ਗੁਆਚ ਰਹੀ |
| **ਪਿਛੋਕੜ** | : | ਇਤਿਹਾਸ | **ਥਲ** | : | ਜ਼ਮੀਨ |
| **ਭੂਗੋਲਿਕ** | : | ਧਰਤੀ ਉੱਤੇ ਸਥਿਤੀ ਅਨੁਸਾਰ | **ਆਤਮ-ਸੁਰੱਖਿਆ** | : | ਆਪਣੀ ਰੱਖਿਆ |



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਗਤਕੇ ਦੀ ਸ਼ੁਰੂਆਤ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਹੋਈ।
- ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਅਤੇ ਪਾਉਂਟਾ ਸਾਹਿਬ ਗਤਕੇ ਦੇ ਵੱਡੇ ਕੇਂਦਰ ਸਨ।
- ਗਤਕਾ ਸਿੱਖਣ ਵਾਲ਼ੇ ਨੂੰ ਭੁਜੰਗੀ ਕਿਹਾ ਜਾਂਦਾ ਹੈ।
- ਗਤਕੇ ਦੀ ਲੋੜ ਆਤਮ-ਸੁਰੱਖਿਆ ਕਾਰਨ ਹੋਂਦ ਵਿੱਚ ਆਈ।
- ਉਲੰਪਿਕ ਖੇਡਾਂ ਵਿੱਚ ਖੇਡੀ ਜਾਂਦੀ ਖੇਡ 'ਫ਼ੈਂਸਿੰਗ' ਗਤਕੇ ਦਾ ਹੀ ਸੁਧਰਿਆ ਹੋਇਆ ਇੱਕ ਰੂਪ ਹੈ।



Downloaded from https:// www.studiestoday.com

Downloaded from https:// www.studiestoday.com

## ੲ. ਜ਼ਬਾਨੀ ਅਭਿਆਸ:

(1) ਤੁਸੀਂ ਗਤਕਾ ਖੇਡਦਿਆਂ ਕਿਸ ਨੂੰ ਅਤੇ ਕਿੱਥੇ ਵੇਖਿਆ ਹੈ ?

(2) ਇਹ ਖੇਡ ਹੁਣ ਕਿਹੜੇ ਮੁਕਾਬਲਿਆਂ ਵਿੱਚ ਸ਼ਾਮਲ ਹੈ ?

(3) ਇਹ ਖੇਡ ਉਲੰਪਿਕ ਦੀ ਕਿਹੜੀ ਖੇਡ ਦਾ ਸੁਧਰਿਆ ਹੋਇਆ ਰੂਪ ਹੈ ?

(4) 'ਖ਼ੁਤਕਾ' ਕਿਹੜੀ ਭਾਸ਼ਾ ਦਾ ਸ਼ਬਦ ਹੈ ?

## ਪਾਠ-ਅਭਿਆਸ



## ਅ. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:

(1) ਗਤਕਾ ਖੇਡ ਹੋਂਦ ਵਿੱਚ ਕਿਉਂ ਆਈ ਅਤੇ ਇਹ ਕਿਸ ਕਿਸਮ ਦਾ ਹੁਨਰ ਹੈ ?

......................................................................................................

......................................................................................................

......................................................................................................

(2) ਗਤਕਾ ਖੇਡਣ ਸਮੇਂ ਕਿਹੜੇ-ਕਿਹੜੇ ਹਥਿਆਰ ਵਰਤੋਂ ਵਿੱਚ ਲਿਆਂਦੇ ਜਾਂਦੇ ਹਨ ?

......................................................................................................

......................................................................................................

......................................................................................................

(3) ਗਤਕੇ ਦਾ ਉਸਤਾਦ ਗਤਕਾ ਸਿਖਾਉਣ ਤੋਂ ਪਹਿਲਾਂ ਸਿਖਿਆਰਥੀ ਨੂੰ ਕੀ ਸਿੱਖਿਆ ਦਿੰਦਾ ਹੈ ?

......................................................................................................

......................................................................................................

......................................................................................................



Downloaded from https:// www.studiestoday.com

Downloaded from https:// www.studiestoday.com

(4) ਗਤਕੇ ਦੇ ਅਖਾੜੇ ਵਿੱਚ ਜਾਣ ਤੋਂ ਪਹਿਲਾਂ ਖਿਡਾਰੀ ਕਿਸ ਤਰ੍ਹਾਂ ਦੀ ਤਿਆਰੀ ਕਰਦਾ ਹੈ ?

..........................................................................................

..........................................................................................

..........................................................................................

(5) ਗਤਕੇ ਦੀ ਖੇਡ ਦੇ ਮੁੱਖ ਕੇਂਦਰ ਕਿਹੜੇ ਹਨ ?

..........................................................................................

..........................................................................................

..........................................................................................

(6) ਅੱਜ-ਕੱਲ੍ਹ ਗਤਕੇ ਦੀ ਖੇਡ ਕਿੱਥੇ-ਕਿੱਥੇ ਖੇਡੀ ਜਾਂਦੀ ਹੈ ?

..........................................................................................

..........................................................................................

..........................................................................................

**ੲ. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ:**

1. ਗਤਕਾ __________ ਦੀ ਸਿੱਖਿਆ ਦਾ ਪਹਿਲਾ ਪੜਾਅ ਹੈ।
2. ਕੁਸ਼ਤੀ ਵਾਂਗ ਇਸ ਖੇਡ ਵਿੱਚ ਵੀ __________ ਚੱਲਦੀ ਹੈ।
3. ਉਸਤਾਦਾਂ ਦੇ ਆਪਣੇ __________ ਹੁੰਦੇ ਹਨ।
4. ਉਸਤਾਦ ਕੁਝ ਰਸਮਾਂ ਪੂਰੀਆਂ ਕਰ ਕੇ ਬੱਚੇ ਨੂੰ __________ ਬਣਾਉਂਦੇ ਹਨ।
5. ਹੁਣ __________ ਵੀ ਇਹ ਹਰਮਨ-ਪਿਆਰੀ ਖੇਡ ਹੈ।
6. __________ ਦੀ ਇਹ ਹਰਮਨ-ਪਿਆਰੀ ਖੇਡ ਹੈ।

(ਅਖਾੜੇ, ਨਿਹੰਗ ਸਿੰਘਾਂ, ਗਦਾ-ਯੁੱਧ, ਔਰਤਾਂ, ਉਸਤਾਦੀ-ਸ਼ਗਿਰਦੀ, ਭੁਜੰਗੀ)



Downloaded from https:// www.studiestoday.com

Downloaded from https:// www.studiestoday.com

**ਸ. ਹੇਠ ਲਿਖੇ ਸ਼ਬਦਾਂ ਵਿੱਚੋਂ ਆਮ ਨਾਂਵ ’ਤੇ ਗੋਲ਼ਾ ਲਾਓ ਅਤੇ ਖ਼ਾਸ ਨਾਂਵ ’ਤੇ ਸਹੀ ਦਾ ਨਿਸ਼ਾਨ ਲਾਓ।**

| | | |
|---|---|---|
| ਗੁਰੂ ਹਰਗੋਬਿੰਦ ਜੀ | ਮਹਾਰਾਜਾ ਰਣਜੀਤ ਸਿੰਘ | ਸੈਨਿਕ |
| ਜਪਾਨ | ਸਕੂਲ | ਮੁੰਡੇ |
| ਢਾਲ਼ | ਕੁੜੀਆਂ | ਕਾਲਜ |
| ਬੱਚੇ | ਭੁਜੰਗੀ | ਅਨੰਦਪੁਰ ਸਾਹਿਬ |
| ਜਰਨੈਲ ਹਰੀ ਸਿੰਘ ਨਲੂਆ | ਯੂਨੀਵਰਸਿਟੀਆਂ | ਮਰਦ |
| ਪੰਜਾਬ | | |

**ਹ. ਸ਼ਬਦ-ਜੋੜ ਸ਼ੁੱਧ ਕਰ ਕੇ ਲਿਖੋ:**

| | | | |
|---|---|---|---|
| ਭੁਗੋਲਕ | ____________ | ਭੁਝੰਗੀ | ____________ |
| ਸਖਲਾਈ | ____________ | ਯੂਨੀਵਰਸਟੀ | ____________ |
| ਓਲੰਪਕ | ____________ | ਪਛੋਕੜ | ____________ |

**ਕ. ਗਤਕੇ ਬਾਰੇ ਲਿਖੋ (ਸਮਝ-ਆਧਾਰਿਤ ਸਿਰਜਣਾਤਮਿਕ ਪਰਖ) :**






Downloaded from https:// www.studiestoday.com

Downloaded from https:// www.studiestoday.com

ਖ. ਕਿਸੇ ਸਮਾਗਮ ਵਿੱਚ ਵੇਖੀ ਗਈ ਗਤਕੇ ਦੀ ਖੇਡ ਬਾਰੇ ਕੁਝ ਸਤਰਾਂ ਲਿਖੋ।

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

**ਅਧਿਆਪਕ ਲਈ ਅਗਵਾਈ-ਲੀਹਾਂ:**

- ਪਾਠ ਵਿੱਚ ਆਏ ਔਖੇ ਸ਼ਬਦਾਂ ਦੇ ਸ਼ੁੱਧ ਉਚਾਰਨ ਦਾ ਅਭਿਆਸ ਕਰਵਾਇਆ ਜਾਵੇ।
- ਆਮ-ਨਾਂਵ ਅਤੇ ਖ਼ਾਸ ਨਾਂਵ ਦਾ ਸੰਕਲਪ ਕਰਵਾਇਆ ਜਾਵੇ।



Downloaded from https:// www.studiestoday.com

Downloaded from https:// www.studiestoday.com

ਪਾਠ – 3

# ਬਾਰਾਂਮਾਹਾ



ਚੇਤ ਮਹੀਨਾ ਚੜ੍ਹਦਾ ਹੈ,
ਕਣਕੀਂ ਸੋਨਾ ਮੜ੍ਹਦਾ ਹੈ।
ਵਿਸਾਖ, ਵਿਸਾਖੀ ਨ੍ਹਾਉਂਦੇ ਹਾਂ,
ਦਾਣੇ ਘਰ ਵਿੱਚ ਲਿਆਉਂਦੇ ਹਾਂ।
ਜੇਠ ਮਹੀਨਾ ਲੂਆਂ ਦਾ,
ਪਾਣੀ ਸੁੱਕਦਾ ਖੂਹਾਂ ਦਾ।
ਹਾੜ੍ਹ ਮਹੀਨਾ ਤਪਦਾ ਹੈ,
ਸਾਨੂੰ ਅੰਦਰੇ ਰੱਖਦਾ ਹੈ।
ਸਾਵਣ ਬੱਦਲ਼ ਵੱਸਦੇ ਨੇ,
ਅੰਬ-ਜਮੋਏ ਰਸਦੇ ਨੇ।





Downloaded from https:// www.studiestoday.com

Downloaded from https:// www.studiestoday.com

ਭਾਦੋਂ ਧੁੱਪਾਂ ਕਹਿਰ ਦੀਆਂ,
ਝੜੀਆਂ ਕਈ-ਕਈ ਪਹਿਰ ਦੀਆਂ।
ਅੱਸੂ ਮਾਹ ਨਿਰਾਲਾ ਹੈ,
ਨਾ ਗਰਮੀ ਹੈ, ਨਾ ਪਾਲ਼ਾ ਹੈ।
ਕੱਤਕ ਵੰਡੇ ਚਾਨਣੀਆਂ,
ਰਾਤਾਂ ਨੂੰ ਬਹਿ ਮਾਣਨੀਆਂ।
ਮੱਘਰ ਨੂੰ ਗਲ਼ ਲਾਉਂਦੇ ਹਾਂ,
ਕੋਟ-ਸ੍ਵੈਟਰ ਪਾਉਂਦੇ ਹਾਂ।
ਪੋਹ ਵਿੱਚ ਪਾਲ਼ਾ ਖੇਸੀ ਦਾ,
ਧੂਣੀਆਂ ਲਾ-ਲਾ ਸੇਕੀਦਾ।
ਮਾਘ ਨਜ਼ਾਰੇ ਧੁੱਪਾਂ ਦੇ,
ਪੱਤੇ ਝੜਦੇ ਰੁੱਖਾਂ ਦੇ।
ਫੱਗਣ ਫੁੱਲ ਖਿੜਾਉਂਦਾ ਹੈ,
ਸਭ ਦੇ ਮਨ ਨੂੰ ਭਾਉਂਦਾ ਹੈ।
ਬਾਰਾਂਮਾਹਾ ਪੜ੍ਹਦੇ ਜੋ,
ਗੱਲ ਸਿਆਣੀ ਕਰਦੇ ਉਹ।





## ਔਖੇ ਸ਼ਬਦਾਂ ਦੇ ਅਰਥ

| | | | | | |
|---|---|---|---|---|---|
| **ਲੂਆਂ** | : | ਗਰਮ ਹਵਾਵਾਂ | **ਵੱਸਦੇ** | : | ਵਰ੍ਹਦੇ |
| **ਜਮੋਏ** | : | ਜਾਮਣ ਦੇ ਫਲ਼ ਦੀ ਕਿਸਮ | **ਕਹਿਰ** | : | ਮੁਸੀਬਤ |
| **ਝੜੀਆਂ** | : | ਲਗਾਤਾਰ ਪੈਣ ਵਾਲ਼ਾ ਮੀਂਹ | **ਮਾਹ** | : | ਮਹੀਨਾ |
| **ਪਹਿਰ** | : | ਚੌਵੀ ਘੰਟਿਆਂ (ਦਿਨ-ਰਾਤ) ਦਾ ਅੱਠਵਾਂ ਹਿੱਸਾ | | | |
| **ਨਿਰਾਲਾ** | : | ਵੱਖਰਾ/ਅਨੋਖਾ | **ਭਾਉਂਦਾ** | : | ਚੰਗਾ ਲੱਗਦਾ |
| **ਬਾਰਾਂਮਾਹਾ** | : | ਬਾਰਾਂ ਮਹੀਨੇ | | | |



Downloaded from https:// www.studiestoday.com

Downloaded from https:// www.studiestoday.com



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਇੱਕ ਸਾਲ ਵਿੱਚ 12 ਦੇਸੀ ਮਹੀਨੇ ਹੁੰਦੇ ਹਨ।
- ਲੋਹੜੀ ਪੋਹ ਮਹੀਨੇ ਦੇ ਆਖ਼ਰੀ ਦਿਨ ਮਨਾਈ ਜਾਂਦੀ ਹੈ।
- ਮਾਘੀ ਦਾ ਮੇਲਾ ਸ੍ਰੀ ਮੁਕਤਸਰ ਸਾਹਿਬ ਵਿਖੇ ਲੱਗਦਾ ਹੈ।
- ਦੇਸੀ ਮਹੀਨਿਆਂ ਵਿੱਚ ਚੇਤ ਪਹਿਲਾ ਅਤੇ ਫੱਗਣ ਆਖ਼ਰੀ ਮਹੀਨਾ ਹੁੰਦਾ ਹੈ।

## ਪਾਠ-ਅਭਿਆਸ



### ੳ. ਜ਼ਬਾਨੀ ਅਭਿਆਸ:

(1) ਵਿਸਾਖੀ ਕਿਸ ਮਹੀਨੇ ਮਨਾਈ ਜਾਂਦੀ ਹੈ ?

(2) ਬਾਰਾਂਮਾਹਾ ਦਾ ਕੀ ਭਾਵ ਹੈ ?

(3) ਫੱਗਣ ਮਹੀਨਾ ਸਭ ਦੇ ਮਨ ਨੂੰ ਕਿਉਂ ਭਾਉਂਦਾ ਹੈ ?

(4) ਕਵਿਤਾ ਨੂੰ ਗਾ ਕੇ ਸੁਣਾਓ।

### ਅ. ਕਵਿਤਾ ਵਿੱਚੋਂ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:

- **ਅੱਸੂ ਮਾਹ ਨਿਰਾਲਾ ਹੈ, .................. ਧੂਣੀਆਂ ਲਾ-ਲਾ ਸੇਕੀਦਾ।**

(1) ਅੱਸੂ ਮਹੀਨੇ ਮੌਸਮ ਕਿਹੋ-ਜਿਹਾ ਹੁੰਦਾ ਹੈ ?

.............................................................................................

.............................................................................................

.............................................................................................

(2) ਅਸੀਂ ਕਿਸ ਮਹੀਨੇ ਚਾਨਣੀਆਂ ਰਾਤਾਂ ਦਾ ਅਨੰਦ ਮਾਣਦੇ ਹਾਂ ?

.............................................................................................

.............................................................................................

.............................................................................................



Downloaded from https:// www.studiestoday.com

Downloaded from https:// www.studiestoday.com

(3) ਕੋਟ-ਸ੍ਵੈਟਰ ਕਿਸ ਮਹੀਨੇ ਪਾਏ ਜਾਂਦੇ ਹਨ ?

.............................................................................................................

.............................................................................................................

.............................................................................................................

(4) ਪੋਹ ਵਿੱਚ ਕਿਹੋ-ਜਿਹੀ ਠੰਢ ਹੁੰਦੀ ਹੈ ?

.............................................................................................................

.............................................................................................................

.............................................................................................................

**ੲ. ਕਵਿਤਾ ਵਿੱਚ ਆਏ ਔਖੇ ਸ਼ਬਦਾਂ ਦੀ ਬੋਲ-ਲਿਖਤ ਕਰਵਾਈ ਜਾਵੇ:**

| | | | |
|---|---|---|---|
| ਲੂਆਂ | ................ | ................ | ................ |
| | ................ | ................ | ................ |
| | ................ | ................ | ................ |

**ਸ. ਦੇਸੀ ਮਹੀਨਿਆਂ ਦੇ ਨਾਂ ਲਿਖੋ:**

| | | | |
|---|---|---|---|
| ਚੇਤ | ................ | ................ | ................ |
| ................ | ................ | ................ | ................ |
| ................ | ................ | ................ | ................ |

**ਹ. ਸਤਰਾਂ ਪੂਰੀਆਂ ਕਰੋ:**

1. ਵਿਸਾਖ, ਵਿਸਾਖੀ ਨ੍ਹਾਉਂਦੇ ਹਾਂ, ........................................................
2. ਭਾਦੋਂ ਧੁੱਪਾਂ ਕਹਿਰ ਦੀਆਂ, ........................................................
3. ਪੋਹ ਵਿੱਚ ਪਾਲ਼ਾ ਖੇਸੀ ਦਾ, ........................................................
4. ਫੱਗਣ ਫੁੱਲ ਖਿੜਾਉਂਦਾ ਹੈ, ........................................................



Downloaded from https:// www.studiestoday.com

Downloaded from https:// www.studiestoday.com

ਕ. ਰੁੱਤਾਂ ਦੇ ਨਾਂ ਲਿਖੋ (ਸਮਝ-ਆਧਾਰਿਤ ਸਿਰਜਣਾਤਮਿਕ ਪਰਖ):




ਗ. ਦੇਸੀ ਮਹੀਨੇ ਜਿਨ੍ਹਾਂ ਅੰਗਰੇਜ਼ੀ ਮਹੀਨਿਆਂ ਵਿੱਚ ਆਉਂਦੇ ਹਨ,ਉਹਨਾਂ ਦਾ ਮਿਲਾਣ ਕਰੋ:

| | |
|---|---|
| ਚੇਤ | ਅਕਤੂਬਰ-ਨਵੰਬਰ |
| ਵਿਸਾਖ | ਜੂਨ-ਜੁਲਾਈ |
| ਜੇਠ | ਦਸੰਬਰ-ਜਨਵਰੀ |
| ਹਾੜ | ਜੁਲਾਈ-ਅਗਸਤ |
| ਸਾਵਣ | ਮਾਰਚ-ਅਪਰੈਲ |
| ਭਾਦੋਂ | ਅਪਰੈਲ-ਮਈ |
| ਅੱਸੂ | ਨਵੰਬਰ-ਦਸੰਬਰ |
| ਕੱਤਕ | ਜਨਵਰੀ-ਫ਼ਰਵਰੀ |
| ਮੱਘਰ | ਸਤੰਬਰ-ਅਕਤੂਬਰ |
| ਪੋਹ | ਫ਼ਰਵਰੀ-ਮਾਰਚ |
| ਮਾਘ | ਅਗਸਤ-ਸਤੰਬਰ |
| ਫੱਗਣ | ਮਈ-ਜੂਨ |



Downloaded from https:// www.studiestoday.com

Downloaded from https:// www.studiestoday.com

ਖ. ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਸ਼ੁੱਧ ਸ਼ਬਦਾਂ ਸਾਹਮਣੇ ✓ ਦਾ ਨਿਸ਼ਾਨ ਲਾਓ:-

| | | | | | |
|---|---|---|---|---|---|
| ਬੱਦਲ | ☐ | ਬਦਲ਼ | ☐ | ਬੱਦਲ਼ | ☐ |
| ਅੰਮ | ☐ | ਅੰਬ | ☐ | ਅਂਬ | ☐ |
| ਨਜ਼ਾਰੇ | ☐ | ਨਜਾਰੇ | ☐ | ਨਿਜਾਰੇ | ☐ |
| ਫੱਗਣ | ☐ | ਫ਼ੱਗਣ | ☐ | ਫ਼ੱਗਨ | ☐ |



Downloaded from https:// www.studiestoday.com

Downloaded from https:// www.studiestoday.com

ਪਾਠ-4

# ਸ਼ਹੀਦ ਊਧਮ ਸਿੰਘ



ਸ. ਊਧਮ ਸਿੰਘ ਰੇਲਵੇ ਫਾਟਕ ਦੇ ਇੱਕ ਚੌਕੀਦਾਰ ਦਾ ਪੁੱਤਰ ਸੀ। ਬਚਪਨ ਵਿੱਚ ਹੀ ਉਸ ਦੇ ਮਾਤਾ-ਪਿਤਾ ਦਾ ਦਿਹਾਂਤ ਹੋ ਗਿਆ ਸੀ ਇਸ ਲਈ ਪੰਜ-ਛੇ ਸਾਲ ਦੀ ਉਮਰ ਵਿੱਚ ਉਸ ਨੂੰ ਅੰਮ੍ਰਿਤਸਰ ਦੇ ਖ਼ਾਲਸਾ ਕੇਂਦਰੀ ਯਤੀਮਖ਼ਾਨੇ ਵਿੱਚ ਦਾਖ਼ਲ ਕਰਵਾ ਦਿੱਤਾ ਗਿਆ।

ਉਹਨਾਂ ਦਿਨਾਂ ਵਿੱਚ ਅੰਮ੍ਰਿਤਸਰ ਸ਼ਹਿਰ ਉਦਯੋਗਿਕ, ਵਪਾਰਿਕ ਅਤੇ ਵਿੱਦਿਆ ਦੇ ਖੇਤਰਾਂ ਵਿੱਚ ਬੜੀ ਤਰੱਕੀ ਕਰ ਰਿਹਾ ਸੀ। ਇਸ ਤਰੱਕੀ ਦੇ ਨਾਲ਼-ਨਾਲ਼ ਉੱਥੋਂ ਦੇ ਲੋਕਾਂ ਵਿੱਚ ਰਾਜਨੀਤਿਕ ਜਾਗ੍ਰਿਤੀ ਵੀ ਆ ਰਹੀ ਸੀ। ਜਦੋਂ ਊਧਮ ਸਿੰਘ ਸਕੂਲ ਵਿੱਚ ਪੜ੍ਹ ਰਿਹਾ ਸੀ ਤਾਂ ਅੰਮ੍ਰਿਤਸਰ ਵਿੱਚ ਜਲ੍ਹਿਆਂਵਾਲ਼ੇ ਬਾਗ਼ ਦਾ ਖ਼ੂਨੀ ਸਾਕਾ ਵਾਪਰਿਆ। ਊਧਮ ਸਿੰਘ ਨੇ ਆਪਣੀ ਅੱਖੀਂ ਪੰਜ ਸੌ ਤੋਂ ਵੱਧ ਬੰਦਿਆਂ ਨੂੰ ਗੋਲ਼ੀਆਂ ਨਾਲ਼ ਭੁੰਨੇ ਹੋਏ ਵੇਖਿਆ ਸੀ। ਉਸ ਦੇ ਮਨ ਉੱਤੇ ਇਸ ਕਤਲੇਆਮ ਦਾ ਬੜਾ ਡੂੰਘਾ ਅਸਰ ਹੋਇਆ। ਉਸ ਦੇ ਮਨ ਉੱਤੇ ਇਸ ਗੱਲ ਦਾ ਹਮੇਸ਼ਾਂ ਭਾਰ ਰਹਿਣ ਲੱਗ ਪਿਆ। ਉਹ ਕਿਸੇ ਨਾ ਕਿਸੇ ਤਰੀਕੇ ਨਾਲ਼ ਇਸ ਦਾ ਬਦਲਾ ਲੈਣਾ ਚਾਹੁੰਦਾ ਸੀ।

ਇਸ ਸਾਕੇ ਤੋਂ ਕੋਈ ਤੇਰ੍ਹਾਂ ਸਾਲਾਂ ਪਿੱਛੋਂ ਊਧਮ ਸਿੰਘ ਨੂੰ ਕਸ਼ਮੀਰ ਵਿੱਚ ਵੇਖਿਆ ਗਿਆ। ਉਹ ਸ਼ਹੀਦ ਭਗਤ ਸਿੰਘ ਦੀ ਤਸਵੀਰ ਲੈ ਕੇ ਬੜੇ ਚਾਅ ਨਾਲ਼ ਨੱਚ ਰਿਹਾ ਸੀ। ਉਹ ਸ਼ਹੀਦ ਭਗਤ ਸਿੰਘ ਨੂੰ ਆਪਣਾ ਗੁਰੂ ਮੰਨਦਾ ਸੀ। ਉਹ ਕਰਤਾਰ ਸਿੰਘ ਸਰਾਭੇ ਅਤੇ ਸ਼ਹੀਦ ਮਦਨ ਲਾਲ ਢੀਂਗਰੇ ਦੀ ਕੁਰਬਾਨੀ ਤੋਂ ਵੀ ਬਹੁਤ ਪ੍ਰਭਾਵਿਤ ਸੀ। ਇਹਨਾਂ ਸ਼ਹੀਦਾਂ ਵਾਂਗ ਹੀ ਉਸ ਦੇ ਮਨ ਵਿੱਚ ਵੀ ਇਨਕਲਾਬੀ ਜੋਸ਼ ਠਾਠਾਂ ਮਾਰਨ ਲੱਗ ਪਿਆ ਸੀ।



Downloaded from https:// www.studiestoday.com

Downloaded from https:// www.studiestoday.com

ਊਧਮ ਸਿੰਘ ਆਪਣੇ ਮਨ ਦੀ ਗੱਲ ਕਿਸੇ ਨੂੰ ਘੱਟ-ਵੱਧ ਹੀ ਦੱਸਦਾ ਸੀ। ਉਹ ਬਿਨਾਂ ਕਿਸੇ ਨੂੰ ਦੱਸੇ ਕਸ਼ਮੀਰ ਛੱਡ ਕੇ ਇੰਗਲੈਂਡ ਚਲਾ ਗਿਆ। ਇੰਞ ਲੱਗਦਾ ਸੀ, ਜਿਵੇਂ ਜਲ੍ਹਿਆਂਵਾਲ਼ੇ ਬਾਗ਼ ਦਾ ਸਾਕਾ ਉਸ ਨੂੰ ਚੈਨ ਨਹੀਂ ਸੀ ਲੈਣ ਦੇ ਰਿਹਾ।

ਉਹ ਜਲ੍ਹਿਆਂਵਾਲ਼ੇ ਬਾਗ਼ ਵਿੱਚ ਹੋਏ ਕਤਲੇਆਮ ਦੇ ਅਸਲ ਜ਼ੁੰਮੇਵਾਰ ਸਰ ਮਾਈਕਲ ਉਡਵਾਇਰ ਕੋਲ਼ੋ ਬਦਲਾ ਲੈਣਾ ਚਾਹੁੰਦਾ ਸੀ। ਇੰਗਲੈਂਡ ਵਿੱਚ ਵੀ ਉਹ ਉਡਵਾਇਰ ਨੂੰ ਕਤਲ ਕਰਨ ਦੀ ਤਾਕ ਵਿੱਚ ਹੀ ਰਹਿੰਦਾ ਸੀ।

ਅਖ਼ੀਰ 1940 ਈ. ਵਿੱਚ ਇੱਕ ਦਿਨ ਊਧਮ ਸਿੰਘ ਨੂੰ ਪਤਾ ਲੱਗਾ ਕਿ ਮਾਈਕਲ ਉਡਵਾਇਰ ਇੱਕ ਮੀਟਿੰਗ ਵਿੱਚ ਭਾਗ ਲਵੇਗਾ। ਊਧਮ ਸਿੰਘ ਨੂੰ ਇਹ ਇੱਕ ਸੁਨਹਿਰੀ ਮੌਕਾ ਜਾਪਿਆ। ਉਹ ਕਿਸੇ ਨਾ ਕਿਸੇ ਤਰ੍ਹਾਂ ਮੀਟਿੰਗ ਵਿੱਚ ਪਹੁੰਚ ਗਿਆ। ਅਜੇ ਮੀਟਿੰਗ ਖ਼ਤਮ ਹੀ ਹੋਈ ਸੀ ਕਿ ਉਸ ਨੇ ਆਪਣਾ ਲੁਕੋਇਆ ਹੋਇਆ ਪਸਤੌਲ ਕੱਢਿਆ ਤੇ ਮਾਈਕਲ ਉਡਵਾਇਰ ਨੂੰ ਗੋਲ਼ੀਆਂ ਮਾਰ ਕੇ ਖ਼ਤਮ ਕਰ ਦਿੱਤਾ।

ਉਡਵਾਇਰ ਨੂੰ ਮਾਰ ਕੇ ਊਧਮ ਸਿੰਘ ਆਪਣੇ ਬਚਾਅ ਲਈ ਉੱਥੋਂ ਭੱਜਿਆ ਨਹੀਂ। ਉਹ ਉੱਥੇ ਹੀ ਡਟਿਆ ਖੜ੍ਹਾ ਰਿਹਾ। ਹਾਲਾਂ ਵੀ ਉਸ ਕੋਲ਼ ਕਈ ਗੋਲ਼ੀਆਂ ਬਾਕੀ ਸਨ ਤੇ ਇੱਕ ਚਾਕੂ ਵੀ ਸੀ। ਜੇ ਉਹ ਚਾਹੁੰਦਾ ਤਾਂ ਹੋਰ ਅੰਗਰੇਜ਼ਾਂ ਨੂੰ ਮਾਰ ਕੇ ਉੱਥੋਂ ਭੱਜ ਸਕਦਾ ਸੀ। ਇਸ ਘਟਨਾ ਨਾਲ਼ ਏਨਾ ਸਹਿਮ ਛਾ ਗਿਆ ਕਿ ਪੁਲਿਸ-ਇਨਸਪੈਕਟਰ ਨੇ ਵੀ ਊਧਮ ਸਿੰਘ ਨੂੰ ਡਰਦਿਆਂ-ਡਰਦਿਆਂ ਗਰਿਫ਼ਤਾਰ ਕੀਤਾ।

ਊਧਮ ਸਿੰਘ ਨੂੰ ਇਸ ਗੱਲ ਦੀ ਕੋਈ ਚਿੰਤਾ ਨਹੀਂ ਸੀ ਕਿ ਇਸ ਘਟਨਾ ਬਦਲੇ ਉਸ ਨੂੰ ਕੀ ਸਜ਼ਾ ਮਿਲ਼ੇਗੀ। ਮੁਕੱਦਮਾ ਚੱਲਿਆ ਤਾਂ ਉਸ ਨੇ ਆਪਣੇ ਬਚਾਅ ਲਈ ਕੋਈ ਵਕੀਲ ਨਹੀਂ ਕੀਤਾ। ਉਸ ਨੇ ਬੜੀ ਦਲੇਰੀ ਨਾਲ਼ ਬਿਆਨ ਦਿੰਦਿਆਂ ਕਿਹਾ, "ਮੈਂ ਮਾਈਕਲ ਉਡਵਾਇਰ ਨੂੰ ਮਾਰ ਕੇ ਦੇਸ ਦੀ ਖ਼ਾਤਰ ਆਪਣਾ ਫ਼ਰਜ਼ ਨਿਭਾਇਆ ਹੈ । ਇਸ ਲਈ ਮੈਂ ਫਾਂਸੀ ਉੱਤੇ ਝੂਲ ਜਾਣਾ ਹੀ ਚੰਗਾ ਸਮਝਾਂਗਾ।"

ਇਸ ਮਹਾਨ ਸੂਰਮੇ ਇਨਕਲਾਬੀ ਨੂੰ ਇਸੇ ਜੁਰਮ ਬਦਲੇ ਫਾਂਸੀ ਦੀ ਸਜਾ ਦਿੱਤੀ ਗਈ।

## ਔਖੇ ਸ਼ਬਦਾਂ ਦੇ ਅਰਥ

**ਦਿਹਾਂਤ** : ਮੌਤ ਹੋ ਜਾਣੀ
**ਤਰੱਕੀ** : ਵਾਧਾ ਹੋਣਾ
**ਯਤੀਮਖ਼ਾਨੇ** : ਜਿੱਥੇ ਉਹ ਬੱਚੇ ਰਹਿੰਦੇ ਹਨ ਜਿਨ੍ਹਾਂ ਦੇ ਮਾਂ-ਬਾਪ ਨਹੀਂ ਹੁੰਦੇ
**ਉਦਯੋਗਿਕ** : ਜਿੱਥੇ ਵੱਖ-ਵੱਖ ਵਸਤਾਂ ਦੇ ਕਾਰਖ਼ਾਨੇ ਹੋਣ
**ਵਪਾਰਿਕ** : ਖ਼ਰੀਦਣ-ਵੇਚਣ ਨਾਲ਼ ਸੰਬੰਧਿਤ
**ਜਾਗ੍ਰਿਤੀ** : ਚੇਤੰਨਤਾ
**ਖ਼ੂਨੀ ਸਾਕਾ ਵਾਪਰਨਾ** : ਵੱਡੀ ਪੱਧਰ 'ਤੇ ਕਤਲ ਹੋਣੇ
**ਕਤਲੇਆਮ** : ਬੇਕਸੂਰ ਲੋਕਾਂ ਨੂੰ ਮਾਰ ਦੇਣਾ
**ਭਾਰ ਰਹਿਣ ਲੱਗ ਪੈਣਾ** : ਮਨ 'ਤੇ ਬੋਝ ਰਹਿਣਾ
**ਚਾਅ ਨਾਲ਼ ਨੱਚਣਾ** : ਬਹੁਤ ਖ਼ੁਸ਼ ਹੋਣਾ
**ਪ੍ਰਭਾਵਿਤ** : ਮਨ ਵਿੱਚ ਬਿਠਾ ਲੈਣਾ
**ਸਹਿਮ ਛਾ ਜਾਣਾ** : ਡਰ ਜਾਣਾ
**ਸੁਨਹਿਰੀ ਮੌਕਾ**:ਢੁਕਵਾਂ ਸਮਾਂ
**ਦਲੇਰੀ** : ਹਿੰਮਤ,ਬਹਾਦਰੀ
**ਸੂਰਮੇ** : ਬਹਾਦਰ
**ਜੁਰਮ** : ਕਸੂਰ
**ਤਾਕ ਵਿੱਚ ਰਹਿਣਾ** : ਕਿਸੇ ਦਾਅ ਦੀ ਉਡੀਕ ਵਿੱਚ ਰਹਿਣਾ
**ਫਾਂਸੀ ਉੱਤੇ ਝੂਲ ਜਾਣਾ** : ਆਪਣੀ ਜਾਨ ਵਾਰ ਦੇਣਾ



Downloaded from https:// www.studiestoday.com

Downloaded from https:// www.studiestoday.com



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ, 1899 ਈਸਵੀ ਨੂੰ ਪਿੰਡ ਸੁਨਾਮ ਜ਼ਿਲ੍ਹਾ ਸੰਗਰੂਰ ਵਿੱਚ ਹੋਇਆ।
- ਸ਼ਹੀਦ ਊਧਮ ਸਿੰਘ ਦੇ ਪਿਤਾ ਸ. ਟਹਿਲ ਸਿੰਘ ਅਤੇ ਮਾਤਾ ਸ੍ਰੀਮਤੀ ਨਰਾਇਣ ਕੌਰ ਸਨ।
- ਪਹਿਲਾਂ ਸ਼ਹੀਦ ਊਧਮ ਸਿੰਘ ਦਾ ਨਾਂ ਸ਼ੇਰ ਸਿੰਘ ਸੀ। ਯਤੀਮਖ਼ਾਨੇ ਦਾਖ਼ਲ ਹੋਣ ਸਮੇਂ ਉਸ ਦਾ ਨਾਂ ਬਦਲ ਕੇ ਊਧਮ ਸਿੰਘ ਰੱਖਿਆ ਗਿਆ ਸੀ।
- ਸ਼ਹੀਦ ਊਧਮ ਸਿੰਘ, ਸ਼ਹੀਦ ਭਗਤ ਸਿੰਘ ਨੂੰ ਆਪਣਾ ਗੁਰੂ ਮੰਨਦਾ ਸੀ।
- ਸ਼ਹੀਦ ਊਧਮ ਸਿੰਘ ਨੂੰ 31 ਜੁਲਾਈ, 1940 ਈਸਵੀ ਨੂੰ ਅੰਗਰੇਜ਼ਾਂ ਨੇ ਲੰਦਨ 'ਚ ਫਾਂਸੀ ਦਿੱਤੀ।

## ਪਾਠ-ਅਭਿਆਸ



### ੳ. ਜ਼ਬਾਨੀ ਅਭਿਆਸ:

(1) ਸ਼ਹੀਦ ਊਧਮ ਸਿੰਘ ਦੇ ਪਿਤਾ ਜੀ ਕੀ ਕੰਮ ਕਰਦੇ ਸਨ ?

(2) ਜਲ੍ਹਿਆਂਵਾਲ਼ੇ ਬਾਗ਼ ਵਿੱਚ ਸ਼ਹੀਦ ਊਧਮ ਸਿੰਘ ਨੇ ਕੀ ਵੇਖਿਆ ਸੀ ?

(3) ਸ਼ਹੀਦ ਊਧਮ ਸਿੰਘ ਨੂੰ ਮਾਈਕਲ ਉਡਵਾਇਰ ਬਾਰੇ ਕਦੋਂ ਪਤਾ ਲੱਗਾ ?

(4) ਸ਼ਹੀਦ ਊਧਮ ਸਿੰਘ ਨੇ ਮੁਕੱਦਮਾ ਚੱਲਣ 'ਤੇ ਬਿਆਨ ਵਿੱਚ ਕੀ ਕਿਹਾ ?

### ਅ. ਪਾਠ ਵਿੱਚੋਂ ਹੇਠ ਲਿਖੇ ਪੈਰੇ ਵਿੱਚੋਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:

- **ਉਹ ਜਲ੍ਹਿਆਂਵਾਲ਼ੇ ਬਾਗ਼ ਵਿੱਚ ..................... ਡਰਦਿਆਂ ਗਰਿਫ਼ਤਾਰ ਕੀਤਾ।**

(1) ਜਲ੍ਹਿਆਂਵਾਲ਼ੇ ਬਾਗ਼ ਦੇ ਕਤਲੇਆਮ ਦਾ ਅਸਲ ਜ਼ੁੰਮੇਵਾਰ ਕੌਣ ਸੀ ?

..........................................................................................

..........................................................................................

..........................................................................................

(2) ਮੀਟਿੰਗ ਵਿੱਚ ਪਹੁੰਚ ਕੇ ਸ਼ਹੀਦ ਊਧਮ ਸਿੰਘ ਨੇ ਕੀ ਕੀਤਾ ?

..........................................................................................

..........................................................................................

..........................................................................................



Downloaded from https:// www.studiestoday.com

Downloaded from https:// www.studiestoday.com

(3) ਮਾਈਕਲ ਉਡਵਾਇਰ ਨੂੰ ਗੋਲ਼ੀ ਮਾਰਨ ਪਿੱਛੋਂ ਸ਼ਹੀਦ ਊਧਮ ਸਿੰਘ ਨੇ ਕੀ ਕੀਤਾ ?

..........................................................................................

..........................................................................................

..........................................................................................

**ੲ. ਪਾਠ ਵਿੱਚ ਆਏ ਔਖੇ ਸ਼ਬਦਾਂ ਦੀ ਬੋਲ-ਲਿਖਤ ਕਰਵਾਈ ਜਾਵੇ:**

**ਜਿਵੇਂ:-ਦਿਹਾਂਤ**

..........................................................................................

..........................................................................................

..........................................................................................

..........................................................................................

..........................................................................................

..........................................................................................

..........................................................................................

**ਸ. ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਸ਼ੁੱਧ ਸ਼ਬਦਾਂ ਸਾਮ੍ਹਣੇ ✓ (ਸਹੀ) ਦਾ ਨਿਸ਼ਾਨ ਲਾਓ:**

| | | | | | | |
|---|---|---|---|---|---|---|
| 1. | ਇੰਗਲੈਂਡ | ☐ | ਇਗਲੈਂਡ | ☐ | ਇੰਗਲੈਂਡ | ☐ |
| 2. | ਜਲਿਆਂਵਾਲ਼ਾ | ☐ | ਜਲ੍ਹਿਆਂਵਾਲ਼ਾ | ☐ | ਜਲ੍ਹੀਆਂਵਾਲ਼ਾ | ☐ |
| 3. | ਸੁਨਹਿਰੀ | ☐ | ਸੁਨਹਰੀ | ☐ | ਸੁਨਿਹਰੀ | ☐ |
| 4. | ਗ੍ਰਿਫਤਾਰ | ☐ | ਗਰਿਫ਼ਤਾਰ | ☐ | ਗਰਿਫਤਾਰ | ☐ |
| 5. | ਪਸਤੌਲ | ☐ | ਪਿਸਤੌਲ | ☐ | ਪਸਤੋਲ | ☐ |



Downloaded from https:// www.studiestoday.com

Downloaded from https:// www.studiestoday.com

ਹ. ਮੁਹਾਵਰਿਆਂ ਦੇ ਅਰਥ ਸਮਝੋ ਅਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ:

1. ਖ਼ੂਨੀ ਸਾਕਾ ਵਾਪਰਨਾ (ਵੱਡੀ ਪੱਧਰ 'ਤੇ ਕਤਲੇਆਮ ਹੋਣਾ):

..........................................................................................................

..........................................................................................................

2. ਚਾਅ ਵਿੱਚ ਨੱਚਣਾ (ਬਹੁਤ ਖ਼ੁਸ਼ ਹੋਣਾ):

..........................................................................................................

..........................................................................................................

3. ਤਾਕ ਵਿੱਚ ਰਹਿਣਾ (ਦਾਅ ਲਾਉਣ ਲਈ ਤਿਆਰ ਰਹਿਣਾ):

..........................................................................................................

..........................................................................................................

4. ਫਾਂਸੀ ਉੱਤੇ ਝੂਲ ਜਾਣਾ (ਆਪਣੀ ਜਾਨ ਵਾਰ ਦੇਣਾ):

..........................................................................................................

..........................................................................................................

ਕ. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ:

1. ਉਧਮ ਸਿੰਘ ਰੇਲਵੇ ਫਾਟਕ ਦੇ ਇੱਕ ....................... ਦਾ ਪੁੱਤਰ ਸੀ।
2. ਅੰਮ੍ਰਿਤਸਰ ਵਿੱਚ ....................... ਦਾ ਖ਼ੂਨੀ ਸਾਕਾ ਵਾਪਰਿਆ।
3. ਉਧਮ ਸਿੰਘ ....................... ਨੂੰ ਆਪਣਾ ਗੁਰੂ ਮੰਨਦਾ ਸੀ।
4. ਇੰਗਲੈਂਡ ਵਿੱਚ ਉਹ ....................... ਨੂੰ ਕਤਲ ਕਰਨ ਦੀ ਤਾਕ ਵਿੱਚ ਰਹਿੰਦਾ ਸੀ।
5. ਮੈਂ ਮਾਈਕਲ ਉਡਵਾਇਰ ਨੂੰ ਮਾਰ ਕੇ ਦੇਸ ਦੀ ਖ਼ਾਤਰ ਆਪਣਾ ....................... ਨਿਭਾਇਆ ਹੈ।

(ਜਲ੍ਹਿਆਂਵਾਲ਼ੇ ਬਾਗ਼, ਉਡਵਾਇਰ, ਚੌਂਕੀਦਾਰ, ਫ਼ਰਜ਼, ਸ਼ਹੀਦ ਭਗਤ ਸਿੰਘ)



Downloaded from https:// www.studiestoday.com

Downloaded from https:// www.studiestoday.com

ਖ. ਕੋਈ ਪੰਜ ਕੌਮੀ ਸ਼ਹੀਦਾਂ ਦੇ ਨਾਂ ਲਿਖੋ (ਸਮਝ-ਆਧਾਰਿਤ ਸਿਰਜਣਾਤਮਿਕ ਪਰਖ):




**ਅਧਿਆਪਕ ਲਈ ਅਗਵਾਈ-ਲੀਹਾਂ:**

- ਵਿਦਿਆਰਥੀਆਂ ਨੂੰ ਮੁਹਾਵਰਿਆਂ ਦਾ ਸੰਕਲਪ ਕਰਵਾਇਆ ਜਾਵੇਗਾ।



Downloaded from https:// www.studiestoday.com

Downloaded from https:// www.studiestoday.com

ਆਪਣੇ ਸਕੂਲ ਦੇ ਮੁੱਖ ਅਧਿਆਪਕ/ਅਧਿਆਪਕਾ ਨੂੰ ਸਕੂਲ ਵਿੱਚ ਦੇਰੀ ਨਾਲ਼ ਆਉਣ ਦਾ ਕਾਰਨ ਦੱਸਣ ਲਈ ਅਰਜ਼ੀ ਲਿਖੋ।



Downloaded from https:// www.studiestoday.com

Downloaded from https:// www.studiestoday.com

ਪਾਠ-5

# ਸਿਆਣੀ ਗੱਲ

ਡਾਕਟਰ ਰਾਜਿੰਦਰ ਕੁਰਸੀ ਉੱਪਰ ਬੈਠਾ ਇੱਕ-ਟੱਕ ਕੁੰਦਨ ਲਾਲ ਵੱਲ ਵੇਖ ਰਿਹਾ ਸੀ। ਕੁੰਦਨ ਲਾਲ ਸਕੂਟਰ, ਮੋਟਰਸਾਈਕਲ ਆਦਿ ਠੀਕ ਕਰਨ ਵਾਲ਼ੀ ਦੁਕਾਨ ਉੱਤੇ ਮਿਸਤਰੀ ਸੀ। ਉਹ ਦੁਕਾਨ ਉੱਤੇ ਇਸ ਵੇਲ਼ੇ ਡਾਕਟਰ ਰਾਜਿੰਦਰ ਦਾ ਸਕੂਟਰ ਠੀਕ ਕਰ ਰਿਹਾ ਸੀ ਪਰ ਡਾਕਟਰ ਰਾਜਿੰਦਰ ਦੀ ਨਜ਼ਰ ਕੁੰਦਨ ਉੱਪਰ ਟਿਕੀ ਹੋਈ ਸੀ। ਉਸ ਵੱਲ ਵੇਖ ਕੇ ਡਾਕਟਰ ਰਾਜਿੰਦਰ ਸੋਚ ਰਿਹਾ ਸੀ, "ਇਕੱਠੇ ਤਾਂ ਪ੍ਰਾਇਮਰੀ ਸਕੂਲ ਵਿੱਚ ਪੜ੍ਹੇ ਹਾਂ, ਇੱਕੋ-ਜਿੰਨੀ ਉਮਰ ਹੈ ਅਤੇ ਨੇੜੇ-ਨੇੜੇ ਹੀ ਇੱਕੋ ਗਲ਼ੀ ਵਿੱਚ ਘਰ ਸਨ।"

ਡਾਕਟਰ ਰਾਜਿੰਦਰ ਦਾ ਚੇਤਾ ਬਹੁਤ ਪਿੱਛੇ ਚਲਿਆ ਗਿਆ। ਇੱਕ ਵਾਰ ਕੁੰਦਨ ਲਾਲ ਕਈ ਦਿਨਾਂ ਤੋਂ ਸਕੂਲ ਨਹੀਂ ਸੀ ਆਇਆ। ਰਾਜਿੰਦਰ ਨੇ ਉਹਨੂੰ ਕਿਤੇ ਦੇਖਿਆ ਵੀ ਨਹੀਂ ਸੀ। ਅਚਾਨਕ ਇੱਕ ਦਿਨ ਪਿੰਡੋਂ ਬਾਹਰ ਕੁੰਦਨ ਲਾਲ ਮਿਲ਼ ਪਿਆ ਤਾਂ ਉਹਨੇ ਉਸ ਨੂੰ ਸਕੂਲ ਨਾ ਆਉਣ ਬਾਰੇ ਪੁੱਛਿਆ, "ਕੁੰਦਨ, ਤੂੰ ਸਕੂਲ ਕਿਉਂ ਨਹੀਂ ਆਉਂਦਾ, ਯਾਰ! ਕੀ ਤੂੰ ਪੜ੍ਹਨਾ ਨਹੀਂ ?"



"ਛੱਡ ਯਾਰ ਪੜ੍ਹਾਈ ਨੂੰ, ਮੇਰਾ ਚਾਚਾ ਕਹਿੰਦਾ ਏ, 'ਕੁਝ ਨਹੀਂ ਰੱਖਿਆ ਪੜ੍ਹਾਈਆਂ ਵਿੱਚ।' ਮੈਨੂੰ ਚਾਚੇ ਨੇ, ਸ਼ਹਿਰ ਵਿੱਚ ਸਕੂਟਰਾਂ ਵਾਲ਼ੀ ਦੁਕਾਨ ਉੱਤੇ ਲਾ ਦਿੱਤਾ ਹੈ।" ਕੁੰਦਨ ਲਾਲ ਬੜੇ ਚਾਅ ਨਾਲ਼ ਬੋਲਿਆ ਸੀ।

ਰਾਜਿੰਦਰ ਨੂੰ ਕੁੰਦਨ ਦੀ ਗੱਲ ਬਹੁਤੀ ਚੰਗੀ ਨਹੀਂ ਸੀ ਲੱਗੀ। ਫਿਰ ਉਹ ਕਦੇ-ਕਦਾਈਂ ਆਉਂਦੇ - ਜਾਂਦੇ ਕੁੰਦਨ ਲਾਲ ਨੂੰ ਦੇਖ ਜਾਂ ਮਿਲ਼ ਲੈਂਦਾ । ਕਦੇ-ਕਦੇ ਦੋ-ਚਾਰ ਗੱਲਾਂ ਵੀ ਹੋ ਜਾਂਦੀਆਂ।



Downloaded from https:// www.studiestoday.com

Downloaded from https:// www.studiestoday.com

ਇੱਕ ਦਿਨ ਕੁੰਦਨ ਸਕੂਟਰ ਉੱਤੇ ਪਿੰਡ ਆਇਆ ਤਾਂ ਰਾਜਿੰਦਰ ਹੈਰਾਨ ਹੋ ਗਿਆ, "ਹੈਂ ! ਕੁੰਦਨ ਕੋਲ਼ ਸਕੂਟਰ ? ਉਹ ਭੱਜਿਆ-ਭੱਜਿਆ ਕੁੰਦਨ ਕੋਲ਼ ਗਿਆ ਅਤੇ ਸਕੂਟਰ ਉੱਤੇ ਹੱਥ ਫੇਰਦਾ ਬੋਲਿਆ, "ਕੁੰਦਨ, ਇਹ ਤੂੰ ਚਲਾ ਕੇ ਲਿਆਇਐਂ ? ਯਾਰ ! ਇਹ ਤੂੰ ਕਿਵੇਂ ਚਲਾ ਲਿਆ ? ਹਾਏ ! ਮੈਨੂੰ ਤਾਂ ਬੜਾ ਡਰ ਲੱਗਦਾ ਐ, ਬਈ !"

"ਲੈ, ਇਹਦੇ ਵਿੱਚ ਡਰਨ ਵਾਲ਼ੀ ਕੀ ਗੱਲ ਐ ? ਮੈਂ ਤਾਂ ਇੱਕ ਦਿਨ ਵਿੱਚ ਹੀ ਸਿੱਖ ਲਿਆ ਸੀ।" ਗੱਲ ਕਰਦੇ ਕੁੰਦਨ ਦਾ ਚਿਹਰਾ ਜੋਸ਼ ਨਾਲ਼ ਲਾਲ ਹੋ ਗਿਆ ਸੀ।

ਕੁੰਦਨ ਤਾਂ ਵਾਪਸ ਸ਼ਹਿਰ ਚਲਿਆ ਗਿਆ ਪਰ ਰਾਜਿੰਦਰ ਬੜਾ ਉਦਾਸ ਹੋ ਗਿਆ। ਉਹ ਰਾਤੀਂ ਵੀ ਕੁੰਦਨ ਬਾਰੇ ਸੋਚਦਾ ਆਪਣਾ ਮਨ ਪੜ੍ਹਾਈ ਵਿੱਚ ਨਾ ਲਾ ਸਕਿਆ। ਉਸ ਦੀਆਂ ਅੱਖਾਂ ਅੱਗੇ ਕੁੰਦਨ ਅਤੇ ਸਕੂਟਰ ਹੀ ਘੁੰਮ ਰਹੇ ਸਨ । ਜਦੋਂ ਉਹ ਕਿਤਾਬ-ਕਾਪੀ ਲੈ ਕੇ ਬੈਠਦਾ, ਉਸ ਨੂੰ ਕਦੇ ਕੁੰਦਨ ਤੇ ਕਦੇ ਕੁੰਦਨ ਦਾ ਸਕੂਟਰ ਨਜ਼ਰ ਆਉਂਦਾ। ਪੂਰਾ ਹਫ਼ਤਾ ਉਹ ਇਹਨਾਂ ਸੋਚਾਂ ਵਿੱਚ ਹੀ ਪਿਆ ਰਿਹਾ।

ਰਾਜਿੰਦਰ ਦੇ ਪਿਤਾ ਜੀ ਨੇ ਰਾਜਿੰਦਰ ਦੀ ਇਹ ਹਾਲਤ ਦੇਖੀ ਤਾਂ ਉਹਨਾਂ ਨੇ ਫ਼ਿਕਰ ਨਾਲ਼ ਪੁੱਛਿਆ, " ਪੁੱਤਰ ਰਾਜਿੰਦਰ ! ਕੀ ਗੱਲ, ਬੜਾ ਉੱਖੜਿਆ -ਉੱਖੜਿਆ ਤੇ ਬੇਚੈਨ ਜਿਹਾ ਲੱਗਦੈਂ, ਤੂੰ ? "

ਪਹਿਲਾਂ ਤਾਂ ਰਾਜਿੰਦਰ ਨੇ ਪਿਤਾ ਜੀ ਦੀ ਗੱਲ ਨੂੰ ਟਾਲ਼ਣਾ ਚਾਹਿਆ। ਫਿਰ ਉਸ ਨੂੰ ਕਿਸੇ ਕਿਤਾਬ ਵਿੱਚ ਪੜ੍ਹੀ ਗੱਲ ਯਾਦ ਆ ਗਈ, "ਆਪਣੇ ਮਨ ਦੀ ਉਲ਼ਝਣ ਕਦੇ ਦਬਾ ਕੇ ਨਾ ਰੱਖੋ। ਉਸ ਨੂੰ ਕਿਸੇ ਨਾਲ਼ ਸਾਂਝੀ ਕਰਨ ਨਾਲ਼ ਉਹ ਦੂਰ ਹੋ ਜਾਂਦੀ ਹੈ।" ਉਸ ਨੇ ਆਪਣੇ ਪਿਤਾ ਜੀ ਨੂੰ ਸਾਫ਼ ਸ਼ਬਦਾਂ ਵਿੱਚ ਕਹਿ ਦਿੱਤਾ, " ਪਿਤਾ ਜੀ ! ਬੱਸ, ਮੈਂ ਇਸ ਤੋਂ ਹੋਰ ਅੱਗੇ ਨਹੀਂ ਪੜ੍ਹਨਾ।"

ਪੁੱਤਰ ਦੀ ਇਹ ਗੱਲ ਪਿਤਾ ਦੇ ਸਿਰ ਵਿੱਚ ਜਿਵੇਂ ਪੱਥਰ ਵਾਂਗ ਲੱਗੀ। ਉਹਨਾਂ ਨੇ ਰਾਜਿੰਦਰ ਨੂੰ ਉੱਚੀ ਵਿੱਦਿਆ ਦਿਵਾਉਣ ਬਾਰੇ ਬਹੁਤ ਸੁਫਨੇ ਦੇਖੇ ਸਨ ਪਰ ਰਾਜਿੰਦਰ ਨੂੰ ਅਚਾਨਕ ਇਹ ਕੀ ਹੋ ਗਿਆ ਸੀ। ਪਿਤਾ ਜੀ ਦਾ ਇਉਂ ਹੈਰਾਨ ਅਤੇ ਪਰੇਸ਼ਾਨ ਹੋਣਾ ਜਾਇਜ਼ ਸੀ । ਉਹ ਇਕਦਮ ਬੋਲੇ, "ਬੇਟਾ, ਇਹ ਤੂੰ ਕੀ ਕਹਿ ਰਿਹਾ ਏਂ ? "

"ਠੀਕ ਐ, ਪਿਤਾ ਜੀ ! ਮੇਰਾ ਦਿਲ ਪੜ੍ਹਾਈ ਵਿੱਚ ਨਹੀਂ ਲੱਗਦਾ," ਰਾਜਿੰਦਰ ਨੇ ਨੀਵੀਂ ਪਾ ਕੇ ਕਿਹਾ।

"ਨਾ ਪੁੱਤਰ ! ਕੋਈ ਕਾਰਨ ਵੀ ਤਾਂ ਹੋਵੇ। ਪਤਾ ਤਾਂ ਲੱਗੇ, ਵਿੱਚੋਂ ਗੱਲ ਕੀ ਹੈ ? "

"ਪਿਤਾ ਜੀ ! ਮੈਂ ਵੀ ਕੁੰਦਨ ਵਾਂਗ ਸਕੂਟਰਾਂ ਦਾ ਕੰਮ ਸਿੱਖਣਾ ਹੈ। ਮੇਰਾ ਦਿਲ ਵੀ ਸਕੂਟਰ ਚਲਾਉਣ ਨੂੰ ਕਰਦਾ ਹੈ। "

ਰਾਜਿੰਦਰ ਦੀ ਗੱਲ ਸੁਣ ਕੇ ਪਿਤਾ ਜੀ ਚੁੱਪ ਕਰ ਗਏ। ਉਹ ਕਿੰਨਾ ਹੀ ਚਿਰ ਚੁੱਪ ਖੜ੍ਹੇ ਰਾਜਿੰਦਰ ਵੱਲ ਦੇਖਦੇ ਰਹੇ। ਫਿਰ ਉਸ ਦੇ ਮੋਢੇ ਉੱਪਰ ਹੱਥ ਰੱਖ ਕੇ ਬੋਲੇ, "ਇਹ ਤੂੰ ਕਿਸ ਗ਼ਲਤ ਸੋਚ ਨੂੰ ਮਨ ਵਿੱਚ ਲੈ ਕੇ ਬੈਠ ਗਿਆ ਏਂ ? ਇਹ ਤਾਂ ਬਹੁਤ ਮਾੜੀ ਗੱਲ ਹੈ। ਇਹ ਸੋਚ ਤੇਰੇ ਮਨ ਵਿੱਚ ਕਿਵੇਂ ਆ ਗਈ ? ਪੁੱਤਰ ! ਪਹਿਲਾਂ ਤੂੰ



Downloaded from https:// www.studiestoday.com

Downloaded from https:// www.studiestoday.com

ਪੜ੍ਹ। ਫਿਰ ਕਿਸੇ ਹੋਰ ਕੰਮ ਕਰਨ ਬਾਰੇ ਸੋਚੀਂ। ਉੱਚੀ ਵਿੱਦਿਆ ਪ੍ਰਾਪਤ ਕਰ ਕੇ ਕੋਈ ਵੀ ਕੰਮ ਤੂੰ ਹੋਰ ਵੀ ਵਧੀਆ ਤਰੀਕੇ ਨਾਲ਼ ਕਰ ਸਕਦਾ ਏਂ।"

"ਡਾਕਟਰ ਰਾਜਿੰਦਰ! ਕੀ ਸੋਚੀ ਜਾਨੈਂ ਯਾਰ ! ਮੈਂ ਤਿੰਨ-ਚਾਰ ਅਵਾਜ਼ਾਂ ਤੈਨੂੰ ਮਾਰੀਆਂ, ਪਤਾ ਨਹੀਂ ਕਿੱਥੇ ਪਹੁੰਚ ਗਿਆ ਸੀ, ਤੂੰ ?" ਕੁੰਦਨ ਲਾਲ ਨੇ ਜਦੋਂ ਉਹਦੇ ਨੇੜੇ ਆ ਕੇ ਉਸ ਨੂੰ ਕਿਹਾ ਤਾਂ ਉਹ ਹੜਬੜਾ ਕੇ ਜਿਵੇਂ ਨੀਂਦ ਤੋਂ ਜਾਗ ਪਿਆ ਹੋਵੇ।

"ਬੱਸ ਯਾਰ, ਐਵੇਂ ਬਚਪਨ ਦੀ ਯਾਦ ਆ ਗਈ ਸੀ। ਪਿਤਾ ਜੀ ਦੀ ਬਚਪਨ ਵਿੱਚ ਆਖੀ ਇੱਕ ਸਿਆਣੀ ਗੱਲ ਦਿਮਾਗ਼ ਵਿੱਚ ਆ ਗਈ।"

"ਮੈਨੂੰ ਵੀ ਦੱਸ ਯਾਰ, ਕਿਹੜੀ ਗੱਲ ਸੀ ?"

"ਉਹ ਗੱਲ ਤੈਨੂੰ ਦੱਸਣ ਦਾ ਹੁਣ ਕੋਈ ਲਾਭ ਨਹੀਂ। ਹਰ ਗੱਲ ਦਾ ਕਿਸੇ ਠੀਕ ਸਮੇਂ ਹੀ ਮੁੱਲ ਹੁੰਦਾ ਹੈ। ਹਾਂ, ਘਰ ਜਾ ਕੇ ਤੇਰੇ ਬੱਚਿਆਂ ਨੂੰ ਜ਼ਰੂਰ ਦੱਸਾਂਗਾ।"

ਹੱਸਦਾ ਹੋਇਆ ਡਾਕਟਰ ਰਾਜਿੰਦਰ ਉੱਠਿਆ ਅਤੇ ਸਕੂਟਰ ਲੈ ਕੇ ਤੁਰ ਪਿਆ।

## ਔਖੇ ਸ਼ਬਦਾਂ ਦੇ ਅਰਥ

**ਜੋਸ਼** : ਉਤਸ਼ਾਹ

**ਜਾਇਜ਼** : ਉਚਿਤ

**ਉਲ਼ਝਣ** : ਦੁਚਿੱਤੀ (ਜਦੋਂ ਕੋਈ ਫ਼ੈਸਲਾ ਨਾ ਕਰ ਸਕੀਏ)

**ਉੱਖੜਿਆ-ਉੱਖੜਿਆ** : ਪਰੇਸ਼ਾਨ ਜਾਂ ਘਬਰਾਇਆ ਹੋਣਾ

**ਉੱਚੀ ਵਿੱਦਿਆ** : ਸਕੂਲ ਦੀ ਪੜ੍ਹਾਈ ਤੋਂ ਬਾਅਦ ਕੋਈ ਡਿਗਰੀ ਆਦਿ ਕਰਨਾ



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਪੜ੍ਹਾਈ ਦਾ ਹਮੇਸ਼ਾਂ ਮੁੱਲ ਪੈਂਦਾ ਹੈ। ਪੜ੍ਹ-ਲਿਖ ਕੇ ਕੋਈ ਵੀ ਕੰਮ ਵਧੀਆ ਤਰੀਕੇ ਨਾਲ਼ ਕੀਤਾ ਜਾ ਸਕਦਾ ਹੈ।
- ਸਾਰੇ ਬੱਚਿਆਂ ਨੂੰ ਸਕੂਲ ਜ਼ਰੂਰ ਜਾਣਾ ਚਾਹੀਦਾ ਹੈ।
- ਲੰਘਿਆ ਵੇਲ਼ਾ ਕਦੇ ਹੱਥ ਨਹੀਂ ਆਉਂਦਾ।

## ਪਾਠ-ਅਭਿਆਸ



### ੳ. ਜ਼ਬਾਨੀ ਅਭਿਆਸ:

(1) ਕੁੰਦਨ ਲਾਲ ਕੀ ਕੰਮ ਕਰਦਾ ਸੀ ?

(2) ਕੁੰਦਨ ਅਤੇ ਰਾਜਿੰਦਰ ਇਕੱਠੇ ਕਿੱਥੇ ਪੜ੍ਹੇ ਸਨ ?



Downloaded from https:// www.studiestoday.com

Downloaded from https:// www.studiestoday.com

(3) ਜਦੋਂ ਰਾਜਿੰਦਰ ਕਿਤਾਬ- ਕਾਪੀ ਲੈ ਕੇ ਬੈਠਦਾ ਤਾਂ ਕੀ ਹੁੰਦਾ ਸੀ ?

(4) ਰਾਜਿੰਦਰ ਦੇ ਦਿਮਾਗ਼ ਵਿੱਚ ਕਿਹੜੀ ਸਿਆਣੀ ਗੱਲ ਆ ਗਈ ?

## ਅ. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

(1) ਡਾਕਟਰ ਰਾਜਿੰਦਰ ਕੁੰਦਨ ਦੀਆਂ ਕਿਹੜੀਆਂ ਗੱਲਾਂ ਤੋਂ ਪ੍ਰਭਾਵਿਤ ਹੋਇਆ ਸੀ ?

..........................................................................................

..........................................................................................

..........................................................................................

(2) ਰਾਜਿੰਦਰ ਪੂਰਾ ਹਫ਼ਤਾ ਕਿਹੜੀਆਂ ਸੋਚਾਂ ਵਿੱਚ ਪਿਆ ਰਿਹਾ ?

..........................................................................................

..........................................................................................

..........................................................................................

(3) ਰਾਜਿੰਦਰ ਨੂੰ ਕਿਤਾਬ ਵਿੱਚ ਪੜ੍ਹੀ ਕਿਹੜੀ ਗੱਲ ਯਾਦ ਆ ਗਈ ?

..........................................................................................

..........................................................................................

..........................................................................................

(4) ਪਿਤਾ ਜੀ ਨੇ ਰਾਜਿੰਦਰ ਨੂੰ ਕਿਹੜੀ ਸਲਾਹ ਦਿੱਤੀ ?

..........................................................................................

..........................................................................................

..........................................................................................



Downloaded from https:// www.studiestoday.com

Downloaded from https:// www.studiestoday.com

**ੲ. ਹੇਠ ਲਿਖੇ ਵਾਕ ਕਿਸ ਨੇ, ਕਿਸ ਨੂੰ ਕਹੇ ?**

(1) "ਛੱਡ ਯਾਰ ਪੜ੍ਹਾਈ ਨੂੰ,ਮੇਰਾ ਚਾਚਾ ਕਹਿੰਦਾ ਏ, 'ਕੁਝ ਨਹੀਂ ਰੱਖਿਆ ਪੜ੍ਹਾਈਆਂ ਵਿੱਚ।' ਮੈਨੂੰ ਚਾਚੇ ਨੇ, ਸ਼ਹਿਰ ਵਿੱਚ ਸਕੂਟਰਾਂ ਵਾਲ਼ੀ ਦੁਕਾਨ ਉੱਤੇ ਲਾ ਦਿੱਤਾ ਹੈ।"

..........................................................................................

..........................................................................................

..........................................................................................

(2) "ਨਾ ਪੁੱਤਰ! ਕੋਈ ਕਾਰਨ ਵੀ ਤਾਂ ਹੋਵੇ। ਪਤਾ ਤਾਂ ਲੱਗੇ, ਵਿੱਚੋਂ ਗੱਲ ਕੀ ਹੈ ?"

..........................................................................................

..........................................................................................

..........................................................................................

(3) 'ਹਰ ਗੱਲ ਦਾ ਕਿਸੇ ਠੀਕ ਸਮੇਂ ਹੀ ਮੁੱਲ ਹੁੰਦਾ ਹੈ।'

..........................................................................................

..........................................................................................

..........................................................................................

**ਸ. ਹੇਠ ਲਿਖੇ ਸ਼ਬਦਾਂ ਦੇ ਉਲਟ ਸ਼ਬਦ ਲਿਖੋ:**

| | | | |
|---|---|---|---|
| ਉੱਪਰ | ਹੇਠਾਂ | ਪਿੱਛੇ | .......... |
| ਨੇੜੇ | .......... | ਨੀਵੀਂ | .......... |
| ਮਾੜੀ | .......... | ਲਾਭ | .......... |

**ਹ. ਹੇਠ ਲਿਖੇ ਵਾਕਾਂ ਵਿਚਲੇ ਸ਼ਬਦਾਂ ਦੇ ਲਿੰਗ ਬਦਲੋ:**

1. ਚਾਚਾ ਜੀ ਨੇ ਬੇਟੇ ਨੂੰ ਕੰਮ 'ਤੇ ਲਾ ਦਿੱਤਾ।

..................................................



Downloaded from https:// www.studiestoday.com

Downloaded from https:// www.studiestoday.com

2. ਪੁੱਤਰ ਦੀ ਇਹ ਗੱਲ ਪਿਤਾ ਜੀ ਦੇ ਸਿਰ ਵਿੱਚ ਪੱਥਰ ਵਾਂਗ ਲੱਗੀ।

.......................................................

ਕ. ਹੇਠ ਲਿਖੇ ਵਾਕਾਂ ਵਿਚਲੇ ਸ਼ਬਦਾਂ ਦੇ ਵਚਨ ਬਦਲੋ:

1. ਮੈਂ ਕਿਤਾਬ ਲੈ ਕੇ ਬੈਠ ਗਿਆ।

.......................................................

2. ਉਸ ਨੇ ਸਿਆਣੀ ਗੱਲ ਦੱਸੀ।

.......................................................

ਖ. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਮਿਸਤਰੀ .................................................................................................

ਉਲ਼ਝਣ .................................................................................................

ਜੋਸ਼ .................................................................................................

ਪਰੇਸ਼ਾਨ .................................................................................................

ਸਫ਼ਰ .................................................................................................

ਗ. ਇਸ ਕਹਾਣੀ ਤੋਂ ਸਾਨੂੰ ਕੀ ਸਿੱਖਿਆ ਮਿਲ਼ਦੀ ਹੈ ?

..............................................................................................................

..............................................................................................................

..............................................................................................................

..............................................................................................................

..............................................................................................................



Downloaded from https:// www.studiestoday.com

Downloaded from https:// www.studiestoday.com

ਪਾਠ-6

# ਆਓ ਰਲ਼-ਮਿਲ਼ ਰੁੱਖ ਲਗਾਈਏ



ਆਓ ਰਲ਼-ਮਿਲ਼ ਰੁੱਖ ਲਗਾਈਏ,
ਪ੍ਰਦੂਸ਼ਣ ਨੂੰ ਦੂਰ ਭਜਾਈਏ।
ਵੱਧ ਤੋਂ ਵੱਧ ਰੁੱਖ ਲਾ ਕੇ ਹਰ ਥਾਂ,
ਹਰਾ-ਭਰਾ ਪੰਜਾਬ ਬਣਾਈਏ।

ਲਾਲਚ-ਵੱਸ ਨਾ ਵੱਢੀਏ ਰੁੱਖ,
ਰੁੱਖਾਂ ਤੋਂ ਸੌ ਮਿਲ਼ਦੇ ਸੁੱਖ।
ਚਾਰ-ਚੁਫੇਰੇ ਮਹਿਕਾਂ ਵੰਡਣ,
ਇਹਨਾਂ ਦੇ ਨਾਲ਼ ਸਾਂਝਾਂ ਪਾਈਏ,
ਆਓ ਰਲ਼ ਮਿਲ਼..................



Downloaded from https:// www.studiestoday.com

Downloaded from https:// www.studiestoday.com

ਇੱਕ ਵੱਢੋ ਤਾਂ ਲਾਓ ਚਾਰ,
ਰੁੱਖਾਂ ਬਿਨ ਰੁੱਸ ਜਾਏ ਬਹਾਰ।
ਰੁੱਖਾਂ ਨਾਲ਼ ਹੀ ਖ਼ੁਸ਼ੀਆਂ-ਖੇੜੇ,
ਇਹਨਾਂ ਦੀ ਸਭ ਖ਼ੈਰ ਮਨਾਈਏ,
ਆਓ ਰਲ਼-ਮਿਲ਼ ...................



ਰੁੱਖ ਹੀ ਸ਼ੁੱਧ ਹਵਾ ਦਿੰਦੇ ਹਨ,
ਜੜ੍ਹੀ - ਬੂਟੀਆਂ, ਫਲ਼ ਦਿੰਦੇ ਹਨ।
ਮੀਂਹ, ਧੁੱਪ, ਝੱਖੜੋਂ ਕਰਦੇ ਰਾਖੀ,
ਇਹਨਾਂ ਦੀ ਰਲ਼ ਹੋਂਦ ਬਚਾਈਏ।
ਆਓ ਰਲ਼ ਮਿਲ਼..................

ਰੁੱਖ ਹਨ ਠੰਢੀਆਂ ਛਾਂਵਾਂ ਦਿੰਦੇ,
ਭੌਂ-ਖੋਰ, ਹੜ੍ਹ ਤੋਂ ਇਹੀ ਬਚਾਉਂਦੇ।
ਪੰਛੀਆਂ ਦੇ ਲਈ ਰੈਣ-ਬਸੇਰਾ,
ਲੱਕੜ ਕੀਮਤੀ ਇਹਨਾਂ ਤੋਂ ਪਾਈਏ।
ਆਓ ਰਲ਼ - ਮਿਲ਼ ਰੁੱਖ ਲਗਾਈਏ,
ਪ੍ਰਦੂਸ਼ਣ ਨੂੰ ਦੂਰ ਭਜਾਈਏ।
ਵੱਧ ਤੋਂ ਵੱਧ ਰੁੱਖ ਲਾ ਕੇ ਹਰ ਥਾਂ,
ਹਰਾ - ਭਰਾ ਪੰਜਾਬ ਬਣਾਈਏ।



### ਔਖੇ ਸ਼ਬਦਾਂ ਦੇ ਅਰਥ

| | | | | | |
|---|---|---|---|---|---|
| **ਸਾਂਝਾਂ** | : | ਹਿੱਸੇਦਾਰੀਆਂ | **ਬਹਾਰ** | : | ਖ਼ੁਸ਼ੀ |
| **ਖ਼ੈਰ** | : | ਭਲਾ | **ਭੌਂ-ਖੋਰ** | : | ਮਿੱਟੀ ਦਾ ਖੁਰਨਾ |
| **ਸ਼ੁੱਧ** | : | ਸਾਫ਼ | **ਝੱਖੜ** | : | ਤੇਜ਼ ਹਵਾਵਾਂ |
| **ਹੋਂਦ** | : | ਮੌਜੂਦ ਹੋਣਾ | | | |



Downloaded from https:// www.studiestoday.com

Downloaded from https:// www.studiestoday.com



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਕ੍ਰਿਕਟ ਦਾ ਬੱਲਾ ਬਣਾਉਣ ਲਈ ਵਿਲੋਅ ਨਾਂ ਦੇ ਦਰਖ਼ਤ ਦੀ ਲੱਕੜ ਵਰਤੀ ਜਾਂਦੀ ਹੈ।
- ਬੇਸਬਾਲ ਦਾ ਬੱਲਾ ਬਣਾਉਣ ਲਈ ਹਿੱਕਰੀ ਨਾਂ ਦੇ ਦਰਖ਼ਤ ਦੀ ਲੱਕੜ ਵਰਤੀ ਜਾਂਦੀ ਹੈ।
- ਸੇਬ ਵਿੱਚ 25% ਪਾਣੀ ਹੁੰਦਾ ਹੈ, ਇਸੇ ਕਾਰਨ ਇਹ ਫਲ਼ ਪਾਣੀ 'ਤੇ ਤਰਦਾ ਰਹਿੰਦਾ ਹੈ।
- ਬਾਂਸ ਦਾ ਦਰਖ਼ਤ ਇੱਕ ਦਿਨ ਵਿੱਚ 35 ਇੰਚ ਤੱਕ ਵਧ ਸਕਦਾ ਹੈ।

## ਪਾਠ-ਅਭਿਆਸ



### ੳ. ਜ਼ਬਾਨੀ ਅਭਿਆਸ:

(1) ਰੁੱਖ ਕਿਸ ਚੀਜ਼ ਨੂੰ ਦੂਰ ਕਰਦੇ ਹਨ ?

(2) ਜੇਕਰ ਰੁੱਖ ਵੱਢਣਾ ਪਵੇ ਤਾਂ ਕੀ ਕਰਨਾ ਚਾਹੀਦਾ ਹੈ ?

(3) ਅਸੀਂ ਪੰਜਾਬ ਨੂੰ ਹਰਾ-ਭਰਾ ਕਿਵੇਂ ਬਣਾ ਸਕਦੇ ਹਾਂ ?

(4) ਕਵਿਤਾ ਨੂੰ ਲੈਅ ਵਿੱਚ ਗਾਓ।

### ਅ. ਕਵਿਤਾ ਵਿੱਚੋਂ ਹੇਠ ਲਿਖੇ ਪੈਰੇ ਵਿੱਚੋਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:

- **ਇੱਕ ਵੱਢੋ ਤਾਂ ਲਾਓ ਚਾਰ, ..................... ਇਹਨਾਂ ਦੀ ਰਲ਼ ਹੋਂਦ ਬਚਾਈਏ।**

(1) ਸਾਨੂੰ ਕਿਸ ਦੀ ਖ਼ੈਰ ਮਨਾਉਣੀ ਚਾਹੀਦੀ ਹੈ ?

..................................................................................................

..................................................................................................

..................................................................................................

(2) ਸਾਨੂੰ ਰੁੱਖਾਂ ਤੋਂ ਕੀ-ਕੀ ਮਿਲ਼ਦਾ ਹੈ ?

..................................................................................................

..................................................................................................

..................................................................................................



Downloaded from https:// www.studiestoday.com

Downloaded from https:// www.studiestoday.com

**ੲ. ਹੇਠ ਲਿਖੇ ਵਿਰੋਧੀ ਸ਼ਬਦਾਂ ਦਾ ਮਿਲ਼ਾਨ ਕਰੋ:**

| | |
|---|---|
| ਦੂਰ | ਅਸ਼ੁੱਧ |
| ਸੁੱਖ | ਘੱਟ |
| ਵੱਢਣਾ | ਨੇੜੇ |
| ਰੁੱਸਣਾ | ਦੁੱਖ |
| ਸ਼ੁੱਧ | ਲਾਉਣਾ |
| ਵੱਧ | ਮਨਾਉਣਾ |

**ਸ. ਸਮਝ-ਆਧਾਰਿਤ ਸਿਰਜਣਾਤਮਿਕ ਪਰਖ:**






Downloaded from https:// www.studiestoday.com

Downloaded from https:// www.studiestoday.com

ਹ. ਹੇਠ ਲਿਖੇ ਚਿੱਤਰਾਂ ਵਿੱਚ ਰੰਗ ਭਰੋ :







Downloaded from https:// www.studiestoday.com

Downloaded from https:// www.studiestoday.com

'ਰੁੱਖਾਂ ਦੀ ਮਹੱਤਤਾ' ਬਾਰੇ ਇੱਕ ਲੇਖ ਲਿਖੋ।

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................



Downloaded from https:// www.studiestoday.com

Downloaded from https:// www.studiestoday.com

ਪਾਠ-7

# ਸਤਰੰਗੀ ਤਿਤਲੀ

ਡੱਬਾ ਖ਼ਰਗੋਸ਼ ਉਸ ਦਿਨ ਸ਼ਰਾਰਤੀ ਰੌਂ ਵਿੱਚ ਸੀ। ਉਹ ਸਤਰੰਗੀ ਤਿਤਲੀ ਨੂੰ ਫੜਨ ਦੀ ਕੋਸ਼ਸ਼ ਕਰ ਰਿਹਾ ਸੀ। ਘਾਹ ਨੇ ਆਖਿਆ, "ਡੱਬੇ ਖ਼ਰਗੋਸ਼! ਤੂੰ ਸਾਨੂੰ ਲਿਤਾੜ ਰਿਹਾ ਏਂ।" ਪੌਦਿਆਂ ਨੇ ਆਖਿਆ, "ਤੂੰ ਸਾਡੀਆਂ ਟਾਹਣੀਆਂ ਭੰਨ ਰਿਹਾ ਏਂ।" ਡੱਬੇ ਖ਼ਰਗੋਸ਼ ਨੂੰ ਕੋਈ ਪਰਵਾਹ ਨਹੀਂ ਸੀ। ਉਹ ਹਰ ਹੀਲੇ ਤਿਤਲੀ ਨੂੰ ਫੜਨਾ ਚਾਹੁੰਦਾ ਸੀ। ਤਿਤਲੀ ਉੱਡ ਕੇ ਕਦੀ ਇੱਕ ਝਾੜੀ 'ਤੇ ਜਾ ਬੈਠਦੀ ਸੀ ਤੇ ਕਦੀ ਦੂਜੀ ਉੱਤੇ ਪਰ ਡੱਬਾ ਖ਼ਰਗੋਸ਼ ਉਹਨੂੰ ਚੈਨ ਨਹੀਂ ਸੀ ਲੈਣ ਦੇ ਰਿਹਾ। ਤਿਤਲੀ ਵੀ ਵਾਰ-ਵਾਰ ਆਪਣੇ-ਆਪ ਨੂੰ ਬਚਾਉਂਦੀ ਹੋਈ ਹਫ ਗਈ ਸੀ। ਉਹ ਸਾਹੋ-ਸਾਹ ਹੋਈ ਬੋਲੀ, "ਡੱਬੇ ਵੀਰੇ!, ਤੂੰ ਮੇਰੇ ਪਿੱਛੇ ਕਿਉਂ ਪਿਆ ਏਂ? ਮੈਂ ਤਾਂ ਬਹੁਤ ਨਿੱਕੀ ਹਾਂ। ਤੂੰ ਮੈਨੂੰ ਵੇਖ ਤਾਂ ਸਕਦਾ ਏਂ ਨਾ?"

"ਤੂੰ ਇੰਨੀ ਨਿੱਕੀ ਵੀ ਨਹੀਂ ਕਿ ਮੈਂ ਤੈਨੂੰ ਵੇਖ ਨਾ ਸਕਾਂ," ਖ਼ਰਗੋਸ਼ ਬੋਲਿਆ। ਤਿਤਲੀ ਨੇ ਲੰਮਾ ਸਾਹ ਭਰਿਆ, "ਮੈਂ ਤਾਂ ਤੈਥੋਂ ਬਹੁਤ ਕਮਜ਼ੋਰ ਹਾਂ, ਫੇਰ ਤੂੰ ਮੈਨੂੰ ਤੰਗ ਕਿਉਂ ਕਰ ਰਿਹਾ ਏਂ?"

" ਬੱਸ, ਤੈਨੂੰ ਵੇਖ ਕੇ ਮੈਨੂੰ ਖਿਝ ਆ ਰਹੀ ਹੈ। ਤੂੰ ਐਵੇਂ ਫ਼ਜ਼ੂਲ ਜਿਹੀ ਚੀਜ਼ ਏਂ। ਤੈਨੂੰ ਤਾਂ ਹਵਾ ਵੀ ਜਿੱਧਰ ਮਰਜ਼ੀ ਉਡਾ ਕੇ ਲੈ ਜਾਵੇ", ਖ਼ਰਗੋਸ਼ ਨੇ ਕਿਹਾ।



"ਫ਼ਜ਼ੂਲ ਤਾਂ ਕੁਝ ਵੀ ਨਹੀਂ ਹੁੰਦਾ। ਹਰ ਇੱਕ ਜੀਵ ਦੀ ਆਪਣੀ ਲੋੜ ਹੈ, ਆਪਣਾ ਕੰਮ ਹੈ। ਨਿੱਕੇ ਤੋਂ ਨਿੱਕੇ ਜੀਵ ਦੀ ਵੀ ਆਪਣੀ ਸ਼ਕਤੀ ਹੈ, " ਤਿਤਲੀ ਕਹਿਣ ਲੱਗੀ।

" ਸ਼ਕਤੀ!", ਡੱਬਾ ਖ਼ਰਗੋਸ਼ ਹੱਸਣ ਲੱਗਾ, "ਪਰ ਮੈਨੂੰ ਤੇਰੇ ਵਿੱਚ ਤਾਂ ਇਹੋ-ਜਿਹੀ ਕੋਈ ਸ਼ਕਤੀ ਨਹੀਂ ਦਿਸਦੀ।"

" ਕੀ ਪਤੈ", ਤਿਤਲੀ ਨੇ ਕਿਹਾ।



Downloaded from https:// www.studiestoday.com

Downloaded from https:// www.studiestoday.com

"ਜੇ ਇਹ ਗੱਲ ਹੈ ਤਾਂ ਹੋ ਜਾਏ ਇੱਕ ਮੁਕਾਬਲਾ। ਆਪਾਂ ਸਾਡੇ ਘੁਰਨਿਆਂ ਤੱਕ ਜਾਵਾਂਗੇ। ਵੇਖਦੇ ਆਂ ਉੱਥੇ ਕੌਣ ਪਹਿਲਾਂ ਪਹੁੰਚਦਾ ਏ," ਖ਼ਰਗੋਸ਼ ਹੰਕਾਰ ਵਿੱਚ ਬੋਲਿਆ। ਬੱਸ ਫੇਰ ਕੀ ਸੀ ? ਦੋਂਹਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ।

ਡੱਬਾ ਖ਼ਰਗੋਸ਼ ਪਲ-ਛਿਣ ਵਿੱਚ ਹੀ ਟਪੂਸੀਆਂ ਮਾਰਦਾ ਨਜ਼ਰਾਂ ਤੋਂ ਓਹਲੇ ਹੋ ਗਿਆ। ਤਿਤਲੀ ਆਪਣੇ ਸਤਰੰਗੇ ਪਰਾਂ ਨੂੰ ਹਿਲਾਉਂਦੀ ਹੋਈ ਉਹਦੇ ਪਿੱਛੇ-ਪਿੱਛੇ ਉੱਡ ਪਈ। ਉਹ ਬਹੁਤ ਦੇਰ ਤੱਕ ਉੱਡਦੀ ਰਹੀ। ਅੱਗੇ ਪਹੁੰਚੀ ਤਾਂ ਉਹਨੂੰ ਝੀਲ ਦੇ ਕਿਨਾਰੇ ਡੱਬਾ ਖ਼ਰਗੋਸ਼ ਨਿੰਮੋਝੂਣਾ ਹੋਇਆ ਬੈਠਾ ਦਿਸ ਪਿਆ।

"ਤੂੰ ਖਲੋ ਕਿਉਂ ਗਿਆ ਏਂ ?" ਤਿਤਲੀ ਨੇ ਡੱਬੇ ਖ਼ਰਗੋਸ਼ ਨੂੰ ਆਖਿਆ।

"ਅੱਗੇ ਝੀਲ ਜੁ ਹੈ, ਜੇ ਮੈਂ ਪਾਣੀ ਉੱਤੇ ਪੈਰ ਰੱਖਿਆ ਤਾਂ ਡੁੱਬ ਜਾਵਾਂਗਾ। ਫੇਰ ਮੇਰੇ ਕੋਲ਼ੋਂ ਪਾਣੀ 'ਚੋਂ ਨਿਕਲ਼ਿਆ ਨਹੀਂ ਜਾਣਾ।"

ਤਿਤਲੀ ਉੱਡ ਕੇ ਪਾਣੀ ਉੱਤੇ ਤਰ ਰਹੇ ਇੱਕ ਪੱਤੇ ਉੱਤੇ ਬੈਠ ਗਈ, "ਵੇਖ, ਝੀਲ ਮੈਨੂੰ ਕੁਝ ਨਹੀਂ ਕਹਿ ਰਹੀ।" ਡੱਬਾ ਖ਼ਰਗੋਸ਼ ਚੁੱਪ ਰਿਹਾ। ਮੈਂ ਤਾਂ ਉੱਡ ਕੇ ਵੀ ਝੀਲ ਦੇ ਪਾਰ ਜਾ ਸਕਦੀ ਹਾਂ। ਤਿਤਲੀ ਨੇ ਡੱਬੇ ਖ਼ਰਗੋਸ਼ ਨੂੰ ਕਿਹਾ।

"ਮੈਂ ਉੱਡ ਨਹੀਂ ਸਕਦਾ।" ਡੱਬੇ ਖ਼ਰਗੋਸ਼ ਦੀ ਅਵਾਜ਼ ਵਿੱਚ ਬੇਵਸੀ ਸੀ। " ਕੋਈ ਗੱਲ ਨਹੀਂ, ਤੂੰ ਉੱਤੋਂ ਦੀ ਵਲ਼ ਦੇ ਕੇ ਝੀਲ ਦੇ ਅਗਲੇ ਪਾਰ ਪਹੁੰਚ, ਉੱਥੇ ਆਪਾਂ ਮੁਕਾਬਲਾ ਫਿਰ ਸ਼ੁਰੂ ਕਰ ਲਵਾਂਗੇ।" ਸਤਰੰਗੀ ਤਿਤਲੀ ਨੇ ਡੱਬੇ ਖ਼ਰਗੋਸ਼ ਨੂੰ ਅਪਣੱਤ ਨਾਲ਼ ਆਖਿਆ।





Downloaded from https:// www.studiestoday.com

Downloaded from https:// www.studiestoday.com

ਡੱਬੇ ਖ਼ਰਗੋਸ਼ ਦੇ ਜਾਣ ਪਿੱਛੋਂ ਤਿਤਲੀ ਉੱਡੀ ਤੇ ਝੀਲ ਦੇ ਅਗਲੇ ਪਾਰ ਪਹੁੰਚ ਗਈ। ਡੱਬੇ ਖ਼ਰਗੋਸ਼ ਦਾ ਹਾਲੇ ਕਿਧਰੇ ਕੋਈ ਨਾਂ-ਨਿਸ਼ਾਨ ਵੀ ਨਹੀਂ ਸੀ। ਸਾਮ੍ਹਣੇ ਫੁੱਲਾਂ ਦੀ ਵਾਦੀ ਸੀ। ਫੁੱਲਾਂ ਦੀ ਵਾਦੀ ਵਿੱਚ ਖ਼ਰਗੋਸ਼ਾਂ ਦੇ ਘੁਰਨੇ ਸਨ। ਉਹ ਕੁਝ ਚਿਰ ਉੱਥੇ ਬੈਠੀ ਰਹੀ ਤੇ ਫਿਰ ਫੁੱਲਾਂ ਵੱਲ ਉੱਡ ਪਈ। ਉਹ ਕਦੀ ਇੱਕ ਫੁੱਲ ਕੋਲ਼ ਜਾਂਦੀ ਤੇ ਕਦੀ ਦੂਜੇ ਕੋਲ਼। ਇੱਕ ਘੁਰਨੇ ਕੋਲ਼ ਬੈਠਾ ਇੱਕ ਬੁੱਢਾ ਖ਼ਰਗੋਸ਼ ਚੁੱਪ-ਚਾਪ ਤਿਤਲੀ ਨੂੰ ਵੇਖਦਾ ਰਿਹਾ। ਤਿਤਲੀ ਉਹਦੇ ਨੇੜੇ ਆਈ ਤਾਂ ਉਹ ਮੁਸਕਰਾਇਆ।

ਸਤਰੰਗੀ ਤਿਤਲੀ ਇੱਕ ਫੁੱਲ ਉੱਤੇ ਬੈਠ ਗਈ, "ਬਾਬਾ ਖ਼ਰਗੋਸ਼! ਇੱਥੇ ਤਾਂ ਬਹੁਤ ਸੋਹਣੇ - ਸੋਹਣੇ ਫੁੱਲ ਨੇ!"

"ਹਾਂ, ਬਹੁਤ ਸੋਹਣੇ ਨੇ, ਬਿਲਕੁਲ ਤੇਰੇ ਸਤਰੰਗੇ ਪਰਾਂ ਵਰਗੇ।" ਬੁੱਢਾ ਖ਼ਰਗੋਸ਼ ਹੱਸਿਆ, " ਜੇ ਤੈਨੂੰ ਇਹ ਫੁੱਲ ਐਨੇ ਚੰਗੇ ਲੱਗਦੇ ਨੇ ਤਾਂ ਤੂੰ ਇੱਥੇ ਹੀ ਰਹਿ। "

" ਏਨੇ ਸਾਰੇ ਫੁੱਲਾਂ ਵਿੱਚ ਰਹਿਣ ਨੂੰ ਮੇਰਾ ਵੀ ਜੀਅ ਕਰਦਾ ਹੈ, ਪਰ................"

"ਪਰ ਕੀ ?" ਬੁੱਢਾ ਖ਼ਰਗੋਸ਼ ਪੁੱਛਣ ਲੱਗਾ।

ਸਤਰੰਗੀ ਤਿਤਲੀ ਹਾਲੇ ਮੂੰਹੋਂ ਕੁਝ ਬੋਲਣ ਹੀ ਲੱਗੀ ਸੀ ਕਿ ਸਾਹੋ-ਸਾਹੋ ਹੋਇਆ ਡੱਬਾ ਖ਼ਰਗੋਸ਼ ਵੀ ਉੱਥੇ ਪਹੁੰਚ ਗਿਆ। "ਚੱਲ ਹੁਣ ਇੱਥੋਂ ਫਿਰ ਮੁਕਾਬਲਾ ਸ਼ੁਰੂ ਕਰਦੇ ਹਾਂ।" ਡੱਬਾ ਖ਼ਰਗੋਸ਼ ਹਫਦਾ ਹੋਇਆ ਬੋਲਿਆ। "ਇਸ ਤੋਂ ਅੱਗੇ ਤਾਂ ਨਦੀ ਹੈ," ਤਿਤਲੀ ਬੋਲੀ।

"ਹਾਂ, ਇਸ ਤੋਂ ਅੱਗੇ ਤਾਂ ਨਦੀ ਹੈ। " ਡੱਬੇ ਖ਼ਰਗੋਸ਼ ਨੂੰ ਨਦੀ ਦਾ ਚੇਤਾ ਹੀ ਨਹੀਂ ਸੀ ਰਿਹਾ। ਉਸ ਹਾਰਿਆਂ ਵਾਂਗ ਸਿਰ ਸੁੱਟ ਲਿਆ। "ਡੱਬੇ! ਮੈਨੂੰ ਪਤਾ ਹੈ ਤੂੰ ਬਹੁਤ ਤੇਜ਼ ਦੌੜਦਾ ਹੈਂ। ਇਸ ਲਈ ਮੈਂ ਹਾਰ ਮੰਨ ਲੈਨੀ ਆਂ।" ਤਿਤਲੀ ਉੱਡ ਕੇ ਉਹਦੇ ਕੋਲ਼ ਜਾ ਬੈਠੀ, "ਹੁਣ ਤਾਂ ਤੂੰ ਖ਼ੁਸ਼ ਹੈਂ ?" ਡੱਬੇ ਖ਼ਰਗੋਸ਼ ਨੇ ਹੈਰਾਨ ਹੋ ਕੇ ਤਿਤਲੀ ਵੱਲ ਵੇਖਿਆ।

"ਮੈਨੂੰ ਆਲ਼ੇ-ਭੋਲ਼ੇ ਖ਼ਰਗੋਸ਼ ਬਹੁਤ ਚੰਗੇ ਲੱਗਦੇ ਨੇ। ਤੁਹਾਨੂੰ ਵੇਖ ਕੇ ਸਭ ਨੂੰ ਖ਼ੁਸ਼ੀ ਮਿਲ਼ਦੀ ਹੈ।" ਸਤਰੰਗੀ ਤਿਤਲੀ ਨੇ ਮੁਸਕਰਾਉਂਦਿਆਂ ਹੋਇਆਂ ਖ਼ਰਗੋਸ਼ ਨੂੰ ਕਿਹਾ, "ਜੇ ਖ਼ਰਗੋਸ਼ ਮੇਰੇ ਦੋਸਤ ਹੋ ਜਾਣ ਤਾਂ ਮੈਂ ਇੱਥੇ ਹੀ ਰਹਿ ਪਵਾਂ, ਨਹੀਂ ਤਾਂ ਚਲੀ ਜਾਵਾਂ।"

ਬੁੱਢੇ ਖ਼ਰਗੋਸ਼ ਨੂੰ ਡੱਬੇ ਖ਼ਰਗੋਸ਼ ਤੇ ਸਤਰੰਗੀ ਤਿਤਲੀ ਵਿਚਕਾਰ ਹੋਈ ਪਹਿਲੀ ਗੱਲ-ਬਾਤ ਦਾ ਕੁਝ ਪਤਾ ਨਹੀਂ ਸੀ। ਉਸ ਨੇ ਆਖਿਆ, "ਸਤਰੰਗੀ ਤਿਤਲੀਏ! ਤੈਨੂੰ ਇਹ ਕਹਿਣ ਦੀ ਕੀ ਲੋੜ ਪੈ ਗਈ ? ਅਸੀਂ ਤਾਂ ਸਭ ਦੇ ਦੋਸਤ ਹਾਂ, ਫੁੱਲਾਂ ਦੇ ਵੀ, ਤਿਤਲੀਆਂ ਦੇ ਵੀ। ਜੇ ਤਿਤਲੀਆਂ ਫੁੱਲਾਂ ਦਾ ਧੂੜਾ ਇੱਕ ਫੁੱਲ ਤੋਂ ਦੂਜੇ ਫੁੱਲ ਤੱਕ ਨਾ ਲੈ ਕੇ ਜਾਣ ਤਾਂ ਫੁੱਲਾਂ ਦੇ ਬੀਜ ਕਿਵੇਂ ਬਣਨ ? ਫੁੱਲ ਕਿਵੇਂ ਖਿੜਨ ? ਜੰਗਲ਼, ਟਾਪੂ ਸੋਹਣੇ ਕਿਵੇਂ ਲੱਗਣ ? ਤੂੰ ਇੱਥੇ ਹੀ ਰਹਿ। ਅਸਲ ਵਿੱਚ ਇਹ ਤੇਰੀ ਹੀ ਥਾਂ ਹੈ।

ਡੱਬਾ ਖ਼ਰਗੋਸ਼ ਸ਼ਰਮਸਾਰ ਹੋਇਆ ਬੈਠਾ ਸੀ, ਉਹ ਬੋਲਿਆ, "ਸਤਰੰਗੀ ਤਿਤਲੀਏ! ਤੂੰ ਜਿਹੜੀ ਗੱਲ ਸਮਝਾਉਣੀ ਸੀ, ਮੈਨੂੰ ਉਸ ਦੀ ਸਮਝ ਲੱਗ ਗਈ ਹੈ। ਮੈਂ ਹਉਮੈਂ ਦੇ ਰੌਂ ਵਿੱਚ ਮੂਰਖ ਹੋ ਗਿਆ ਸਾਂ। ਤੂੰ ਖ਼ੁਦ ਨੂੰ ਹਾਰਿਆ ਕਹਿ ਕੇ ਵੀ ਜਿੱਤ ਗਈ ਹੈਂ। ਤੇਰੀ ਇਸ ਸ਼ਕਤੀ ਦੇ ਸਾਮ੍ਹਣੇ ਤਾਂ ਕੋਈ ਵੀ ਮਾਤ ਖਾ ਜਾਵੇ।



Downloaded from https:// www.studiestoday.com

Downloaded from https:// www.studiestoday.com

## ਔਖੇ ਸ਼ਬਦਾਂ ਦੇ ਅਰਥ

| | | | |
|---|---|---|---|
| **ਸ਼ਰਾਰਤੀ ਰੌਂ** | ਚਾਂਭਲ਼ਨਾ | **ਲਿਤਾੜਨਾ** | ਮਿੱਧਣਾ/ ਖ਼ਰਾਬ ਕਰਨਾ |
| **ਹੀਲਾ** | ਤਰੀਕਾ | **ਚੈਨ** | ਅਰਾਮ |
| **ਹਫਣਾ** | ਸਾਹ ਚੜ੍ਹਨਾ/ਥੱਕਣਾ | **ਲੰਮਾ ਸਾਹ ਭਰਨਾ** | ਹਉਕਾ ਲੈਣਾ |
| **ਘੁਰਨਾ** | ਖ਼ਰਗੋਸ਼ ਦੇ ਰਹਿਣ ਦੀ ਥਾਂ | **ਪਲ-ਛਿਣ** | ਬਹੁਤ ਜਲਦੀ |
| **ਓਹਲੇ** | ਅੱਖਾਂ ਤੋਂ ਪਰੇ | **ਨਿੰਮੋਝੂਣਾ** | ਉਦਾਸ |
| **ਬੇਵੱਸੀ** | ਵੱਸ ਵਿੱਚ ਨਾ ਹੋਣਾ | **ਵਲ਼ ਦੇ ਕੇ** | ਉੱਪਰੋਂ ਦੀ ਘੁੰਮ ਕੇ |
| **ਅਪਣੱਤ** | ਆਪਣਾਪਣ | **ਫੁੱਲਾਂ ਦੀ ਵਾਦੀ** | ਜਿੱਥੇ ਬਹੁਤ ਸਾਰੇ ਫੁੱਲ ਲੱਗੇ ਹੋਣ |
| **ਸਾਹੋ-ਸਾਹ ਹੋਣਾ** | ਸਾਹ ਚੜ੍ਹਨਾ/ਥੱਕ ਜਾਣਾ | **ਸਿਰ ਸੁੱਟ ਲੈਣਾ** | ਹੌਸਲਾ ਛੱਡ ਦੇਣਾ |
| **ਫੁੱਲਾਂ ਦਾ ਧੂੜਾ** | ਫੁੱਲਾਂ ਦੇ ਪਰਾਗ-ਕਣ (ਫੁੱਲਾਂ ਉੱਤੇ ਪਿਆ ਆਟੇ ਵਰਗਾ ਪਦਾਰਥ) | | |
| **ਟਾਪੂ** | ਸਮੁੰਦਰ ਦੇ ਵਿਚਕਾਰ ਖ਼ਾਲੀ ਜਗ੍ਹਾ | | |
| **ਹਉਮੈਂ** | ਹੰਕਾਰ | **ਆਲ਼ੇ-ਭੋਲ਼ੇ** | ਭੋਲ਼ੇ-ਭਾਲ਼ੇ |
| **ਖ਼ੁਦ** | ਆਪ | **ਮਾਤ ਖਾ ਜਾਣਾ** | ਹਾਰ ਜਾਣਾ |



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਸਾਨੂੰ ਆਪਣੇ-ਆਪ ਉੱਤੇ ਘੁਮੰਡ ਨਹੀਂ ਕਰਨਾ ਚਾਹੀਦਾ।
- ਕਿਸੇ ਵੀ ਜੀਵ-ਜੰਤੂ ਨੂੰ ਫ਼ਜ਼ੂਲ ਨਹੀਂ ਸਮਝਣਾ ਚਾਹੀਦਾ।
- ਹਰ ਇੱਕ ਜੀਵ-ਜੰਤੂ ਵਿੱਚ ਕੋਈ ਖ਼ਾਸ ਗੁਣ ਹੁੰਦਾ ਹੈ।
- ਸਾਨੂੰ ਹਰ ਇੱਕ ਦਾ ਸਤਿਕਾਰ ਕਰਨਾ ਚਾਹੀਦਾ ਹੈ।
- ਆਪਣੀ ਗ਼ਲਤੀ ਮੰਨ ਲੈਣਾ ਇੱਕ ਚੰਗਾ ਗੁਣ ਹੈ।

## ਪਾਠ-ਅਭਿਆਸ



### ੳ. ਜ਼ਬਾਨੀ ਅਭਿਆਸ:

(1) ਤਿਤਲੀ ਕਿਹੋ-ਜਿਹੀ ਹੁੰਦੀ ਹੈ ?

(2) ਖ਼ਰਗੋਸ਼ ਕਿੱਥੇ ਰਹਿੰਦੇ ਹਨ ?

(3) ਫੁੱਲਾਂ ਦੇ ਬੀਜ ਕਿਵੇਂ ਬਣਦੇ ਹਨ ?

(4) ਟਾਪੂ ਕਿਸ ਨੂੰ ਕਹਿੰਦੇ ਹਨ ?



Downloaded from https:// www.studiestoday.com

Downloaded from https:// www.studiestoday.com

ਅ. ਕਹਾਣੀ ਵਿੱਚੋਂ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:

- **ਡੱਬੇ ਖ਼ਰਗੋਸ਼ ਦੇ ਜਾਣ ਪਿੱਛੋਂ ................. ਉਹ ਮੁਸਕਰਾਇਆ।**

(1) ਤਿਤਲੀ ਉੱਡ ਕੇ ਕਿੱਥੇ ਪਹੁੰਚ ਗਈ ?

.................................................................................................

.................................................................................................

.................................................................................................

(2) ਝੀਲ ਦੇ ਅਗਲੇ ਪਾਰ ਸਾਮ੍ਹਣੇ ਕੀ ਸੀ ?

.................................................................................................

.................................................................................................

.................................................................................................

(3) ਫੁੱਲਾਂ ਦੀ ਵਾਦੀ ਵਿੱਚ ਕੀ ਸੀ ?

.................................................................................................

.................................................................................................

.................................................................................................

(4) ਬੁੱਢਾ ਖ਼ਰਗੋਸ਼ ਕੀ ਕਰ ਰਿਹਾ ਸੀ ?

.................................................................................................

.................................................................................................

.................................................................................................



Downloaded from https:// www.studiestoday.com

Downloaded from https:// www.studiestoday.com

**ੲ. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ:**

1. ਡੱਬਾ ਖ਼ਰਗੋਸ਼ ਉਸ ਨੂੰ ...................... ਨਹੀਂ ਸੀ ਲੈਣ ਦੇ ਰਿਹਾ।
2. ਨਿੱਕੇ ਤੋਂ ਨਿੱਕੇ ਜੀਵ ਦੀ ਵੀ ਆਪਣੀ ...................... ਹੁੰਦੀ ਹੈ।
3. ਡੱਬੇ ਖ਼ਰਗੋਸ਼ ਦੀ ਅਵਾਜ਼ ਵਿੱਚ ...................... ਸੀ।
4. ਅਸੀਂ ਤਾਂ ...................... ਦੋਸਤ ਹਾਂ।

(ਸਭ ਦੇ, ਬੇਵੱਸੀ, ਚੈਨ, ਸ਼ਕਤੀ)

**ਸ. ਹੇਠ ਲਿਖੇ ਸ਼ਬਦਾਂ ਦੇ ਸਮਾਨਾਰਥਕ ਸ਼ਬਦਾਂ ਨੂੰ ਮਿਲ਼ਾਓ:**

| | |
|---|---|
| ਨਿੱਕੀ | ਹੰਕਾਰ |
| ਸ਼ਕਤੀ | ਖੰਭਾਂ ਵਰਗੇ |
| ਪਰਾਂ ਵਰਗੇ | ਮਿੱਤਰ |
| ਚੇਤਾ | ਤਾਕਤ |
| ਦੋਸਤ | ਛੋਟੀ |
| ਹਉਮੈਂ | ਯਾਦ-ਸ਼ਕਤੀ |

**ਕ. ਹੇਠ ਲਿਖੀਆਂ ਸਤਰਾਂ ਵਿੱਚ ਢੁਕਵੇਂ ਵਿਸਰਾਮ-ਚਿੰਨ੍ਹ ਲਾਓ ( “ ” , । ? )**

ਤੂੰ ਇੰਨੀ ਨਿੱਕੀ ਵੀ ਨਹੀਂ ਕਿ ਮੈਂ ਤੈਨੂੰ ਵੇਖ ਨਾ ਸਕਾਂ ਖਰਗੋਸ਼ ਬੋਲਿਆ ਤਿਤਲੀ ਨੇ ਲੰਮਾ ਸਾਹ ਭਰਿਆ ਮੈਂ ਤਾਂ ਤੈਥੋਂ ਬਹੁਤ ਕਮਜ਼ੋਰ ਹਾਂ ਫੇਰ ਤੂੰ ਮੈਨੂੰ ਤੰਗ ਕਿਉਂ ਕਰ ਰਿਹਾ ਏਂ

**ਖ. ਅਧੂਰੀ ਕਹਾਣੀ ਪੂਰੀ ਕਰੋ (ਕਲਪਨਾਮਈ ਸਿਰਜਣਾਤਮਿਕ ਪਰਖ):**

### ਪੰਛੀਆਂ ਨਾਲ਼ ਮਿੱਤਰਤਾ

ਇੱਕ ਵਾਰ ਦੀ ਗੱਲ ਹੈ। ਮੈਂ ਛੁੱਟੀ ਹੋਣ 'ਤੇ ਘਰ ਆ ਕੇ ਆਪਣੀ ਸਾਈਕਲ ਬਰਾਂਡੇ ਵਿੱਚ ਖੜ੍ਹੀ ਕੀਤੀ। ਜਦੋਂ ਮੈਂ ਆਪਣਾ ਬਸਤਾ ਚੁੱਕਣ ਲੱਗਾ ਤਾਂ ਹੇਠਾਂ ਬਰਾਂਡੇ ਵਿੱਚ ਕੱਖਾਂ ਦਾ ਢੇਰ ਵੇਖਿਆ। ਮੈਂ ਛੱਤ ਵੱਲ ਵੇਖਿਆ ਤਾਂ ਪਤਾ ਲੱਗਿਆ ਕਿ ਉੱਥੇ ਇੱਕ ਚਿੜੀ ਆਪਣਾ ਆਲ੍ਹਣਾ ਪਾਉਣ ਦੀ ਕੋਸ਼ਸ਼ ਕਰ ਰਹੀ ਸੀ। ਜਿਸ ਜਗ੍ਹਾ ਚਿੜੀ ਨੇ ਆਲ੍ਹਣਾ ਪਾਉਣਾ ਸੀ, ਉੱਥੇ ਲੋਹੇ ਦੇ ਪਾਈਪ ਤੋਂ ਕੱਖ ਤਿਲਕ ਕੇ ਹੇਠਾਂ ਡਿਗੀ ਜਾ ਰਹੇ ਸਨ। ਮੈਂ ਆਪਣਾ ਬਸਤਾ ਰੱਖਣ ਅੰਦਰ ਚਲਾ ਗਿਆ। ਫਿਰ ਮੈਨੂੰ ਸਾਡੇ ਅਧਿਆਪਕ ਜੀ ਦੀ ਗੱਲ ਯਾਦ ਆਈ। ਉਹਨਾਂ ਨੇ ਇੱਕ ਦਿਨ ਸ਼੍ਰੇਣੀ ਵਿੱਚ ਸਾਨੂੰ ਕਿਹਾ ਸੀ ਕਿ ਸਾਨੂੰ ਪੰਛੀਆਂ ਨਾਲ਼ ਵੀ ਮਿੱਤਰਤਾ ਕਰਨੀ ਚਾਹੀਦੀ ਹੈ।



Downloaded from https:// www.studiestoday.com

Downloaded from https:// www.studiestoday.com

ਮੇਰੇ ਦਿਮਾਗ਼ ਵਿੱਚ ਇੱਕ ਖ਼ਿਆਲ ਆਇਆ। ਮੈਂ ਬਾਹਰੋਂ ਇੱਕ ਰੱਸੀ ਦਾ ਬਿੰਨਾ ਬਣਾਇਆ ਅਤੇ ਜਿਸ ਪਾਈਪ 'ਤੇ ਚਿੜੀ ਆਲ੍ਹਣਾ ਬਣਾਉਣ ਦੀ ਕੋਸ਼ਸ਼ ਕਰ ਰਹੀ ਸੀ, ਉੱਥੇ ਇਸ ਤਰ੍ਹਾਂ ਬੰਨ੍ਹਿਆ ਕਿ ਚਿੜੀ ਦੁਆਰਾ ਰੱਖੇ ਗਏ ਕੱਖ ਹੇਠਾਂ ਨਾ ਡਿਗ ਸਕਣ। ਜਦੋਂ ਮੈਂ ਦੂਜੇ ਦਿਨ ਸਕੂਲੋਂ ਘਰ ਆ ਕੇ ਵੇਖਿਆ ਤਾਂ ਮੇਰੀ ਖ਼ੁਸ਼ੀ ਦੀ ਹੱਦ ਨਾ ਰਹੀ। ਚਿੜੀ ਨੇ ਆਪਣਾ ਆਲ੍ਹਣਾ ਉਸ ਬਿੰਨੇ ਦੇ ਉੱਪਰ ਪੂਰਾ ਬਣਾ ਲਿਆ ਸੀ। ਕੁਝ ਦਿਨ ਬਾਅਦ ਚਿੜੀ ਨੇ ਉਸ ਆਲ੍ਹਣੇ ਵਿੱਚ ਦੋ........

..........................................................................................................................

..........................................................................................................................

..........................................................................................................................

..........................................................................................................................

..........................................................................................................................

..........................................................................................................................

..........................................................................................................................

..........................................................................................................................

..........................................................................................................................

..........................................................................................................................

..........................................................................................................................

..........................................................................................................................

..........................................................................................................................

..........................................................................................................................

**ਅਧਿਆਪਕ ਲਈ ਅਗਵਾਈ-ਲੀਹਾਂ:**

- ਵਿਸਰਾਮ-ਚਿੰਨ੍ਹਾਂ ਦਾ ਸੰਕਲਪ ਉਦਾਹਰਨਾਂ ਦੇ ਕੇ ਸਮਝਾਇਆ ਜਾਵੇ।



Downloaded from https:// www.studiestoday.com

Downloaded from https:// www.studiestoday.com

ਪਾਠ - 8

# ਚਿੜੀਆ - ਘਰ




ਆਓ ਸਾਰੇ ਬਾਲ,
ਛੱਤਬੀੜ ਚੱਲੀਏ।
ਹਾਣੀਆਂ ਦੇ ਨਾਲ਼,
ਅੱਗੇ ਹੋ ਕੇ ਰਲ਼ੀਏ।

ਰੱਖਾਂ ਵਿੱਚ ਸ਼ੇਰ,
ਬਾਂਦਰ ਪਿੰਜਰੇ 'ਚ ਬੰਦ।
ਜੰਗਲ਼ਾਂ ਦੇ ਜੀਵ,
ਕਿਵੇਂ ਮਾਣਦੇ ਅਨੰਦ।



Downloaded from https:// www.studiestoday.com

Downloaded from https:// www.studiestoday.com

ਬਣ-ਮਾਣਸ ਵੇਖੋ,
ਸਾਡੇ ਵਾਂਗ ਚੱਲਦਾ।
ਕੱਢਦਾ ਅਵਾਜ਼,
ਜਿਵੇਂ ਢੋਲ ਵੱਜਦਾ।



ਹਿਰਨਾਂ ਦੀ ਡਾਰ,
ਭਰੇ ਚੁੰਗੀਆਂ ਪਈ।
ਹਰਾ-ਭਰਾ ਚਾਰਾ,
ਨਾਲ਼ੇ ਡਰ ਕੋਈ ਨਹੀਂ।



ਮਗਰ -ਮੱਛ ਵੇਖੋ,
ਕੋਸੀ ਧੁੱਪ ਸੇਕਦੇ।
ਇਹ ਵੀ ਸਾਡੇ ਵੱਲ,
ਲੁਕ- ਛਿਪ ਵੇਖਦੇ।

ਬਾਘ ਤੇ ਬਘੇਲੇ ਵੇਖ,
ਡਰ ਜਾਈਦਾ।
ਭੁੱਲ ਕੇ ਨਾ ਪਿੰਜਰੇ 'ਚ
ਹੱਥ ਪਾਈਦਾ।



ਬਾਰਾਂਸਿੰਗੇ ਵੇਖ,
ਕਥਾ ਯਾਦ ਆਂਵਦੀ।
ਸੋਹਣੀ ਉਹੋ ਚੀਜ਼,
ਜਿਹੜੀ ਕੰਮ ਆਂਵਦੀ।

ਲੱਕੜਬੱਘਾ ਨਹੀਂਓਂ,
ਸਾਡੇ ਵੱਲ ਤੱਕਦਾ।
ਆਖਦਾ ਸੀ ਤਾਇਆ,
ਇਹ ਤਾਂ ਬੱਚੇ ਚੱਕਦਾ।



Downloaded from https:// www.studiestoday.com

Downloaded from https:// www.studiestoday.com



ਨਿੱਕੇ ਜਿਹੇ ਛੰਭ,
ਵਿੱਚ ਹੰਸ ਤਰਦੇ।
ਕੈਦ ਨੇ ਵਿਚਾਰੇ,
ਨਾ ਉਡਾਰੀ ਭਰਦੇ।

ਸੁਨਹਿਰੀ ਚੁੰਝ ਵਾਲ਼ੀ,
ਮੈਨਾ ਹੈ ਪਹਾੜ ਦੀ।
ਸੁਨੇਹਾ ਕੋਈ ਦੇਵੇ,
ਮੈਨੂੰ 'ਵਾਜ ਮਾਰਦੀ।



ਅੱਧ – ਸੁੱਤਾ ਉੱਲੂ,
ਸਾਡੇ ਵੱਲ ਝਾਕਦਾ।
ਮਨ ਵਿੱਚ ਇਹ ਵੀ,
ਸਾਨੂੰ ਉੱਲੂ ਆਖਦਾ।

ਗੁਟਕਦੇ ਕਬੂਤਰ,
ਕਿਵੇਂ ਘੇਰੇ ਕੱਢਦੇ।
ਜਾਪਦਾ ਏ ਜਿਵੇਂ ,
ਕੋਈ ਨਾਚ ਨੱਚਦੇ।



ਪੰਛੀਆਂ ਦਾ ਰਾਜਾ,
ਮੋਰ ਪੈਲ ਪਾਂਵਦਾ।
ਝੂਠ ਹੈ ਗੁਟਾਰਾਂ,
ਨਾਲ਼ ਰੁੱਸ ਜਾਂਵਦਾ।



ਨਿੱਕੀ ਜਿਹੀ ਝੀਲ,
ਵਿੱਚ ਪੱਤੇ ਨੇ ਝੜੇ।
ਬਗਲੇ- ਭਗਤ,
ਵਿੱਚ ਕਿਵੇਂ ਨੇ ਖੜ੍ਹੇ।



Downloaded from https:// www.studiestoday.com

Downloaded from https:// www.studiestoday.com



ਇਕੱਲਾ ਤੇ ਉਦਾਸ,
ਕੁੱਕੜ ਇੱਕ ਜੰਗਲ਼ੀ।
ਵੇਖਣ ਹੀ ਵਾਲ਼ੀ,
ਇਹਦੀ ਦਿੱਖ ਰੰਗਲੀ।

ਲੂੰਬੜੀ ਨੂੰ ਵੇਖ,
ਬਾਤ ਯਾਦ ਆਉਂਦੀ ਏ।
ਕਾਂਵਾਂ ਨੂੰ ਗਵੱਈਆ ਆਖ,
ਠੱਗ ਜਾਂਦੀ ਏ।

ਸਹੇ –ਖ਼ਰਗੋਸ਼,
ਲੰਮੀ ਛਾਲ਼ ਮਾਰਦੇ।
ਕਦੇ – ਕਦੇ ਭਾਵੇਂ,
ਕੱਛੂ ਕੋਲ਼ੋਂ ਹਾਰਦੇ।



ਪੰਛੀਆਂ ਨੂੰ ਕੈਦ,
ਭੁੱਲ ਕੇ ਨਾ ਕਰਨਾ।
ਪਿੰਜਰੇ 'ਚ ਰਹਿਣ ਨਾਲ਼ੋਂ,
ਚੰਗਾ ਮਰਨਾ।

## ਔਖੇ ਸ਼ਬਦਾਂ ਦੇ ਅਰਥ

**ਛੱਤਬੀੜ** : 'ਛੱਤ' ਇੱਕ ਪਿੰਡ ਦਾ ਨਾਂ ਹੈ। ਇਸ ਪਿੰਡ ਦੇ ਬਾਹਰ ਇੱਕ ਬੀੜ ਹੈ। ਇੱਥੇ ਚਿੜੀਆ-ਘਰ ਹੈ। ਇਸ ਨੂੰ 'ਛੱਤਬੀੜ ਚਿੜੀਆ-ਘਰ' ਕਿਹਾ ਜਾਂਦਾ ਹੈ।

**ਰੱਖ** : ਛੋਟਾ ਜਿਹਾ ਜੰਗਲ਼, ਜਿੱਥੇ ਜਾਨਵਰਾਂ ਨੂੰ ਰੱਖਿਆ ਜਾਂਦਾ ਹੈ।

**ਅਨੰਦ** : ਖ਼ੁਸ਼ੀ

**ਛੰਭ** : ਤਲਾਅ

**ਬਣ-ਮਾਣਸ** : ਮਨੁੱਖ ਦੀ ਸ਼ਕਲ ਵਰਗਾ ਇੱਕ ਜੰਗਲ਼ੀ ਜਾਨਵਰ

**ਕਥਾ** : ਕਹਾਣੀ

**ਡਾਰ** : ਇਕੱਠੇ ਹੋ ਕੇ ਕਤਾਰ ਵਿੱਚ ਉੱਡਦੇ ਪੰਛੀ

**ਚੁੰਗੀਆਂ** : ਹਿਰਨਾਂ ਦਾ ਛਾਲ਼ਾਂਗਾਂ ਮਾਰਨਾ



Downloaded from https:// www.studiestoday.com

Downloaded from https:// www.studiestoday.com



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਚਿੜੀਆ-ਘਰ ਵਿੱਚ ਕਈ ਤਰ੍ਹਾਂ ਦੇ ਜਾਨਵਰ ਅਤੇ ਪੰਛੀ ਹੁੰਦੇ ਹਨ।
- ਬਣ-ਮਾਣਸ ਦੀ ਅਵਾਜ਼ ਢੋਲ ਦੀ ਅਵਾਜ਼ ਵਰਗੀ ਹੁੰਦੀ ਹੈ।
- ਉੱਲੂ ਨੂੰ ਦਿਨ ਨਾਲ਼ੋਂ ਰਾਤ ਨੂੰ ਸਪਸ਼ਟ ਦਿਖਾਈ ਦਿੰਦਾ ਹੈ।
- ਮੋਰ ਸਾਡਾ ਰਾਸ਼ਟਰੀ ਪੰਛੀ ਹੈ।
- ਛੱਤਬੀੜ ਚਿੜੀਆ-ਘਰ (ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਵਿੱਚ) ਚੰਡੀਗੜ੍ਹ ਤੋਂ ਪਟਿਆਲ਼ੇ ਜਾਂਦੀ ਸੜਕ ਦੇ ਨੇੜੇ ਸਥਿਤ ਹੈ।

## ਪਾਠ-ਅਭਿਆਸ



### ੳ. ਜ਼ਬਾਨੀ ਅਭਿਆਸ:

(1) ਛੱਤਬੀੜ ਚਿੜੀਆ-ਘਰ ਕਿੱਥੇ ਹੈ ?

(2) ਬਣ-ਮਾਣਸ ਕੀ ਹੁੰਦਾ ਹੈ ?

(3) ਹਿਰਨ ਵਾਂਗ ਛਾਲ਼ਾਂ ਮਾਰਨ ਨੂੰ ਕੀ ਕਹਿੰਦੇ ਹਨ ?

(4) ਕਵਿਤਾ ਨੂੰ ਲੈਅ ਵਿੱਚ ਗਾਓ।

### ਅ. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:

(1) ਕਵਿਤਾ ਵਿੱਚ ਕਿਹੜੇ ਚਿੜੀਆ-ਘਰ ਦੀ ਗੱਲ ਕੀਤੀ ਗਈ ਹੈ ?

.............................................................................................

.............................................................................................

.............................................................................................

(2) ਇਸ ਚਿੜੀਆ-ਘਰ ਵਿੱਚ ਕਿਹੜੇ-ਕਿਹੜੇ ਜੀਵ ਹਨ ?

.............................................................................................



Downloaded from https:// www.studiestoday.com

Downloaded from https:// www.studiestoday.com

..........................................................................................

..........................................................................................

(3) ਕਵਿਤਾ ਦੀਆਂ ਆਖ਼ਰੀ ਸਤਰਾਂ ਵਿੱਚ ਕਵੀ ਕੀ ਕਹਿੰਦਾ ਹੈ ?

..........................................................................................

..........................................................................................

..........................................................................................

## ੲ. ਹੇਠਾਂ ਲਿਖੇ ਸ਼ਬਦ ਦੇ ਅਰਥ ਲਿਖੋ:

| | | | |
|---|---|---|---|
| ਛੱਤਬੀੜ | .................... | ਰੱਖਾਂ | .................... |
| ਅਨੰਦ | .................... | ਬਣ-ਮਾਣਸ | .................... |
| ਡਾਰ | .................... | ਚੁੰਗੀਆਂ | .................... |
| ਕਥਾ | .................... | ਛੰਭ | .................... |
| ਗੁਟਕਦੇ | .................... | | |

## ਹ. ਵਿਰੋਧੀ ਸ਼ਬਦ ਲਿਖੋ:

| | | | |
|---|---|---|---|
| ਕੈਦ | ਅਜ਼ਾਦ | ਬੰਦ | .................... |
| ਧੁੱਪ | .................... | ਤਰਨਾ | .................... |
| ਸੁੱਤਾ | .................... | ਝੂਠ | .................... |
| ਰੁੱਸਣਾ | .................... | ਹਾਰਨਾ | .................... |
| ਮਰਨਾ | .................... | ਚੰਗਾ | .................... |



Downloaded from https:// www.studiestoday.com

Downloaded from https:// www.studiestoday.com

**ਕ. ਹੇਠ ਲਿਖੇ ਸ਼ਬਦਾਂ ਦੇ ਸ਼ਬਦ-ਜੋੜ ਸ਼ੁੱਧ ਕਰ ਕੇ ਲਿਖੋ:**

| | | | |
|---|---|---|---|
| ਬਨਮਾਨਸ | .................... | ਛਤਬੀੜ | .................... |
| ਸੁਨਿਹਰੀ | .................... | ਕਾਵਾਂ | .................... |
| ਲਕੜਬਗਾ | .................... | ਮੇਨਾ | .................... |

**ਖ. ਲੈਅਮਈ ਸ਼ਬਦ ਲਿਖੋ:**

| | | | |
|---|---|---|---|
| ਚੱਲੀਏ | ਰਲ਼ੀਏ | ਬੰਦ | .................... |
| ਸੇਕਦੇ | .................... | ਤਰਦੇ | .................... |
| ਪਾਂਵਦਾ | .................... | ਜੰਗਲ਼ੀ | .................... |
| ਤੱਕਦਾ | .................... | ਮਾਰਦੇ | .................... |

**ਗ. ਕਵਿਤਾ ਵਿੱਚ ਆਏ ਜਾਨਵਰਾਂ ਅਤੇ ਪੰਛੀਆਂ ਦੇ ਨਾਂਵਾਂ ਦੀਆਂ ਸੂਚੀਆਂ ਬਣਾਓ :**

| ਸ਼ੇਰ | ਹੰਸ |
|---|---|
| .............................. | .............................. |
| .............................. | .............................. |
| .............................. | .............................. |
| .............................. | .............................. |
| .............................. | .............................. |



Downloaded from https:// www.studiestoday.com

Downloaded from https:// www.studiestoday.com

ਘ. ਆਪਣੇ ਅਧਿਆਪਕ ਦੀ ਮਦਦ ਨਾਲ਼ ਹੰਕਾਰੀ ਬਾਰਾਂਸਿੰਗੇ ਦੀ ਕਹਾਣੀ ਲਿਖੋ।

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................



Downloaded from https:// www.studiestoday.com

Downloaded from https:// www.studiestoday.com

ਪਾਠ – 9

# ਸੁੰਢ ਤੇ ਹਲ਼ਦੀ

ਬਹੁਤ ਪੁਰਾਣੇ ਵੇਲ਼ਿਆਂ ਦੀ ਗੱਲ ਹੈ ਕਿ 'ਸੁੰਢ' ਤੇ 'ਹਲ਼ਦੀ' ਦੋ ਸਕੀਆਂ ਭੈਣਾਂ ਸਨ। ਉਹਨਾਂ ਦੀ ਮਾਂ ਦਾ ਨਾਂ ਸੀ, 'ਕਾਲ਼ੀ ਮਿਰਚ'।

ਇੱਕ ਦਿਨ ਹਲ਼ਦੀ ਨੇ ਮਾਂ ਨੂੰ ਕਿਹਾ, "ਮਾਂ, ! ਮੈਂ ਆਪਣੇ ਨਾਨਕੇ ਘਰ ਜਾਣੈ।"

ਇਹ ਕਹਿੰਦੀ ਹੋਈ ਉਹ ਚਾਅ ਨਾਲ਼ ਗੁਣਗੁਣਾਉਣ ਲੱਗੀ :

"ਨਾਨਕੇ ਘਰ ਜਾਵਾਂਗੇ,

ਲੱਡੂ -ਪੇੜੇ ਖਾਵਾਂਗੇ,

ਮੋਟੇ ਹੋ ਕੇ ਆਵਾਂਗੇ।"

ਉਸ ਦੀ ਮਾਂ ਕਾਲ਼ੀ ਮਿਰਚ ਨੇ ਉਸ ਨੂੰ ਸਮਝਾਉਂਦਿਆਂ ਆਖਿਆ, "ਧੀਏ! ਰਾਹ ਵਿੱਚ ਬੜੀਆਂ ਔਕੜਾਂ ਨੇ, ਜਦੋਂ ਕਦੇ ਤੇਰਾ ਮਾਮਾ ਆਵੇਗਾ ਤਾਂ ਤੂੰ ਉਸ ਦੇ ਨਾਲ਼ ਚਲੀ ਜਾਵੀਂ। ਤੂੰ ਜੇ ਰਾਹ ਭੁੱਲ ਗਈ ਤਾਂ ਫੇਰ ਕੀ ਕਰੇਂਗੀ ?"

ਪਰ ਹਲ਼ਦੀ ਨੇ ਤਾਂ ਨਾਨਕੇ-ਘਰ ਜਾਣ ਦੀ ਜਿਵੇਂ ਜ਼ਿਦ ਹੀ ਫੜ ਲਈ।

ਸੋਚ-ਸੋਚ ਕੇ ਮਾਂ ਨੇ ਸੁੰਢ ਨੂੰ ਕਿਹਾ, "ਸੁੰਢ ਧੀਏ! ਇਉਂ ਕਰ ਤੂੰ ਵੀ ਇਹਦੇ ਨਾਲ਼ ਚਲੀ ਜਾਹ। ਇੱਕ, ਇੱਕ ਤੇ ਦੋ ਗਿਆਰ੍ਹਾਂ ਹੁੰਦੇ ਨੇ। ਰਾਹ ਵਿੱਚ ਸਾਥ ਰਹੇਗਾ। ਲੰਮਾ ਪੈਂਡਾ ਏ। ਰਾਹ ਵਿੱਚ ਦਰਿਆ ਵੀ ਪੈਂਦਾ ਏ। ਉਸ ਵਿੱਚੋਂ ਲੰਘਦਿਆਂ ਤਾਂ ਮੈਨੂੰ 'ਕੱਲੀ ਨੂੰ ਵੀ ਡਰ ਲੱਗਦਾ ਏ। ਇਹ ਤਾਂ ਉਂਞ ਵੀ ਅਜੇ ਨਿਆਣੀ ਏ।"

ਪਰ ਸੁੰਢ ਦੀ ਹਲ਼ਦੀ ਨਾਲ਼ ਐਵੇਂ ਈ ਅੰਞਾਣਿਆਂ ਵਾਂਗ ਨਿੱਕੀ-ਨਿੱਕੀ ਗੱਲ ਉੱਤੇ ਵੀ ਨੋਕ-ਝੋਕ ਹੁੰਦੀ ਰਹਿੰਦੀ ਸੀ। ਸੁੰਢ ਰਤਾ ਕੌੜੇ ਸੁਭਾਅ ਦੀ ਸੀ, ਹਮੇਸ਼ਾਂ ਆਪਣੀ ਹੀ ਆਕੜ ਵਿੱਚ ਰਹਿੰਦੀ ਸੀ। ਸੋ, ਉਹ ਕਹਿਣ ਲੱਗੀ, "ਮਾਂ! ਮੈਂ ਨਹੀਂ ਜਾਣਾ। ਜਦੋਂ ਮੇਰਾ ਜੀਅ ਕੀਤਾ, ਮੈਂ ਚਲੀ ਜਾਵਾਂਗੀ।"

ਅਖ਼ੀਰ ਹਲ਼ਦੀ ਜ਼ਿਦ ਕਰ ਕੇ ਇਕੱਲੀ ਹੀ ਘਰੋਂ ਤੁਰ ਪਈ। ਰਾਹ ਵਿੱਚ ਦਰਿਆ ਆਇਆ। ਠਾਠਾਂ ਮਾਰਦਾ ਪਾਣੀ ਵੇਖ ਕੇ ਪਹਿਲਾਂ ਤਾਂ ਹਲ਼ਦੀ ਘਬਰਾ ਗਈ। ਫਿਰ ਉਹਨੇ ਹੌਸਲਾ ਕਰ ਕੇ ਦਰਿਆ ਨੂੰ ਕਿਹਾ:

"ਦਰਿਆ ਬਾਬਾ ! ਰਾਹ ਦੇਹ, ਮੈਨੂੰ ਪਾਰ ਲੰਘਾ ਦੇ।"



Downloaded from https:// www.studiestoday.com

Downloaded from https:// www.studiestoday.com



ਦਰਿਆ ਨੇ ਹਲ਼ਦੀ ਨੂੰ ਕਿਹਾ, "ਮੈਂ ਤੈਨੂੰ ਰਾਹ ਤਾਂ ਦੇ ਦੇਵਾਂਗਾ ਪਰ ਤੂੰ ਪਹਿਲੋਂ ਅਹੁ ਸਾਮਣੇ ਪਏ ਕੁਝ ਪੱਥਰ ਚੁੱਕ ਲਿਆ ਤਾਂ ਜੋ ਪਿੱਛੋਂ ਆਉਣ ਵਾਲ਼ੇ ਮੁਸਾਫ਼ਰਾਂ ਲਈ ਵੀ ਇੱਕ ਪੁਲ਼ ਬਣ ਜਾਵੇ।

ਹਲ਼ਦੀ ਮੰਨ ਗਈ ਤੇ ਨੇੜੇ ਹੀ ਪਏ ਪੱਥਰ ਢੋ ਕੇ ਲਿਆਉਣ ਲੱਗੀ। ਉਹਨੂੰ ਇਸ ਤਰ੍ਹਾਂ ਪੁਲ਼ ਬਣਾਉਂਦਿਆਂ ਵੇਖ ਕੇ, ਕਈ ਦੂਜੇ ਮੁਸਾਫ਼ਰ ਵੀ ਉਹਦੀ ਮਦਦ ਕਰਨ ਲੱਗੇ। ਇੰਞ ਹੌਲ਼ੀ-ਹੌਲ਼ੀ ਦਰਿਆ ਉੱਤੇ ਇੱਕ ਪੁਲ਼ ਬਣ ਗਿਆ ਅਤੇ ਹਲ਼ਦੀ ਉਸ ਪੁਲ਼ ਉੱਤੋਂ ਦੀ ਦਰਿਆ ਤੋਂ ਪਾਰ ਲੰਘ ਗਈ।

ਦਰਿਆ ਤੋਂ ਪਾਰ ਜਾ ਕੇ ਹਲ਼ਦੀ ਕੁਝ ਚਿਰ ਅਰਾਮ ਕਰਨ ਲਈ ਇੱਕ ਰੁੱਖ ਦੀ ਛਾਂਵੇਂ ਲੇਟ ਗਈ ਤੇ ਸੌਂ ਗਈ। ਜਦੋਂ ਉਸ ਨੂੰ ਜਾਗ ਆਈ ਤਾਂ ਉਸ ਦਾ ਥਕੇਵਾਂ ਤਾਂ ਲੱਥ ਚੁੱਕਾ ਸੀ ਪਰ ਉਸ ਨੂੰ ਭੁੱਖ ਬਹੁਤ ਲੱਗੀ ਹੋਈ ਸੀ। ਆਸੇ-ਪਾਸੇ ਦੇਖਦਿਆਂ ਉਹਦੀ ਨਜ਼ਰ ਇੱਕ ਬੇਰੀ ਉੱਤੇ ਜਾ ਪਈ, ਜਿਸ ਉੱਤੇ ਸੂਹੇ-ਸੂਹੇ ਬੇਰ ਲੱਗੇ ਹਏ ਸਨ। ਹਲ਼ਦੀ ਨੇ ਬੇਰੀ ਅੱਗੇ ਤਰਲਾ ਕੀਤਾ:

"ਬੇਰੀ ਮਾਸੀ! ਬੇਰ ਦੇਹ।
ਮੈਂ ਹਾਂ ਤੇਰੀ ਧੀ-ਧਿਆਣੀ,
ਪਰ ਇਸ ਵੇਲ਼ੇ ਭੁੱਖੀ-ਭਾਣੀ।"

ਬੇਰੀ ਨੇ ਹਲ਼ਦੀ ਨੂੰ ਕਿਹਾ, "ਧੀਏ! ਪਹਿਲਾਂ ਮੇਰੇ ਹੇਠੋਂ ਸਾਰੇ ਕੰਡੇ ਹੂੰਝ ਦੇ ਫੇਰ ਮੈਂ ਤੈਨੂੰ ਖਾਣ ਲਈ ਲਾਲ- ਸੂਹੇ ਬੇਰ ਦੇਵਾਂਗੀ ਕਿਉਂਜੁ ਹੁਣੇ ਪਿੰਡ ਦੇ ਬੱਚਿਆਂ ਨੇ ਮੇਰੇ ਬੇਰ ਖਾਣ ਆਣੈ, ਉਹਨਾਂ ਦੇ ਪੈਰਾਂ ਵਿੱਚ ਮੇਰੇ ਹੇਠਾਂ ਖਿੱਲਰੇ ਕੰਡੇ ਪੁੜ ਜਾਣਗੇ।"

ਹਲ਼ਦੀ ਨੇ ਇੱਕ ਟਾਹਣੀ ਲੈ ਕੇ ਬੇਰੀ ਹੇਠਾਂ ਬੁਹਾਰੀ ਫੇਰ ਕੇ ਸਾਰੇ ਕੰਡੇ ਹੂੰਝ ਕੇ ਇੱਕ ਪਾਸੇ ਢੇਰੀ ਲਾ ਦਿੱਤੀ। ਫਿਰ ਬੇਰੀ ਨੇ ਉਸ ਨੂੰ ਆਪਣੇ ਮਿੱਠੇ ਤੇ ਸੂਹੇ ਬੇਰ ਖਾਣ ਵਾਸਤੇ ਦਿੱਤੇ।



Downloaded from https:// www.studiestoday.com

Downloaded from https:// www.studiestoday.com

ਹਲ਼ਦੀ ਨੇ ਬੇਰ ਖਾਧੇ ਤੇ ਉੱਥੋਂ ਅੱਗੇ ਚੱਲ ਪਈ। ਤਕਾਲ਼ਾਂ ਵੇਲ਼ੇ ਉਹ ਪਿੰਡ ਦੇ ਬਾਹਰਵਾਰ ਦਾਣੇ ਭੁੰਨਣ ਵਾਲ਼ੀ ਭੱਠੀ ਕੋਲ਼ੋਂ ਦੀ ਲੰਘੀ। ਇੱਕ ਮਾਈ ਭੱਠੀ ਵਿੱਚ ਦਾਣੇ ਭੁੰਨ ਰਹੀ ਸੀ। ਹਲ਼ਦੀ ਨੇ ਮਾਈ ਕੋਲ਼ੋਂ ਦਾਣੇ ਮੰਗੇ। ਕਹਿਣ ਲੱਗੀ;

"ਮਾਸੀ-ਮਾਸੀ! ਮੈਨੂੰ ਦਾਣੇ ਦੇਹ,

ਤੇਰੀ ਭਣੇਵੀਂ ਨੂੰ ਬਹੁਤ ਭੁੱਖ ਲੱਗੀ ਏ।"

ਭੱਠੀ ਵਾਲ਼ੀ ਮਾਈ ਨੇ ਹਲ਼ਦੀ ਨੂੰ ਦਿਲਾਸਾ ਦਿੰਦੇ ਹੋਏ ਕਿਹਾ, "ਪਹਿਲਾਂ ਮੇਰੀ ਭੱਠੀ ਦੇ ਆਲ਼ੇ-ਦੁਆਲ਼ੇ ਦੀ ਥਾਂ ਸਾਫ਼ ਕਰ ਦੇ ਤੇ ਭੱਠੀ ਵਿੱਚ ਹੋਰ ਝੋਕਾ ਲਾ ਦੇ।"

ਹਲ਼ਦੀ ਨੇ ਭੱਠੀ ਦਾ ਆਲ਼ਾ-ਦੁਆਲ਼ਾ ਸਾਫ਼ ਕੀਤਾ ਤੇ ਕੱਖ-ਕਾਣ ਦੀ ਇੱਕ ਪਾਸੇ ਢੇਰੀ ਲਾ, ਉਸੇ ਕੱਖ-ਕਾਣ ਵਿੱਚੋਂ ਇੱਕ ਝੋਕਾ ਭੱਠੀ ਵਿੱਚ ਲਾਇਆ। ਭੱਠੀ ਵਾਲ਼ੀ ਮਾਈ ਨੇ ਹਲ਼ਦੀ ਨੂੰ ਲੱਪ ਦਾਣਿਆਂ ਦੀ ਦਿੱਤੀ। ਦਾਣੇ ਲੈ ਕੇ ਹਲ਼ਦੀ ਅੱਗੇ ਤੁਰ ਪਈ। ਅਖ਼ੀਰ ਹਲ਼ਦੀ ਆਪਣੇ ਨਾਨਕੇ ਪਿੰਡ 'ਲੂਣਪੁਰ' ਜਾ ਪਹੁੰਚੀ। ਉੱਥੇ ਉਹ ਸਭਨਾਂ ਰਿਸ਼ਤੇਦਾਰਾਂ ਨੂੰ ਪਿਆਰ-ਮੁਹੱਬਤ ਨਾਲ਼ ਮਿਲ਼ੀ। ਉਸ ਦੇ ਨਾਨੇ, ਨਾਨੀ, ਮਾਮਿਆਂ ਤੇ ਮਾਸੀਆਂ ਨੇ ਉਸ ਨੂੰ ਬਹੁਤ ਪਿਆਰ ਕੀਤਾ। ਨਾਨਕੇ ਪਿੰਡ ਉਹ ਕਈ ਦਿਨ ਰਹੀ। ਉੱਥੇ ਉਹ ਹਰ ਇੱਕ ਦਾ ਕਹਿਣਾ ਮੰਨਦੀ। ਵਿਹਲੇ ਬੈਠ ਕੇ ਉਹ ਨਾਨੀ ਦਾ ਚਰਖਾ ਡਾਹ ਕੇ ਉਸ ਉੱਤੇ ਸੂਤ ਕੱਤਦੀ। ਰਸੋਈ ਵਿੱਚ ਜਾ ਕੇ ਉਹ ਰਸੋਈ ਦੇ ਕੰਮ-ਕਾਰ ਵਿੱਚ ਨਾਨੀ ਦਾ ਹੱਥ ਵਟਾਉਂਦੀ।

ਕੁਝ ਦਿਨ ਲੰਘੇ ਤਾਂ ਹਲ਼ਦੀ ਨੂੰ ਵਾਪਸ ਆਪਣੇ ਪਿੰਡ ਮੁੜਨ ਦਾ ਖ਼ਿਆਲ ਆਇਆ। ਉਸ ਦੇ ਨਾਨਾ, ਨਾਨੀ, ਮਾਮਿਆਂ ਤੇ ਮਾਸੀਆਂ ਨੇ ਉਸ ਨੂੰ ਕੁਝ ਦਿਨ ਹੋਰ ਉੱਥੇ ਰਹਿਣ ਲਈ ਕਿਹਾ ਪਰ ਹਲ਼ਦੀ ਨੂੰ ਮਾਂ-ਪਿਓ ਦੀ ਯਾਦ ਆਉਣ ਲੱਗੀ।

ਅਖ਼ੀਰ ਨਾਨਕੇ ਪਰਿਵਾਰ ਨੇ ਹਲ਼ਦੀ ਨੂੰ ਬੜੇ ਪਿਆਰ ਨਾਲ਼ ਉੱਥੋਂ ਵਿਦਾ ਕੀਤਾ। ਜਿਹੜਾ ਸੂਤ ਨਾਨਕੇ ਘਰ ਰਹਿ ਕੇ ਹਲ਼ਦੀ ਨੇ ਕੱਤਿਆ ਸੀ, ਉਸ ਦੀ ਨਾਨੀ ਨੇ ਉਸ ਨੂੰ ਜੁਲਾਹੇ ਪਾਸੋਂ ਉਣ-ਬਣਵਾ ਕੇ ਆਪਣੀ ਦੋਹਤੀ ਹਲ਼ਦੀ ਲਈ ਕੱਪੜੇ ਸਵਾ ਦਿੱਤੇ। ਮਾਮੀਆਂ ਨੇ ਖੋਏ ਦੀ ਮਿਠਿਆਈ ਬਣਾ ਕੇ ਉਸ ਦੇ ਲੜ ਬੰਨ੍ਹ ਦਿੱਤੀ। ਨਾਨੇ ਨੇ ਫਲ਼ਾਂ ਦੀ ਨਿੱਕੀ ਜਿਹੀ ਟੋਕਰੀ ਲਿਆ ਕੇ ਦਿੱਤੀ। ਮਾਮਿਆਂ ਤੇ ਮਾਸੀਆਂ ਨੇ ਵੀ ਨਿੱਕੀਆਂ-ਨਿੱਕੀਆਂ ਚੀਜ਼ਾਂ ਸ਼ਹਿਰੋਂ ਲਿਆ ਕੇ ਉਸ ਦੇ ਝੋਲ਼ੇ ਵਿੱਚ ਪਾ ਦਿੱਤੀਆਂ। ਹਲ਼ਦੀ ਵਾਪਸ ਘਰ ਜਾਂਦਿਆਂ ਸਭ ਤੋਂ ਪਹਿਲਾਂ ਪਿੰਡ ਦੇ ਬਾਹਰ ਭੱਠੀ ਵਾਲ਼ੀ ਮਾਈ ਨੂੰ ਮਿਲ਼ੀ ਤੇ ਕਹਿਣ ਲੱਗੀ, "ਮਾਸੀ! ਨੀ ਮਾਸੀ! ਤੇਰੀ ਧੀ - ਧਿਆਣੀ ਘਰ ਚੱਲੀ।"

"ਰਤਾ ਕੁ ਠਹਿਰ, ਭਣੇਵੀਂਏਂ! ਮੇਰੇ ਕੋਲ਼ੋਂ ਕੁਝ ਭੁੰਨੇ ਹੋਏ ਛੋਲੇ ਲੈਂਦੀ ਜਾਹ।" ਮਾਈ ਨੇ ਉਸ ਨੂੰ ਭੁੱਜੇ ਹੋਏ ਛੋਲੇ ਦਿੱਤੇ।

ਹਲ਼ਦੀ ਭੱਠੀ ਵਾਲ਼ੀ ਮਾਈ ਕੋਲ਼ੋਂ ਲੱਪ ਛੋਲਿਆਂ ਦੀ ਲੈ ਕੇ ਅੱਗੇ ਤੁਰ ਪਈ। ਅੱਗੇ ਰਾਹ ਵਿੱਚ ਉਹਨੂੰ ਉਹੋ ਬੇਰੀ ਮਿਲ਼ੀ। ਹਲ਼ਦੀ ਬੇਰੀ ਨੂੰ ਕਹਿਣ ਲੱਗੀ, "ਮਾਸੀ! ਨੀ ਮਾਸੀ! ਤੇਰੀ ਧੀ-ਧਿਆਣੀ ਨਾਨਕਿਓਂ ਹੋ ਆਈ।"



Downloaded from https:// www.studiestoday.com

Downloaded from https:// www.studiestoday.com

ਬੇਰੀ ਨੇ ਹਲ਼ਦੀ ਦਾ ਸਿਰ ਪਲ਼ੋਸਦਿਆਂ ਕਿਹਾ, " ਰਤਾ ਠਹਿਰ ਧੀਏ ! ਅਹਿ ਮੇਰੇ ਕੋਲ਼ੋਂ ਥੋੜ੍ਹੇ ਜਿਹੇ ਬੇਰ ਲੈਂਦੀ ਜਾਈਂ, ਮੈਂ ਸੂਹੇ ਲਾਲ ਬੇਰ ਤੇਰੇ ਲਈ ਹੀ ਸਾਂਭ ਰੱਖੇ ਨੇ।"

ਬੇਰੀ ਤੋਂ ਬੇਰ ਲੈ ਕੇ ਹਲ਼ਦੀ ਨੇ ਚੁੰਨੀ ਦੇ ਦੂਜੇ ਲੜ ਨਾਲ਼ ਬੰਨ੍ਹ ਲਏ ਤੇ ਨੱਚਦੀ-ਟੱਪਦੀ ਅੱਗੇ ਤੁਰ ਪਈ। ਅੱਗੇ ਦਰਿਆ ਆ ਗਿਆ। ਹਲ਼ਦੀ ਪੁਲ਼ ਤੋਂ ਲੰਘਦੀ ਹੋਈ ਦਰਿਆ ਨੂੰ ਕਹਿਣ ਲੱਗੀ, "ਦਰਿਆ ਬਾਬਾ! ਮੈਂ ਨਾਨਕਿਓਂ ਹੋ ਆਈ ਆਂ।"

ਦਰਿਆ ਨੇ ਹਲ਼ਦੀ ਦਾ ਸਿਰ ਪਲ਼ੋਸਿਆ ਤੇ ਢੇਰ ਸਾਰੀਆਂ ਸਿੱਪੀਆਂ ਤੇ ਘੋਗੇ ਦੇ ਕੇ ਕਹਿਣ ਲੱਗਾ, "ਧੀਏ-ਧਿਆਣੀਏ ! ਮੈਨੂੰ ਤੇਰਾ ਬਹੁਤ ਮੋਹ ਆਉਂਦਾ ਹੈ। ਕਦੇ-ਕਦੇ ਮੇਰੇ ਵੱਲ ਫੇਰਾ ਮਾਰਦੀ ਰਿਹਾ ਕਰੀਂ।"

ਹਲ਼ਦੀ ਨੇ ਉਹ ਘੋਗੇ ਤੇ ਸਿੱਪੀਆਂ ਵੀ ਚੁੰਨੀ ਦੇ ਲੜ ਨਾਲ਼ ਬੰਨ੍ਹ ਲਏ। ਫਿਰ ਉਹ ਘਰ ਵੱਲ ਤੁਰ ਪਈ। ਹਲ਼ਦੀ ਖਾਣ-ਪਹਿਨਣ ਦਾ ਸਮਾਨ ਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਲੈ ਕੇ ਘਰ ਪਹੁੰਚੀ।

ਹਲ਼ਦੀ ਨੂੰ ਬਹੁਤ ਖ਼ੁਸ਼ ਵੇਖ ਕੇ ਸੁੰਢ ਕਹਿਣ ਲੱਗੀ, " ਮਾਂ! ਮਾਂ! ਮੈਂ ਵੀ ਨਾਨਕੇ ਜਾਣੈ।" ਮਾਂ ਨੇ ਉਸ ਨੂੰ ਸਮਝਾਉਂਦਿਆਂ ਕਿਹਾ, "ਧੀਏ ! ਇੱਕ ਤਾਂ ਰਸਤਾ ਬਿਖੜਾ ਏ, ਦੂਜਾ ਤੇਰਾ ਤੇ ਸੁਭਾਅ ਵੀ ਰਤਾ ਰੁੱਖਾ ਏ। ਤੂੰ ਇਕੱਲੀ ਕਿਧਰੇ ਨਾ ਜਾ। ਜਦੋਂ ਤੇਰਾ ਮਾਮਾ ਆਇਆ ਤਾਂ ਤੂੰ ਉਹਦੇ ਨਾਲ਼ ਚਲੀ ਜਾਵੀਂ।" ਪਰ ਸੁੰਢ ਨੇ ਮਾਂ ਦੀ ਇੱਕ ਨਾ ਮੰਨੀ।

ਸੁੰਢ ਘਰੋਂ ਤੁਰ ਪਈ। ਨਾ ਮਾਂ ਤੋਂ ਅਸੀਸ ਲਈ ਤੇ ਨਾ ਪਿਓ ਦੀ ਆਗਿਆ ਲਈ। ਜਾਣ ਵੇਲ਼ੇ ਜਦੋਂ ਹਲ਼ਦੀ ਨੇ ਸੁੰਢ ਨੂੰ ਕੁਝ ਸਮਝਾਉਣਾ ਚਾਹਿਆ ਤਾਂ ਸੁੰਢ ਸਗੋਂ ਉਹਦੇ ਨਾਲ਼ ਝਗੜ ਪਈ ਤੇ ਰੁੱਖੀ ਹੋ ਕੇ ਕਹਿਣ ਲੱਗੀ, " ਤੂੰ ਕੌਣ ਹੁੰਦੀ ਏਂ, ਮੈਨੂੰ ਸਮਝਾਉਣ ਵਾਲ਼ੀ ? ਮੈਂ ਤਾਂ ਜਾਵਾਂਗੀ ਤੇ ਉਹ ਵੀ ਇਕੱਲੀ ਹੀ। "

ਹਲ਼ਦੀ ਨੇ ਛੋਟੀ ਭੈਣ ਸੁੰਢ ਨੂੰ ਸਮਝਾਉਂਦਿਆਂ ਕਿਹਾ, "ਸੁੰਢ ਭੈਣੇ ! ਮਾਂ ਠੀਕ ਕਹਿੰਦੀ ਏ। ਉਂਞ ਵੀ ਸਿਆਣੇ ਕਹਿੰਦੇ ਨੇ ਕਿ ਕੋਈ ਕੰਮ ਕਰਨ ਲੱਗਿਆਂ ਜੇ ਕੋਲ਼ ਹੋਰ ਕੋਈ ਨਾ ਵੀ ਹੋਵੇ ਤਾਂ ਕੰਧਾਂ ਨਾਲ਼ ਹੀ ਸਲਾਹ ਕਰ ਲਈਦੀ ਹੈ। ਮਾਮਾ ਜੀ ਆਉਣਗੇ ਤੇ ਤੂੰ ਉਹਨਾਂ ਨਾਲ਼ ਚਲੀ ਜਾਵੀਂ।"

"ਮੈਨੂੰ ਤੇਰੇ ਤੋਂ ਵੱਧ ਸਮਝ ਏ, ਵੱਡੀ ਆਈ ਏ ਮੈਨੂੰ ਸਮਝਾਉਣ ਵਾਲ਼ੀ। ਮੈਂ ਤਾਂ ਜਾਵਾਂਗੀ ਤੇ ਉਹ ਵੀ ਇਕੱਲੀ ਹੀ, " ਇਹ ਕਹਿ ਕੇ ਉਹ ਘਰੋਂ ਤੁਰ ਪਈ।

ਰਾਹ ਵਿੱਚ ਪਹਿਲਾਂ ਦਰਿਆ ਆਇਆ। ਉਹ ਪੁਲ਼ ਤੋਂ ਟੱਪਣ ਲੱਗੀ ਤਾਂ ਦਰਿਆ ਨੇ ਕਿਹਾ, "ਧੀਏ! ਚਾਰ ਪੱਥਰ ਪੁਲ਼ ਲਈ ਰੱਖਦੀ ਜਾ। ਇਸ ਤਰ੍ਹਾਂ ਪੁਲ਼ ਹੋਰ ਚੌੜਾ ਤੇ ਮਜ਼ਬੂਤ ਬਣ ਜਾਵੇਗਾ ਤੇ ਲੰਘਣ ਵਾਲ਼ੇ ਹੋਰ ਮੁਸਾਫ਼ਰਾਂ ਨੂੰ ਵਧੇਰੇ ਸੌਖ ਰਹੇਗੀ। "

"ਮੈਂ ਕੋਈ ਤੇਰੀ ਨੌਕਰ ਆਂ ?" ਸੁੰਢ ਨੇ ਦਰਿਆ ਨੂੰ ਖਿਝਦੇ ਹੋਏ ਕਿਹਾ।



Downloaded from https:// www.studiestoday.com

Downloaded from https:// www.studiestoday.com



ਦਰਿਆ ਪਾਰ ਕਰ ਕੇ ਸੁੰਢ ਕਾਹਲ਼ੇ-ਕਾਹਲ਼ੇ ਕਦਮ ਪੁੱਟਦੀ ਅੱਗੇ ਤੁਰ ਪਈ। ਅੱਗੇ ਰਾਹ ਵਿੱਚ ਉਹੋ ਬੇਰੀ ਆਈ। ਸੁੰਢ ਨੂੰ ਬਹੁਤ ਭੁੱਖ ਲੱਗੀ ਹੋਈ ਸੀ। ਉਹ ਬੇਰੀ ਨੂੰ ਜ਼ੋਰ ਦੀ ਹਲੂਣਾ ਦੇਣ ਲੱਗੀ। ਸੁੰਢ ਨੂੰ ਇਹ ਕਰਦਿਆਂ ਵੇਖ, ਬੇਰੀ ਨੇ ਕਿਹਾ, "ਧੀਏ! ਜੇ ਤੂੰ ਤਾਜ਼ੇ ਤੇ ਮਿੱਠੇ ਬੇਰ ਖਾਣਾ ਚਾਹੁੰਦੀ ਏਂ ਤਾਂ ਪਹਿਲੋਂ ਮੇਰੇ ਹੇਠ ਬੁਹਾਰੀ ਦੇ ਤੇ ਕੰਡੇ ਹੂੰਝਦੀ ਜਾ। ਹੁਣੇ ਪਿੰਡੋਂ ਬੱਚੇ ਮੇਰੇ ਬੇਰ ਖਾਣ ਆਉਣਗੇ ਤਾਂ ਇਹ ਕੰਡੇ ਉਹਨਾਂ ਦੇ ਪੈਰਾਂ ਵਿੱਚ ਚੁਭਣਗੇ।" ਪਰ ਸੁੰਢ ਨੇ ਬੇਰੀ ਦੀ ਇੱਕ ਨਾ ਸੁਣੀ। ਉਹ ਬੇਰੀ ਦੇ ਟਾਹਣਿਆਂ ਨੂੰ ਹਲੂਣਦੀ ਰਹੀ ਪਰ ਮੰਦੇ ਭਾਗਾਂ ਨੂੰ ਇੱਕ ਵੀ ਬੇਰ ਹੇਠਾਂ ਨਾ ਡਿਗਿਆ।

ਤੁਰਦੀ-ਤੁਰਦੀ ਸੁੰਢ ਭੱਠੀ ਕੋਲ਼ ਪਹੁੰਚੀ। ਭੱਠੀ ਵਿੱਚ ਕੁਝ ਦਾਣੇ ਪਏ ਵੇਖੇ ਤੇ ਬਿਨਾਂ ਪੁੱਛੇ ਇੱਕ ਲੱਪ ਦਾਣਿਆਂ ਦੀ ਭਰ ਲਈ। ਉਸ ਨੇ ਭੱਠੀ ਵਾਲ਼ੀ ਦੀ ਇੱਕ ਨਾ ਸੁਣੀ। ਜਾਣ ਵੇਲ਼ੇ ਸੁੰਢ ਨੂੰ ਭੱਠੀ ਵਾਲ਼ੀ ਨੇ ਕਿਹਾ, "ਤੂੰ ਮੁਫ਼ਤ ਦਾ ਖਾਣ ਹਿਲੀ ਹੋਈ ਏਂ, ਪਛਤਾਏਂਗੀ।"

"ਤੈਨੂੰ ਕੀ, ਤੂੰ ਸੜਦੀ ਰਹਿ, ਭੁੱਜਦੀ ਰਹਿ।" ਇਹ ਕਹਿ ਕੇ ਸੁੰਢ ਅੱਗੇ ਲੰਘ ਗਈ।

ਅਖ਼ੀਰ ਸੁੰਢ ਨਾਨਕੇ ਪਹੁੰਚੀ। ਕਿਸੇ ਨਾਲ਼ ਸਿੱਧੇ ਮੂੰਹ ਗੱਲ ਨਾ ਕੀਤੀ, ਨਾ ਸੁੱਖ-ਦੁੱਖ ਪੁੱਛਿਆ। ਉਹ ਓਪਰੀ ਜਿਹੀ ਬਣ ਕੇ ਆਕੜ ਵਿਖਾਉਂਦੀ ਤੇ ਸਭ ਤੋਂ ਪਰੇ-ਪਰੇ ਰਹਿੰਦੀ। ਉਸ ਨੇ ਕਦੇ ਵੀ ਕਿਸੇ ਦੀ ਕੋਈ ਗੱਲ ਨਾ ਮੰਨੀ। ਚਰਖਾ ਕੱਤਣਾ ਤਾਂ ਇੱਕ ਪਾਸੇ ਰਿਹਾ, ਉਸ ਨੇ ਲੱਤ ਮਾਰ ਕੇ ਚਰਖਾ ਹੀ ਤੋੜ ਦਿੱਤਾ।

ਕੁਝ ਦਿਨਾਂ ਮਗਰੋਂ ਜਦੋਂ ਸੁੰਢ ਨੇ ਵਾਪਸ ਜਾਣ ਦੀ ਇੱਛਾ ਪ੍ਰਗਟ ਕੀਤੀ ਤਾਂ ਉਸ ਨੂੰ ਕਿਸੇ ਨੇ ਰੁਕਣ ਲਈ ਜ਼ੋਰ ਨਾ ਪਾਇਆ ਸਗੋਂ ਉਸਦੇ ਜਾਣ ਤੇ ਅੰਦਰੋਂ-ਅੰਦਰ ਸਭ ਖ਼ੁਸ਼ ਸਨ ਤੇ ਕਹਿਣ ਲੱਗੇ, "ਇਸ ਭੈੜੀ ਤੋਂ ਸਾਡੀ ਜਿੰਦ ਛੁੱਟੇਗੀ।"



Downloaded from https:// www.studiestoday.com

Downloaded from https:// www.studiestoday.com

ਨਾਨਕਿਆਂ ਨੇ ਸੁੰਢ ਨੂੰ ਤੁਰਨ ਵੇਲ਼ੇ ਨਾ ਕੱਪੜੇ ਦਿੱਤੇ ਨਾ ਫਲ਼, ਨਾ ਮਠਿਆਈ। ਸੁੰਢ ਖਿਝ ਕੇ ਲੜ ਪਈ ਅਤੇ ਆਪਣੇ ਘਰ ਵੱਲ ਨੂੰ ਵਾਪਸ ਮੁੜ ਪਈ।

ਵਾਪਸ ਮੁੜਦਿਆਂ ਰਾਹ ਵਿੱਚ ਭੱਠੀ ਆਈ। ਜਦੋਂ ਸੁੰਢ ਉਹਦੇ ਕੋਲ਼ੋ ਦੀ ਲੰਘਣ ਲੱਗੀ ਤਾਂ ਭੱਠੀ ਵਾਲ਼ੀ ਨੇ ਉਸ ਨੂੰ ਬੁਲਾਇਆ ਤੱਕ ਨਾ।

ਖਿਝਦੀ-ਖੱਪਦੀ ਸੁੰਢ ਅੱਗੇ ਤੁਰ ਪਈ। ਜਦੋਂ ਉਹ ਬੇਰੀ ਕੋਲ਼ ਪੁੱਜੀ ਤਾਂ ਜਿਸ ਬੇਰੀ ਨੇ ਹਲ਼ਦੀ ਨੂੰ ਸੂਹੇ-ਸੂਹੇ ਬੇਰ ਦਿੱਤੇ ਸਨ, ਉਸ ਨੇ ਇਸ ਨੂੰ ਕੁਝ ਵੀ ਨਾ ਦਿੱਤਾ ਸਗੋਂ ਸੁੰਢ ਦੇ ਪੈਰਾਂ ਵਿੱਚ ਕੰਡੇ ਚੁਭ ਗਏ।

ਫਿਰ ਸੁੰਢ ਦਰਿਆ ਦੇ ਕੋਲ਼ ਪਹੁੰਚੀ। ਜਦੋਂ ਉਹ ਪੁਲ਼ ਤੋਂ ਲੰਘ ਰਹੀ ਸੀ ਤਾਂ ਦਰਿਆ ਦਾ ਪਾਣੀ ਚੜ੍ਹ ਗਿਆ। ਪਾਣੀ ਦੀਆਂ ਛੱਲਾਂ ਪੁਲ਼ ਨੂੰ ਵੀ ਛੂਹ ਰਹੀਆਂ ਸਨ। ਸੁੰਢ ਮਸਾਂ-ਮਸਾਂ ਬਚੀ।

ਜਦੋਂ ਸੁੰਢ ਖ਼ਾਲੀ ਹੱਥ ਘਰ ਪਹੁੰਚੀ ਤਾਂ ਉਹ ਡੁਸਕਣ ਲੱਗੀ। ਉਹ ਸੋਚਦੀ ਰਹੀ ਤੇ ਫਿਰ ਮਾਂ ਨੂੰ ਪੁੱਛਣ ਲੱਗੀ, "ਹਲ਼ਦੀ ਕੋਲ਼ ਅਜਿਹਾ ਕੀ ਏ ਕਿ ਉਹਨੂੰ ਸਾਰਿਆਂ ਕੋਲ਼ੋਂ ਏਨਾ ਪਿਆਰ ਤੇ ਢੇਰ ਸਾਰੀਆਂ ਚੀਜ਼ਾਂ ਮਿਲ਼ੀਆਂ ਹਨ ?"

ਮਾਂ ਨੇ ਕਿਹਾ, "ਹਲ਼ਦੀ ਕੋਲ਼ ਪਿਆਰ ਏ। ਉਹ ਹਰ ਕਿਸੇ ਦੇ ਕੰਮ ਆਉਂਦੀ ਏ, ਸਭ ਦਾ ਹੱਥ ਵਟਾਉਂਦੀ ਏ।"

ਇਹ ਸੁਣ ਕੇ ਸੁੰਢ ਨੂੰ ਆਪਣੀ ਗ਼ਲਤੀ ਪਤਾ ਲੱਗ ਗਈ। ਉਹ ਆਪਣੇ ਕੀਤੇ 'ਤੇ ਬਹੁਤ ਪਛਤਾਈ ਤੇ ਅੱਗੇ ਤੋਂ ਉਸ ਨੇ ਚੰਗੇ ਬਣਨ ਦਾ ਪ੍ਰਣ ਕਰ ਲਿਆ।

## ਔਖੇ ਸ਼ਬਦਾਂ ਦੇ ਅਰਥ

| | | | |
|---|---|---|---|
| **ਚਾਅ** | ਖ਼ੁਸ਼ੀ | **ਔਕੜਾਂ** | ਮੁਸੀਬਤਾਂ |
| **ਪੈਂਡਾ** | ਰਾਹ | **ਅੰਞਾਣਿਆਂ** | ਨਿਆਣਿਆਂ |
| **ਠਾਠਾਂ ਮਾਰਦਾ** | ਪਾਣੀ ਦੀਆਂ ਛੱਲਾਂ ਦਾ ਉੱਚੀਆਂ ਉੱਠਣਾ | | |
| **ਮੁਸਾਫ਼ਰ** | ਯਾਤਰਾ ਕਰਨ ਵਾਲ਼ੇ | **ਸੂਹੇ-ਸੂਹੇ** | ਲਾਲ ਰੰਗ ਦੇ |
| **ਹੂੰਝ** | ਇਕੱਠਾ ਕਰਨਾ | **ਪੁੜਨਾ** | ਚੁਭਣਾ |
| **ਬੁਹਾਰੀ** | ਝਾੜੂ | **ਤਕਾਲ਼ਾਂ** | ਸ਼ਾਮ ਦਾ ਸਮਾਂ |
| **ਭਣੇਵੀਂ** | ਭਾਣਜੀ | **ਦਿਲਾਸਾ** | ਹੌਸਲਾ |
| **ਝੋਕਾ ਲਾਉਣਾ** | ਚੁੱਲ੍ਹੇ ਵਿੱਚ ਬਾਲਣ ਪਾਉਣਾ | **ਲੱਪ** | ਇੱਕ ਹੱਥ ਭਰ ਕੇ |
| **ਹੱਥ ਵਟਾਉਣਾ** | ਸਹਾਇਤਾ ਕਰਨਾ | **ਜੁਲਾਹਾ** | ਕੱਪੜਾ ਬੁਣਨ ਵਾਲ਼ਾ |
| **ਲੜ** | ਚੁੰਨੀ ਦਾ ਕਿਨਾਰਾ | **ਦੋਹਤੀ** | ਰਿਸ਼ਤੇ ਵਿੱਚ ਬੇਟੀ ਦੀ ਬੇਟੀ |
| **ਮੋਹ** | ਪਿਆਰ | **ਫੇਰਾ ਮਾਰਨਾ** | ਗੇੜਾ |
| **ਬਿਖੜਾ** | ਔਖਾ | **ਅਸੀਸ** | ਅਸ਼ੀਰਵਾਦ |



Downloaded from https:// www.studiestoday.com

Downloaded from https:// www.studiestoday.com



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਖਾਧ-ਪਦਾਰਥਾਂ ਵਿੱਚ ਸੁੰਢ ਗਰਮ ਅਤੇ ਹਲ਼ਦੀ ਠੰਢੀ ਹੁੰਦੀ ਹੈ।
- ਸਾਨੂੰ ਮਾਤਾ-ਪਿਤਾ ਅਤੇ ਵੱਡਿਆਂ ਦਾ ਕਹਿਣਾ ਮੰਨਣਾ ਚਾਹੀਦਾ ਹੈ।
- ਸਾਨੂੰ ਦੂਜਿਆਂ ਦੀ ਸਹਾਇਤਾ ਕਰਨੀ ਚਾਹੀਦੀ ਹੈ।
- ਆਗਿਆਕਾਰੀ ਬੱਚਿਆਂ ਨੂੰ ਹਮੇਸ਼ਾਂ ਪਿਆਰ ਅਤੇ ਸਤਿਕਾਰ ਮਿਲ਼ਦਾ ਹੈ।
- ਸਾਨੂੰ ਸਾਰਿਆਂ ਨੂੰ ਚੰਗੇ ਬਣਨ ਦਾ ਪ੍ਰਣ ਕਰਨਾ ਚਾਹੀਦਾ ਹੈ।

## ਪਾਠ-ਅਭਿਆਸ



### ੳ. ਜ਼ਬਾਨੀ ਅਭਿਆਸ:

(1) ਕਹਾਣੀ ਵਿੱਚ ਸੁੰਢ ਤੇ ਹਲ਼ਦੀ ਦੀ ਮਾਂ ਕੌਣ ਹੈ ?

(2) ਇੱਕ, ਇੱਕ ਤੇ ਦੋ ਗਿਆਰ੍ਹਾਂ ਦਾ ਕੀ ਮਤਲਬ ਹੈ ?

(3) ਭਣੇਵੀਂ ਕੌਣ ਹੁੰਦੀ ਹੈ ?

(4) ਸਾਨੂੰ ਸਿੱਪੀਆਂ ਤੇ ਘੋਗੇ ਕਿੱਥੋਂ ਪ੍ਰਾਪਤ ਹੁੰਦੇ ਹਨ ?

### ਅ. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:

(1) ਹਲ਼ਦੀ ਨੇ ਮਾਂ ਨੂੰ ਕੀ ਕਿਹਾ ?

..................................................................................................

..................................................................................................

..................................................................................................

(2) ਮਾਂ ਨੇ ਸੁੰਢ ਨੂੰ ਕੀ ਕਿਹਾ ਤੇ ਸੁੰਢ ਨੇ ਮਾਂ ਨੂੰ ਕੀ ਕਿਹਾ ?

..................................................................................................

..................................................................................................

..................................................................................................



Downloaded from https:// www.studiestoday.com

Downloaded from https:// www.studiestoday.com

(3) ਦਰਿਆ ਉੱਤੇ ਪੁਲ਼ ਕਿਵੇਂ ਬਣ ਗਿਆ ?

..........................................................................................

..........................................................................................

..........................................................................................

(4) ਹਲ਼ਦੀ ਨੂੰ ਸਾਰੇ ਪਿਆਰ ਕਿਉਂ ਕਰਦੇ ਸਨ ?

..........................................................................................

..........................................................................................

..........................................................................................

(5) ਹਲ਼ਦੀ ਅਤੇ ਸੁੰਢ ਦੇ ਸੁਭਾਅ ਵਿੱਚ ਕੀ ਫ਼ਰਕ ਸੀ ?

..........................................................................................

..........................................................................................

..........................................................................................

(6) ਇਸ ਕਹਾਣੀ ਤੋਂ ਸਾਨੂੰ ਕੀ ਸਿੱਖਿਆ ਮਿਲ਼ਦੀ ਹੈ ?

..........................................................................................

..........................................................................................

..........................................................................................

**ੲ. ਹੇਠ ਲਿਖੇ ਸ਼ਬਦ-ਜੋੜਿਆਂ ਨੂੰ ਦੱਸੇ ਅਨੁਸਾਰ ਉਹਨਾਂ ਦੇ ਵਿਰੋਧੀ ਅਰਥਾਂ ਨਾਲ਼ ਮਿਲ਼ਾਓ:**

| | |
|---|---|
| ਨਿੱਕੀਆਂ-ਨਿੱਕੀਆਂ | ਬਾਹਰੋਂ-ਬਾਹਰ |
| ਕਦੇ-ਕਦੇ | ਹੌਲ਼ੀ-ਹੌਲ਼ੀ |
| ਕਾਹਲ਼ੇ-ਕਾਹਲ਼ੇ | ਹਮੇਸ਼ਾਂ-ਹਮੇਸ਼ਾਂ |
| ਪਰੇ-ਪਰੇ | ਵੱਡੀਆਂ-ਵੱਡੀਆਂ |
| ਅੰਦਰੋਂ-ਅੰਦਰ | ਨੇੜੇ-ਨੇੜੇ |



Downloaded from https:// www.studiestoday.com

Downloaded from https:// www.studiestoday.com

**ਸ. ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਸ਼ਬਦਾਂ 'ਤੇ ਗੋਲ੍ਹਾ ਲਾਓ:**

1. ਤੂੰ ਉਸ ਦੇ ਨਾਲ਼ ਚਲੀ ਜਾਵੀਂ।
2. ਇਹ ਕਹਿੰਦੀ ਹੋਈ ਉਹ ਚਾਅ ਨਾਲ਼ ਗੁਣਗੁਣਾਉਣ ਲੱਗੀ।
3. ਮੈਂ ਹਾਂ ਤੇਰੀ ਧੀ-ਧਿਆਣੀ।

**ਹ. ਪਾਠ ਵਿੱਚ ਆਏ ਰਿਸ਼ਤਿਆਂ ਦੀ ਸੂਚੀ ਬਣਾਓ:**

(ਸਮਝ-ਆਧਾਰਿਤ ਸਿਰਜਣਾਤਮਿਕ ਪਰਖ):

| ਦਾਦਕੇ | ਨਾਨਕੇ |
|---|---|
| .............................. | .............................. |
| .............................. | .............................. |
| .............................. | .............................. |
| .............................. | .............................. |
| .............................. | .............................. |
| .............................. | .............................. |
| .............................. | .............................. |

**ਕ. ਹੇਠਾਂ ਲਿਖੇ ਸ਼ਬਦਾਂ ਦਾ ਕਿੱਤਿਆਂ ਨਾਲ਼ ਮਿਲਾਣ ਕਰੋ:**

| | |
|---|---|
| ਜੁਲਾਹਾ | ਕੱਪੜੇ ਧੋਣ ਵਾਲ਼ਾ |
| ਅਧਿਆਪਕ | ਲੋਹੇ ਦੇ ਸੰਦ ਬਣਾਉਣ ਵਾਲ਼ਾ |
| ਡਾਕਟਰ (ਵੈਦ) | ਚਮੜੇ ਦਾ ਕੰਮ ਕਰਨ ਵਾਲ਼ਾ |
| ਮੋਚੀ | ਪੜ੍ਹਾਉਣ ਵਾਲ਼ਾ |
| ਘੁਮਿਆਰ | ਖੇਤੀ ਕਰਨ ਵਾਲ਼ਾ |
| ਕਿਰਸਾਣ | ਕੱਪੜੇ ਬੁਣਨ ਵਾਲ਼ਾ |
| ਲੁਹਾਰ | ਲੱਕੜ ਦਾ ਕੰਮ ਕਰਨ ਵਾਲ਼ਾ |
| ਤਰਖਾਣ | ਮਰੀਜ਼ਾਂ ਦਾ ਇਲਾਜ ਕਰਨ ਵਾਲ਼ਾ |
| ਧੋਬੀ | ਮਿੱਟੀ ਦੇ ਭਾਂਡੇ ਬਣਾਉਣ ਵਾਲ਼ਾ |



Downloaded from https:// www.studiestoday.com

Downloaded from https:// www.studiestoday.com

ਖ. ਕੋਈ ਦਸ ਚੰਗੀਆਂ ਆਦਤਾਂ ਲਿਖੋ :

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

**ਅਧਿਆਪਕ ਲਈ ਅਗਵਾਈ-ਲੀਹਾਂ:**

- ਵਿਸਰਾਮ-ਚਿੰਨ੍ਹਾਂ ਦਾ ਸੰਕਲਪ ਉਦਾਹਰਨਾਂ ਰਾਹੀਂ ਦੁਹਰਾਇਆ ਜਾਵੇ।
- ਪੜਨਾਂਵ ਦੀ ਦੁਹਰਾਈ ਵੀ ਕਰਵਾਈ ਜਾਵੇ।



Downloaded from https:// www.studiestoday.com

Downloaded from https:// www.studiestoday.com

ਪਾਠ-10

# ਬੋਲੀ ਹੈ ਪੰਜਾਬੀ ਸਾਡੀ



ਅਸੀਂ ਨਹੀਂ ਭੁਲਾਉਣੀ।
ਏਹੋ ਜਿੰਦ – ਜਾਨ ਸਾਡੀ,
ਮੋਤੀਆਂ ਦੀ ਖਾਣ ਸਾਡੀ,
ਹੱਥੋਂ ਨਹੀਂ ਗੁਆਉਣੀ,
ਬੋਲੀ ਹੈ ਪੰਜਾਬੀ ਸਾਡੀ।





Downloaded from https:// www.studiestoday.com

Downloaded from https:// www.studiestoday.com



ਤ੍ਰਿੰਞਣਾਂ, ਭੰਡਾਰਾਂ ਵਿੱਚ,

ਵੰਝਲ਼ੀ ਤੇ ਵਾਰਾਂ ਵਿੱਚ,

ਮਿੱਠੀ ਤੇ ਸੁਹਾਉਣੀ,

ਬੋਲੀ ਹੈ ਪੰਜਾਬੀ ਸਾਡੀ।

ਜੋਧ ਤੇ ਕਮਾਈਆਂ ਵਿੱਚ,

ਜੰਗਾਂ ਤੇ ਲੜਾਈਆਂ ਵਿੱਚ,

ਏਹੋ ਜਿੰਦ ਪਾਉਣੀ,

ਬੋਲੀ ਹੈ ਪੰਜਾਬੀ ਸਾਡੀ।

ਫੁੱਲਾਂ ਦੀ ਕਿਆਰੀ ਸਾਡੀ,

ਸੁੱਖਾਂ ਦੀ ਅਟਾਰੀ ਸਾਡੀ,

ਭੁੱਲ ਕੇ ਨਹੀਂ ਢਾਹੁਣੀ,

ਬੋਲੀ ਹੈ ਪੰਜਾਬੀ ਸਾਡੀ।



Downloaded from https:// www.studiestoday.com

Downloaded from https:// www.studiestoday.com

## ਔਖੇ ਸ਼ਬਦਾਂ ਦੇ ਅਰਥ

| | | | | | |
|---|---|---|---|---|---|
| **ਤ੍ਰਿੰਞਣਾਂ** | : | ਜਿੱਥੇ ਕੁੜੀਆਂ ਇਕੱਠੀਆਂ ਬੈਠ ਕੇ ਕਢਾਈ-ਬੁਣਾਈ ਕਰਦੀਆਂ ਅਤੇ ਚਰਖਾ ਕੱਤਦੀਆਂ ਹਨ, | | | |
| **ਖਾਣ** | : | ਖ਼ਜ਼ਾਨਾ | **ਵੰਝਲ਼ੀ** | : | ਬੰਸਰੀ |
| **ਜੋਧ** | : | ਕਮਾਉਣਾ/ਤਪੱਸਿਆ | **ਵਾਰਾਂ** | : | ਬੀਰ ਰਸ ਵਾਲ਼ੀਆਂ ਕਵਿਤਾਵਾਂ |
| **ਅਟਾਰੀ** | : | ਉਚਾਈ 'ਤੇ ਬਣਿਆ ਹੋਇਆ ਚੁਬਾਰਾ | | | |
| **ਜੰਗ** | : | ਯੁੱਧ | **ਜਿੰਦ** | : | ਜਾਨ |



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਸਾਡੀ ਮਾਂ-ਬੋਲੀ ਪੰਜਾਬੀ ਹੈ।
- ਸਾਡੇ ਪ੍ਰਦੇਸ਼/ਰਾਜ ਦਾ ਨਾਂ ਪੰਜਾਬ ਹੈ।
- ਪੰਜਾਬ ਦੇ ਤਿੰਨ ਖੇਤਰ ਹਨ : ਮਾਝਾ, ਮਾਲਵਾ, ਦੁਆਬਾ।
- ਪੰਜਾਬ ਵਿੱਚ ਕੁੱਲ 22 ਜ਼ਿਲ੍ਹੇ ਹਨ।
- ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਹੈ।
- ਪੰਜਾਬ ਦੀ ਦਫ਼ਤਰੀ ਭਾਸ਼ਾ ਪੰਜਾਬੀ ਹੈ।

## ਪਾਠ-ਅਭਿਆਸ



### ੳ. ਜ਼ਬਾਨੀ ਅਭਿਆਸ:

(1) ਸਾਡੀ ਮਾਂ-ਬੋਲੀ ਕਿਹੜੀ ਹੈ ?

(2) ਕਵੀ ਪੰਜਾਬੀ ਬੋਲੀ ਨੂੰ ਕਿਸ ਚੀਜ਼ ਦੀ ਖਾਣ ਮੰਨਦਾ ਹੈ ?

(3) ਤ੍ਰਿੰਞਣ ਕਿਸ ਨੂੰ ਕਹਿੰਦੇ ਹਨ ?

(4) ਕਵਿਤਾ ਨੂੰ ਗਾਓ।

### ਅ. ਕਵਿਤਾ ਵਿੱਚੋਂ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:

- **ਅਸੀਂ ਨਹੀਂ ਭੁਲਾਉਣੀ। ..................... ਬੋਲੀ ਹੈ ਪੰਜਾਬੀ ਸਾਡੀ।**



Downloaded from https:// www.studiestoday.com

Downloaded from https:// www.studiestoday.com

(1) ਆਪਣੀ ਪੰਜਾਬੀ ਬੋਲੀ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ ?

..................................................................................................

..................................................................................................

..................................................................................................

..................................................................................................

(2) ਕਵੀ ਪੰਜਾਬੀ ਬੋਲੀ ਦੀ ਸਿਫ਼ਤ ਕਿਵੇਂ ਕਰਦਾ ਹੈ ?

..................................................................................................

..................................................................................................

..................................................................................................

..................................................................................................

**ੲ. ਹੇਠਾਂ ਲਿਖੇ ਸ਼ਬਦਾਂ ਦੇ ਸਮਾਨਾਰਥਕ ਸ਼ਬਦ ਲਿਖੋ:**

ਖਾਣ ....................

ਵਾਰ ....................

ਜੰਗ ....................

ਜਿੰਦ ....................

**ਸ. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:**

ਤ੍ਰਿੰਞਣ ....................................................................................

ਵੰਝਲ਼ੀ ....................................................................................

ਕਿਆਰੀ ....................................................................................

ਭੰਡਾਰ ....................................................................................



Downloaded from https:// www.studiestoday.com

Downloaded from https:// www.studiestoday.com

ੳ. ਸੁੰਦਰ ਲਿਖਾਈ ਵਿੱਚ ਲਿਖੋ:

ਬੋਲੀ ਹੈ ਪੰਜਾਬੀ ਸਾਡੀ,ਅਸੀਂ ਨਹੀਂ ਭੁਲਾਉਣੀ।

ਏਹੋ ਜਿੰਦ-ਜਾਨ ਸਾਡੀ,ਮੋਤੀਆਂ ਦੀ ਖਾਣ ਸਾਡੀ।

........................................................................................................

........................................................................................................

........................................................................................................

........................................................................................................

........................................................................................................

ਖ. ਆਪਣੇ ਮਾਤਾ-ਪਿਤਾ ਅਤੇ ਵੱਡਿਆਂ ਦੀ ਸਹਾਇਤਾ ਨਾਲ਼ ਪੰਜਾਬੀ ਵਿਆਹਾਂ ਵਿੱਚ ਗਾਏ ਜਾਂਦੇ ਕੁਝ ਲੋਕ-ਗੀਤ ਦੀਆਂ ਸਤਰਾਂ ਲਿਖੋ:

**ਘੋੜੀਆਂ (ਮੁੰਡੇ ਦੇ ਵਿਆਹ ਸਮੇਂ ਗਾਏ ਜਾਣ ਵਾਲ਼ੇ ਲੋਕ-ਗੀਤ):-**

........................................................................................................

........................................................................................................

........................................................................................................

........................................................................................................

........................................................................................................

........................................................................................................

........................................................................................................

**ਸੁਹਾਗ (ਕੁੜੀ ਦੇ ਵਿਆਹ ਸਮੇਂ ਗਾਏ ਜਾਣ ਵਾਲ਼ੇ ਲੋਕ-ਗੀਤ):-**

........................................................................................................

........................................................................................................

........................................................................................................



Downloaded from https:// www.studiestoday.com

Downloaded from https:// www.studiestoday.com

...................................................................................................................

...................................................................................................................

...................................................................................................................

...................................................................................................................

ਗ. ਪੰਜਾਬੀ ਪੜ੍ਹੋ,

ਪੰਜਾਬੀ ਬੋਲੋ,

ਪੰਜਾਬੀ ਲਿਖੋ (ਚਾਰਟ ਉੱਤੇ ਸੰਦੇਸ਼ ਲਿਖੋ)



Downloaded from https:// www.studiestoday.com

Downloaded from https:// www.studiestoday.com

ਪਾਠ- 11

# ਚਿੜੀ, ਰੁੱਖ, ਬਿੱਲੀ ਤੇ ਸੱਪ

ਇੱਕ ਵਾਰ ਦੀ ਗੱਲ ਹੈ ਕਿ ਇੱਕ ਕਿਰਸਾਣ ਅਤੇ ਉਸ ਦੀ ਘਰਵਾਲ਼ੀ ਜੀਤੋ ਆਪਣੇ ਖੇਤਾਂ ਵਿੱਚ ਘਰ ਬਣਾ ਕੇ ਰਹਿੰਦੇ ਸਨ। ਉਹਨਾਂ ਦੇ ਵਿਹੜੇ ਵਿੱਚ ਇੱਕ ਰੁੱਖ ਸੀ। ਉੱਥੇ ਇੱਕ ਬਿੱਲੀ ਅਤੇ ਇੱਕ ਚਿੜੀ ਵੀ ਰਹਿੰਦੇ ਸਨ। ਉਹ ਸਾਰੇ ਆਪਸ ਵਿੱਚ ਮਿਲ਼ ਕੇ ਇੱਕ ਟੱਬਰ ਵਾਂਗ ਰਹਿੰਦੇ ਸਨ।

ਇੱਕ ਦਿਨ ਕਿਰਸਾਣ ਦੀ ਪਤਨੀ ਜੀਤੋ ਨੇ ਕਿਹਾ, "ਬਿੱਲੀਏ! ਬਿੱਲੀਏ! ਭੱਜ ਜਾ, ਮੇਰੇ ਘਰੋਂ। ਤੂੰ ਸਾਡਾ ਦੁੱਧ ਪੀ ਜਾਨੀ ਏਂ। ਸਾਡੀਆਂ ਮੁਰਗੀਆਂ ਖਾ ਜਾਨੀ ਏਂ। ਤੂੰ ਕਿਸੇ ਕੰਮ ਜੋਗੀ ਹੈਂ ਵੀ ?"

ਡੰਡਾ ਫੜ ਕੇ ਉਹ ਬਿੱਲੀ ਨੂੰ ਮਾਰਨ ਹੀ ਲੱਗੀ ਸੀ ਕਿ ਬਿੱਲੀ ਬੋਲੀ, "ਮਿਆਊਂ! ਮਿਆਊਂ!...... ਤੂੰ ਮੈਨੂੰ ਨਾ ਮਾਰ। ਕਦੇ ਮੈਂ ਤੇਰੀ ਮਦਦ ਕਰਾਂਗੀ।"

"ਤੂੰ ਚੂਹੇ-ਖਾਣੀਏ ਮਾਣੋ ਬਿੱਲੀਏ! ਮੇਰੇ ਲਈ ਕੀ ਕਰੇਂਗੀ ?" ਜੀਤੋ ਨੇ ਨੱਕ ਚਾੜ੍ਹਿਆ।

ਫਿਰ ਜੀਤੋ ਚਿੜੀ ਕੋਲ਼ ਗਈ ਅਤੇ ਆਖਣ ਲੱਗੀ, "ਉੱਡ ਜਾ, ਚਿੜੀਏ! ਹਰ ਸਮੇਂ 'ਚੀਂ-ਚੀਂ' ਲਾਈ ਰੱਖਦੀ ਏਂ। ਮੇਰੇ ਚੌਲ਼ ਖਾ ਜਾਨੀ ਏਂ, ਫਲ਼ ਟੁੱਕ ਜਾਨੀ ਏਂ। ਨਾ ਕਿਸੇ ਕੰਮ ਦੀ, ਨਾ ਕਾਰ ਦੀ।"

"ਮੈਨੂੰ ਉਡਾ ਨਾ। ਕਿਸੇ ਸਮੇਂ ਮੈਂ ਤੇਰੀ ਮਦਦ ਕਰਾਂਗੀ", ਚਿੜੀ ਬੋਲੀ।

"ਹੂੰਅ ! ਤੂੰ ਮੇਰੀ ਕੀ ਮਦਦ ਕਰੇਂਗੀ ! 'ਚਿੜ-ਚਿੜ' ਕਿਤੋਂ ਦੀ!" ਜੀਤੋ ਨੇ ਮੱਥੇ ਉੱਤੇ ਤਿਊੜੀਆਂ ਪਾਈਆਂ।

ਉਸ ਪਿੱਛੋਂ ਜੀਤੋ ਰੁੱਖ ਵੱਲ ਹੋ ਗਈ, "ਰੁੱਖਾ! ਰੁੱਖਾ! ਤੂੰ ਤਾਂ ਐਵੇਂ ਮੈਨੂੰ ਵਖਤ ਪਾਇਆ ਹੋਇਆ ਏ। ਸਾਰਾ ਦਿਨ ਮੈਂ ਤੇਰੇ ਹੇਠੋਂ ਸੁੱਕੇ ਪੱਤੇ ਹੂੰਝਦੀ ਰਹਿੰਦੀ ਹਾਂ। ਆਹ 'ਚਿੜ-ਚਿੜ' ਵੀ ਤੇਰੇ ਪੱਤਿਆਂ ਵਿੱਚ ਹੀ ਰਹਿੰਦੀ ਏ। ਮੈਨੂੰ ਤੇਰਾ ਕੀ ਸੁੱਖ ਏ ? ਮੈਂ ਤੈਨੂੰ ਵੱਢ ਦੇਣਾ ਏ।" ਉਹਨੇ ਰੁੱਖ ਨੂੰ ਕੁਹਾੜਾ ਵਿਖਾ ਕੇ ਗੱਲ ਮੁਕਾਈ। "ਤੂੰ ਮੈਨੂੰ ਵੱਢ ਨਾ। ਕਿਸੇ ਸਮੇਂ ਮੈਂ ਤੇਰੀ ਔਖੇ ਵੇਲ਼ੇ ਮਦਦ ਕਰਾਂਗਾ," ਰੁੱਖ ਬੋਲਿਆ।

"ਨਾ ਤੂੰ ਤੁਰ ਸਕੇਂ, ਨਾ ਕੁਝ ਹੋਰ ਕਰ ਸਕੇਂ। ਨਾ! ਤੂੰ ਮੇਰੀ ਕੀ ਮਦਦ ਕਰਨੀ ਏ ?" ਜੀਤੋ ਨੇ ਲਾਪਰਵਾਹੀ ਨਾਲ਼ ਕਿਹਾ।

ਇੱਕ ਦਿਨ ਬਹੁਤ ਗਰਮੀ ਸੀ। ਸਾਰਾ ਦਿਨ ਕਿਰਸਾਣ ਆਪਣੀਆਂ ਪੈਲ਼ੀਆਂ ਵਿੱਚ ਹਲ਼ ਵਾਹੁੰਦਾ ਰਿਹਾ। ਰਾਤ ਨੂੰ ਘਰ ਆਇਆ ਤਾਂ ਉਹ ਬਹੁਤ ਥੱਕਿਆ ਹੋਇਆ ਸੀ। ਰੋਟੀ-ਪਾਣੀ ਖਾ ਕੇ ਉਹ ਰੁੱਖ ਹੇਠ ਪੈ



Downloaded from https:// www.studiestoday.com

Downloaded from https:// www.studiestoday.com

ਗਿਆ। ਸਾਰੇ ਦਿਨ ਦੀ ਥੱਕੀ-ਟੁੱਟੀ ਉਸ ਦੀ ਪਤਨੀ ਵੀ ਰੁੱਖ ਹੇਠ ਆਪਣਾ ਮੰਜਾ ਡਾਹ ਕੇ ਪੈ ਗਈ। ਠੰਢੀ-ਠੰਢੀ ਹਵਾ ਵਗ ਰਹੀ ਸੀ। ਦੋਂਹਾਂ ਨੂੰ ਗੂੜ੍ਹੀ ਨੀਂਦ ਆ ਗਈ।



ਚਿੜੀ ਨੇ ਉੱਥੇ ਇੱਕ ਸੱਪ ਨੂੰ ਰੁੱਖ ਵੱਲ ਆਉਂਦਿਆਂ ਵੇਖਿਆ ਤਾਂ ਉਹ 'ਚੀਂ-ਚੀਂ' ਕਰ ਕੇ ਰੌਲ਼ਾ ਪਾਉਣ ਲੱਗ ਪਈ। ਬਿੱਲੀ ਨੇ ਵੇਖਿਆ, ਸੱਪ ਸੁੱਤੇ ਪਏ ਆਦਮੀ ਅਤੇ ਉਸ ਦੀ ਪਤਨੀ ਵੱਲ ਜਾ ਰਿਹਾ ਸੀ। ਬਿੱਲੀ ਨੇ ਇਕਦਮ ਆਪਣਾ ਪੰਜਾ ਸੱਪ ਦੀ ਪੂਛ ਉੱਤੇ ਜੜ ਦਿੱਤਾ। ਗ਼ੁੱਸੇ ਵਿੱਚ ਸੱਪ ਪਿਛਾਂਹ ਨੂੰ ਪਰਤਿਆ ਤਾਂ ਬਿੱਲੀ ਰੁੱਖ ਦੇ ਓਹਲੇ ਹੋ ਗਈ। ਸੱਪ ਫੇਰ ਪਰਤਿਆ ਤੇ ਸੁੱਤੇ ਪਏ ਆਦਮੀ ਤੇ ਉਹਦੀ ਪਤਨੀ ਵੱਲ ਹੋ ਗਿਆ। ਬਿੱਲੀ ਨੇ ਫਿਰ ਸੱਪ ਦੀ ਪੂਛ ਉੱਤੇ ਪੰਜਾ ਮਾਰਿਆ ਤੇ ਰੁੱਖ ਦੇ ਓਹਲੇ ਛੁਪ ਗਈ। ਸੱਪ ਫਿਰ ਪਰਤਿਆ ਅਤੇ ਗ਼ੁੱਸੇ ਵਿੱਚ ਇੱਕ ਜ਼ੋਰਦਾਰ ਫੁੰਕਾਰਾ ਛੱਡਿਆ। ਸੱਪ ਦਾ ਫੁੰਕਾਰਾ ਸੁਣ ਕੇ ਆਦਮੀ ਅਤੇ ਉਹਦੀ ਪਤਨੀ ਜੀਤੋ ਵੀ ਜਾਗ ਪਏ ਪਰ ਸੱਪ ਏਨੇ ਚਿਰ ਨੂੰ ਛੁਪਣ-ਛੋਤ ਹੋ ਗਿਆ।

ਇਹ ਵੇਖ ਕਿਰਸਾਣ ਦੀ ਪਤਨੀ ਨੇ ਬਿੱਲੀ ਨੂੰ ਕਿਹਾ, "ਬਿੱਲੀਏ! ਬਿੱਲੀਏ! ਮੇਰੀ ਸੋਹਣੀ ਮਾਣੋ ਬਿੱਲੀਏ! ਮੈਨੂੰ ਮਾਫ਼ ਕਰ ਦੇ।" ਜੀਤੋ ਉਸ ਦੀ ਪਿੱਠ ਪਲ਼ੋਸ ਕੇ ਭੱਜੀ-ਭੱਜੀ ਆਪਣੇ ਘਰ ਅੰਦਰ ਗਈ ਅਤੇ ਦੁੱਧ ਦਾ ਕਟੋਰਾ ਲਿਆ ਕੇ ਉਹਦੇ ਅੱਗੇ ਰੱਖ ਦਿੱਤਾ।

ਹੁਣ ਜੀਤੋ ਰੁੱਖ ਦੀ ਟਾਹਣੀ ਉੱਤੇ ਬੈਠੀ ਚਿੜੀ ਵੱਲ ਗਈ।

"ਚਿੜੀਏ-ਚਿੜੀਏ! ਮੈਨੂੰ ਮਾਫ਼ ਕਰ ਦੇ।" ਜੀਤੋ ਨੇ ਚਿੜੀ ਨੂੰ ਕਿਹਾ ਤੇ ਉਹ ਭੱਜੀ-ਭੱਜੀ ਆਪਣੇ ਘਰ ਦੇ ਅੰਦਰ ਗਈ ਅਤੇ ਚੌਲ਼ਾਂ ਦੀ ਮੁੱਠ ਭਰ ਲਿਆਈ।



Downloaded from https:// www.studiestoday.com

Downloaded from https:// www.studiestoday.com

ਫੇਰ ਉਸ ਨੇ ਰੁੱਖ ਅੱਗੇ ਤਰਲਾ ਕੀਤਾ, "ਰੁੱਖਾ! ਰੁੱਖਾ! ਮੈਨੂੰ ਮਾਫ਼ ਕਰ ਦੇ। ਇਹ ਜੋ ਚਿੜੀ ਤੇਰੇ ਪੱਤਿਆਂ ਵਿੱਚ ਰਹਿੰਦੀ ਏ, ਇਹਨੇ ਹੀ ਬਿੱਲੀ ਨੂੰ ਖ਼ਬਰਦਾਰ ਕੀਤਾ ਅਤੇ ਉਹ ਸੱਪ ਦੇ ਮਗਰ ਲੱਗ ਗਈ।" ਜੀਤੋ ਨੇ ਪਿਆਰ ਅਤੇ ਸ਼ੁਕਰਾਨੇ ਨਾਲ਼ ਰੁੱਖ ਵੱਲ ਦੇਖਿਆ ਅਤੇ ਪਾਣੀ ਦੀ ਬਾਲਟੀ ਭਰ ਕੇ ਉਸ ਦੀਆਂ ਜੜ੍ਹਾਂ ਵਿੱਚ ਪਾ ਦਿੱਤੀ।

"ਜੀਤੋ ਭੈਣ! ਮੈਨੂੰ ਮਾਫ਼ ਕਰ ਦੇ। ਮੇਰੇ ਕਰਕੇ ਤੁਹਾਨੂੰ ਬਹੁਤ ਭੱਜ-ਦੌੜ ਹੋਈ। ਮੈਂ ਤੁਹਾਨੂੰ ਕੱਟਣ ਨਹੀਂ ਸੀ ਜਾ ਰਿਹਾ। ਉੱਥੇ ਤਾਂ ਇੱਕ ਚੂਹਾ ਸੀ, ਜਿਸ ਨੂੰ ਫੜਨ ਲਈ ਮੈਂ ਜਾ ਰਿਹਾ ਸੀ। ਤੁਹਾਨੂੰ ਪਤੈ, ਚੂਹਾ ਤਾਂ ਕਿਰਸਾਣ ਦਾ ਦੁਸ਼ਮਣ ਹੈ। ਉਹ ਰੋਜ਼ ਤੇਰੀ ਭੜੋਲੀ ਵਿੱਚੋਂ ਦਾਣੇ ਖਾਂਦਾ ਹੈ। ਨਾਲ਼ੇ ਯਾਦ ਰੱਖੋ, ਸਾਰੇ ਸੱਪ ਜ਼ਹਿਰੀਲੇ ਨਹੀਂ ਹੁੰਦੇ।" ਦੂਰ ਕਿਸੇ ਖੁੱਡ ਵਿੱਚੋਂ ਸੱਪ ਬੋਲ ਰਿਹਾ ਸੀ। ਸੱਪ ਦੀ ਇਹ ਗੱਲ ਸੁਣ ਕੇ ਉਸ ਨਾਲ਼ ਕੀਤੇ ਦੁਰਵਿਹਾਰ ਕਰਕੇ ਬਿੱਲੀ ਅਤੇ ਚਿੜੀ ਨੂੰ ਬਹੁਤ ਪਛਤਾਵਾ ਹੋਇਆ।

## ਔਖੇ ਸ਼ਬਦਾਂ ਦੇ ਅਰਥ

| | | | |
|---|---|---|---|
| **ਟੱਬਰ** : | ਪਰਿਵਾਰ | **ਨੱਕ ਚਾੜ੍ਹਿਆ** : | ਬੁਰਾ ਮਨਾਇਆ |
| **ਵਖਤ ਪਾਉਣਾ** : | ਮੁਸੀਬਤ ਖੜ੍ਹੀ ਕਰਨੀ | **ਹੂੰਝਦੀ** : | ਇੱਕਠੇ ਕਰਦੀ |
| **ਗੱਲ ਮੁਕਾਈ** : | ਝਗੜਾ ਖ਼ਤਮ ਕੀਤਾ | **ਲਾਪਰਵਾਹੀ** : | ਪਰਵਾਹ ਨਾ ਕਰਨਾ |
| **ਪੈਲ਼ੀਆਂ** : | ਖੇਤ | **ਪਰਤਿਆ** : | ਮੁੜਿਆ |
| **ਛੁਪਣ-ਛੋਤ ਹੋਣਾ** : | ਗ਼ਾਇਬ ਹੋ ਜਾਣਾ | **ਸ਼ੁਕਰਾਨਾ** : | ਧੰਨਵਾਦ |
| **ਭੱਜ-ਦੌੜ ਹੋਈ** : | ਬਹੁਤ ਕੋਸ਼ਸ਼ ਕੀਤੀ | **ਦੁਰਵਿਹਾਰ** : | ਮਾੜਾ ਵਤੀਰਾ |
| **ਭੜੋਲੀ** : | ਘਰ ਵਿੱਚ ਦਾਣੇ ਰੱਖਣ ਵਾਲ਼ਾ ਮਿੱਟੀ ਦਾ ਭਾਂਡਾ | | |



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਹਰ ਜਾਨਵਰ ਅਤੇ ਪੰਛੀ ਦਾ ਵਾਤਾਵਰਨ ਨੂੰ ਸੰਤੁਲਿਤ ਰੱਖਣ ਵਿੱਚ ਆਪਣਾ-ਆਪਣਾ ਯੋਗਦਾਨ ਹੁੰਦਾ ਹੈ।
- ਮੋਬਾਈਲ ਫ਼ੋਨ ਅਤੇ ਇੰਟਰਨੈੱਟ ਕਰਕੇ ਪੰਛੀ (ਖ਼ਾਸ ਕਰ ਕੇ ਚਿੜੀਆਂ) ਅਲੋਪ ਹੋ ਰਹੇ ਹਨ।
- ਦਿਨ ਵੇਲ਼ੇ ਦਰਖ਼ਤ ਸਾਨੂੰ ਆਕਸੀਜਨ ਦਿੰਦੇ ਹਨ ਅਤੇ ਰਾਤ ਸਮੇਂ ਕਾਰਬਨ-ਡਾਇਆਕਸਾਈਡ ਛੱਡਦੇ ਹਨ। ਇਸ ਲਈ ਰਾਤ ਨੂੰ ਦਰਖ਼ਤਾਂ ਦੇ ਥੱਲੇ ਸੌਣ ਨਾਲ਼ ਸਾਹ ਵਿੱਚ ਘੁਟਣ ਮਹਿਸੂਸ ਹੁੰਦੀ ਹੈ।



Downloaded from https:// www.studiestoday.com

Downloaded from https:// www.studiestoday.com

## ਪਾਠ-ਅਭਿਆਸ



### ੳ. ਜ਼ਬਾਨੀ ਅਭਿਆਸ:

(1) ਸੱਪ ਕਿਰਸਾਣ ਦਾ ਮਿੱਤਰ ਕਿਵੇਂ ਹੈ ?

(2) ਪਹਿਲਾਂ ਘਰਾਂ ਵਿੱਚ ਦਾਣੇ ਕਿਸ ਚੀਜ਼ ਵਿੱਚ ਰੱਖਦੇ ਸਨ ?

(3) ਘਰਾਂ ਵਿੱਚ ਰੁੱਖ ਲਗਾਉਣ ਨਾਲ਼ ਸਾਨੂੰ ਕੀ ਮਿਲ਼ਦਾ ਹੈ ?

(4) ਜੀਤੋ ਰੁੱਖ ਨੂੰ ਕਿਉਂ ਵਢਾਉਣਾ ਚਾਹੁੰਦੀ ਸੀ ?

### ਅ. ਪਾਠ ਵਿੱਚੋਂ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:

- **ਚਿੜੀ ਨੇ ਉੱਥੇ ਇੱਕ ਸੱਪ ..................... ਛੂਪਣ-ਛੋਤ ਹੋ ਗਿਆ।**

(1) ਚਿੜੀ ਨੇ ਸੱਪ ਨੂੰ ਆਉਂਦਿਆਂ ਵੇਖ ਕੇ ਕੀ ਕੀਤਾ ?

..........................................................................................

..........................................................................................

..........................................................................................

(2) ਬਿੱਲੀ ਨੇ ਇਕਦਮ ਕੀ ਕੀਤਾ ?

..........................................................................................

..........................................................................................

..........................................................................................

(3) ਸੱਪ ਨੇ ਗ਼ੁੱਸੇ ਵਿੱਚ ਕੀ ਕੀਤਾ ?

..........................................................................................

..........................................................................................

..........................................................................................



Downloaded from https:// www.studiestoday.com

Downloaded from https:// www.studiestoday.com

ੲ. ਮੁਹਾਵਰਿਆਂ ਦੇ ਅਰਥ ਸਮਝੋ ਅਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ:

(1) ਨੱਕ ਚਾੜ੍ਹਨਾ (ਬੁਰਾ ਮਨਾਉਣਾ):

.................................................................................................

.................................................................................................

(2) ਵਖਤ ਪਾਉਣਾ (ਮੁਸੀਬਤ ਖੜ੍ਹੀ ਕਰਨੀ):

.................................................................................................

.................................................................................................

(3) ਗੱਲ ਮੁਕਾਉਣਾ (ਝਗੜਾ ਖ਼ਤਮ ਕਰਨਾ) :

.................................................................................................

.................................................................................................

(4) ਭੱਜ-ਦੌੜ ਕਰਨਾ (ਬਹੁਤ ਕੋਸ਼ਸ਼ ਕਰਨਾ):

.................................................................................................

.................................................................................................

(5) ਛੂਪਣ-ਛੋਤ ਹੋਣਾ (ਅਲੋਪ ਹੋਣਾ):

.................................................................................................

.................................................................................................

ਸ. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:

(1) ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ ?

.................................................................................................

.................................................................................................

(2) "ਚਿੜੀਏ! ਚਿੜੀਏ! ਮੈਨੂੰ ਮਾਫ਼ ਕਰ ਦੇ।"

.................................................................................................

.................................................................................................



Downloaded from https:// www.studiestoday.com

Downloaded from https:// www.studiestoday.com

(3) "ਜੀਤੋ ਭੈਣ, ਮੈਨੂੰ ਮਾਫ਼ ਕਰ ਦੇ। ਮੇਰੇ ਕਰਕੇ ਤੁਹਾਨੂੰ ਬਹੁਤ ਭੱਜ-ਦੌੜ ਹੋਈ।"

.................................................................................................

.................................................................................................

ਕ. ਹੇਠਾਂ ਦਿੱਤੇ ਚਿੱਤਰਾਂ ਵਿੱਚ ਰੰਗ ਭਰੋ :





Downloaded from https:// www.studiestoday.com

Downloaded from https:// www.studiestoday.com



ਲੇਖ

ਦਿਵਾਲ਼ੀ

......................................................................................................................

......................................................................................................................

......................................................................................................................

......................................................................................................................

......................................................................................................................

......................................................................................................................

......................................................................................................................

......................................................................................................................

......................................................................................................................



Downloaded from https:// www.studiestoday.com

Downloaded from https:// www.studiestoday.com

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................

..................................................................................................................



Downloaded from https:// www.studiestoday.com

Downloaded from https:// www.studiestoday.com

ਪਾਠ-12

# ਸੱਚੀ ਮਿੱਤਰਤਾ



ਇੱਕ ਕੁੱਤੇ ਤੇ ਕੁੱਕੜ ਦੀ ਸੀ,
ਗੂੜ੍ਹੀ, ਪੱਕੀ ਯਾਰੀ।
ਦੇ ਸਕਦੇ ਸਨ ਇੱਕ-ਦੂਜੇ ਲਈ,
ਆਪਣੀ ਜਾਨ ਪਿਆਰੀ।

ਇੱਕ ਵਾਰੀ ਉਹ ਦੋਵੇਂ ਦੋਸਤ,
ਸੈਰ ਕਰਨ ਨੂੰ ਚੱਲੇ।
ਜੰਗਲ਼ ਦੇ ਵਿੱਚ ਰਾਤ ਪੈ ਗਈ,
ਰਹਿ ਗਏ 'ਕੱਲਮ-ਕੱਲੇ।

ਰਾਤ ਪਈ 'ਤੇ ਘਰ ਨੂੰ ਮੁੜਨਾ,
ਹੈ ਸੀ ਬਹੁਤ ਮੁਹਾਲ।
ਦੋਹਾਂ ਰਲ਼ ਕੇ ਸੋਚ ਦੁੜਾਈ,
ਦਿੱਤਾ ਛੱਡ ਖ਼ਿਆਲ ।



Downloaded from https:// www.studiestoday.com

Downloaded from https:// www.studiestoday.com

ਕੁੱਕੜ ਰੁੱਖ ਦੇ ਉੱਤੇ ਚੜ੍ਹ ਕੇ,
ਬੇਫ਼ਿਕਰੀ ਵਿੱਚ ਸੁੱਤਾ।
ਰੁੱਖ-ਤਣੇ ਦੇ ਖੋਲ 'ਚ ਵੜ ਕੇ,
ਲੇਟ ਗਿਆ ਉਹ ਕੁੱਤਾ।

ਸੁਬ੍ਹਾ-ਸਵੇਰੇ ਉੱਠਿਆ ਕੁੱਕੜ,
ਉੱਠ ਕੇ ਦਿੱਤੀ ਬਾਂਗ।
ਇੱਕ ਲੂੰਬੜੀ, ਜੰਗਲ਼ ਵਿੱਚੋਂ,
ਆਈ ਮਾਰ ਛਲ਼ਾਂਗ।

ਮੋਟਾ ਕੁੱਕੜ ਵੇਖ ਸਾਮ੍ਹਣੇ,
ਮੂੰਹ ਵਿੱਚ ਭਰਿਆ ਪਾਣੀ।
ਮੋਮੋਠਗਣੀ ਬਣ ਕੇ ਬੋਲੀ,
ਫੇਰ ਲੂੰਬੜੀ ਰਾਣੀ।

"ਅਵਾਜ਼ ਤੇਰੀ ਮਿੱਠੀ ਮਨਮੋਹਣੀ,
ਤੂੰ ਜੰਗਲ਼ ਦਾ ਰਾਜਾ।
ਮੈਂ ਤੇਰੇ ਦਰਸ਼ਨ ਲਈ ਆਈ,
ਹੇਠਾਂ ਆ ਜਾ! ਆ ਜਾ!

ਨੇੜੇ ਢੁੱਕ ਕੇ ਦਰਸ਼ਨ ਕਰ ਲਾਂ,
ਜਨਮ ਸਫ਼ਲ ਹੋ ਜਾਵੇ।
ਐਸੀ ਘੜੀ ਸੁਲੱਖਣੀ ਸ਼ਾਲਾ!
ਮੇਰੇ ਭਾਗੀਂ ਆਵੇ।

ਕੁੱਕੜ ਬਹੁਤ ਸਿਆਣਾ ਹੈ ਸੀ,
ਗਿਆ ਉਹ ਤਾੜ ਚਲਾਕੀ।
ਉਸ ਨੇ ਦਿੱਤਾ ਢੁਕਵਾਂ ਉੱਤਰ,
ਖੋਲ੍ਹ ਅਕਲ ਦੀ ਤਾਕੀ।



Downloaded from https:// www.studiestoday.com

Downloaded from https:// www.studiestoday.com

"ਠੀਕ ਕਿਹਾ ਤੂੰ ਲੂੰਬੜੀ ਰਾਣੀ,
ਮੈਂ ਜੰਗਲ਼ ਦਾ ਰਾਜਾ।
ਦਰਬਾਨ ਮੇਰਾ ਪਰ ਥੱਲੇ ਸੁੱਤਾ,
ਉਸ ਨੂੰ ਜ਼ਰਾ ਜਗਾ ਜਾ।

ਉਹ ਜਾਗੂ ਮੈਂ ਥੱਲੇ ਆਊਂ,
ਕਰ ਲਈਂ ਦਰਸ਼ਨ ਰੱਜ ਕੇ।
ਮੇਰੀ ਗੱਲ ਤੂੰ ਮੰਨ ਲੈ ਭੈਣੇ,
ਜਾਈਂ ਨਾ ਹੁਣ ਭੱਜ ਕੇ।"

ਰੁੱਖ ਦੇ ਵੱਲ ਨੂੰ ਵਧੀ ਲੂੰਬੜੀ,
ਲਾਲਚ ਸੁਰਤ ਗੁਆਈ।
ਏਨੇ ਨੂੰ ਕੁੱਤਾ ਵੀ ਉੱਠਿਆ,
ਲੈ ਕੇ ਇੱਕ ਅੰਗੜਾਈ।



ਦੇਖ ਲੂੰਬੜੀ ਝਪਟਿਆ ਕੁੱਤਾ,
ਗ਼ੁੱਸੇ ਦੇ ਵਿੱਚ ਆਇਆ।
ਖ਼ੂਬ ਪੁਗਾਈ ਆੜੀ ਉਹਨੇ,
ਮਿੱਤਰ ਤਾਈਂ ਬਚਾਇਆ।



Downloaded from https:// www.studiestoday.com

Downloaded from https:// www.studiestoday.com

## ਔਖੇ ਸ਼ਬਦਾਂ ਦੇ ਅਰਥ

| | | | | | |
|---|---|---|---|---|---|
| **ਮੁਹਾਲ** | : | ਔਖਾ | **ਬੇਫ਼ਿਕਰੀ** | : | ਫ਼ਿਕਰ ਨਾ ਕਰਨਾ |
| **ਖੋਲ** | : | ਦਰਖ਼ਤ ਦੇ ਤਣੇ ਵਿਚਲੀ ਖ਼ਾਲੀ ਜਗ੍ਹਾ | | | |
| **ਮੋਮੋਠਗਣੀ** | : | ਮਿੱਠੀਆਂ-ਮਿੱਠੀਆਂ ਗੱਲਾਂ ਨਾਲ਼ ਭਰਮਾਉਣ ਵਾਲ਼ੀ | | | |
| **ਨੇੜੇ ਢੁੱਕ ਕੇ** | : | ਨੇੜੇ ਹੋ ਕੇ | **ਮਨਮੋਹਣੀ** | : | ਮਨ ਨੂੰ ਚੰਗੀ ਲੱਗਣ ਵਾਲ਼ੀ |
| **ਸੁਲੱਖਣੀ** | : | ਭਾਗਾਂ ਵਾਲ਼ੀ | **ਭਾਗੀਂ** | : | ਕਿਸਮਤ ਵਿੱਚ |
| **ਤਾੜ** | : | ਸਥਿਤੀ ਨੂੰ ਸਮਝ ਜਾਣਾ | **ਦਰਬਾਨ** | : | ਪਹਿਰਾ ਦੇਣ ਵਾਲ਼ਾ |
| **ਸੁਰਤ** | : | ਹੋਸ਼ | **ਆੜੀ** | : | ਦੋਸਤੀ |



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਸ਼ੇਰ ਨੂੰ ਜੰਗਲ਼ ਦਾ ਰਾਜਾ ਕਿਹਾ ਜਾਂਦਾ ਹੈ।
- ਕੁੱਕੜ ਸਵਖਤੇ ਉੱਠਣ ਲਈ ਬਾਂਗ ਦਿੰਦਾ ਹੈ।
- ਕੁੱਤਾ ਇੱਕ ਵਫ਼ਾਦਾਰ ਜਾਨਵਰ ਹੈ।
- ਲੂੰਬੜੀ ਇੱਕ ਚਲਾਕ ਜਾਨਵਰ ਹੈ।
- ਸੱਚਾ ਮਿੱਤਰ ਉਹ ਹੈ ਜੋ ਔਖੇ ਸਮੇਂ ਕੰਮ ਆਵੇ।

## ਪਾਠ-ਅਭਿਆਸ



### ੳ. ਜ਼ਬਾਨੀ ਅਭਿਆਸ:

(1) ਕੁੱਤਾ ਅਤੇ ਕੁੱਕੜ ਇੱਕ-ਦੂਜੇ ਲਈ ਕੀ ਕਰ ਸਕਦੇ ਸਨ ?

(2) ਰਾਤ ਨੂੰ ਕੁੱਤਾ ਕਿੱਥੇ ਲੇਟ ਗਿਆ ?

(3) ਕੁੱਕੜ ਨੇ ਲੂੰਬੜੀ ਨੂੰ ਕੀ ਕਿਹਾ ?

(4) ਕਵਿਤਾ ਨੂੰ ਲੈਅ ਵਿੱਚ ਗਾਓ।

### ਅ. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:

(1) ਕੁੱਤੇ ਅਤੇ ਕੁੱਕੜ ਦਾ ਆਪਸ ਵਿੱਚ ਕੀ ਰਿਸ਼ਤਾ ਸੀ ?

..........................................................................................



Downloaded from https:// www.studiestoday.com

Downloaded from https:// www.studiestoday.com

..........................................................................................

..........................................................................................

(2) ਜੰਗਲ ਵਿੱਚ ਰਾਤ ਨੂੰ ਕੁੱਕੜ ਕਿੱਥੇ ਸੁੱਤਾ ਸੀ ?

..........................................................................................

..........................................................................................

..........................................................................................

(3) ਕੁੱਤੇ ਨੇ ਕੁੱਕੜ ਨਾਲ਼ ਆਪਣੀ ਮਿੱਤਰਤਾ ਕਿਵੇਂ ਪੁਗਾਈ ?

..........................................................................................

..........................................................................................

..........................................................................................

**ੲ. ਹੇਠਾਂ ਲਿਖੇ ਸ਼ਬਦ ਦੇ ਅਰਥ ਲਿਖੋ:**

| | | | |
|---|---|---|---|
| ਮੁਹਾਲ | .................... | ਬੇਫ਼ਿਕਰੀ | .................... |
| ਖੋਲ | .................... | ਮੋਮੋਠਗਣੀ | .................... |
| ਮਨਮੋਹਣੀ | .................... | ਸੁਲੱਖਣੀ | .................... |
| ਭਾਗੀਂ | .................... | ਤਾੜ | .................... |
| ਦਰਬਾਨ | .................... | ਸੂਰਤ | .................... |
| ਆੜੀ | .................... | | |

**ਹ. ਵਿਰੋਧੀ ਸ਼ਬਦ ਲਿਖੋ:**

| | | | |
|---|---|---|---|
| ਰਾਤ | ਦਿਨ | ਉੱਤੇ | .................... |
| ਮੋਟਾ | .................... | ਮਿੱਠੀ | .................... |
| ਨੇੜੇ | .................... | ਗੂੜ੍ਹੀ | .................... |
| ਪੱਕੀ | .................... | ਦੋਸਤ | .................... |



Downloaded from https:// www.studiestoday.com

Downloaded from https:// www.studiestoday.com

| | | | |
|---|---|---|---|
| ਚੜ੍ਹਨਾ | .................... | ਉੱਤਰ | .................... |
| ਠੀਕ | .................... | ਸੁੱਤਾ | .................... |

**ਕ. ਸਹੀ ਵਾਕ ਅੱਗੇ ✓ ਦਾ ਨਿਸ਼ਾਨ ਲਾਓ:**

1. ਕੁੱਤਾ ਅਤੇ ਕੁੱਕੜ ਜੰਗਲ਼ ਵਿੱਚ ਕੀ ਕਰਨ ਗਏ ਸਨ ?

ਭੋਜਨ ਦੀ ਭਾਲ਼ ਲਈ ☐ ਸੈਰ ਕਰਨ ਲਈ ☐

ਜਾਨਵਰਾਂ ਨੂੰ ਮਿਲ਼ਨ ਲਈ ☐

2. 'ਅਵਾਜ਼ ਤੇਰੀ ਮਿੱਠੀ, ਮਨਮੋਹਣੀ, ਤੂੰ ਜੰਗਲ਼ ਦਾ ਰਾਜਾ।' ਇਹ ਸ਼ਬਦ ਕਿਸ ਨੇ ਕਹੇ ?

ਕੁੱਕੜ ਨੇ ☐ ਕੁੱਤੇ ਨੇ ☐

ਲੂੰਬੜੀ ਨੇ ☐

**ਖ. ਹੇਠਾਂ ਦਿੱਤੇ ਵਾਕਾਂ ਦੇ ਲਿੰਗ ਬਦਲੋ:**

1. ਕੁੱਕੜ ਜੰਗਲ਼ ਵਿੱਚ ਸੈਰ ਕਰਨ ਲਈ ਗਿਆ।

.............................................................................................

2. ਲੂੰਬੜੀ ਨੇ ਛਲ਼ਾਂਗ ਲਾਈ।

.............................................................................................

3. ਕੁੱਤਾ ਤਣੇ ਦੇ ਖੋਲ ਵਿੱਚ ਵੜ ਕੇ ਬੈਠ ਗਿਆ।

.............................................................................................

**ਗ. ਕਵਿਤਾ ਵਿੱਚ ਕੁੱਕੜ ਅਤੇ ਕੁੱਤੇ ਦੀ ਮਿੱਤਰਤਾ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ:**

.............................................................................................

.............................................................................................

.............................................................................................

.............................................................................................



Downloaded from https:// www.studiestoday.com

Downloaded from https:// www.studiestoday.com

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................



Downloaded from https:// www.studiestoday.com

Downloaded from https:// www.studiestoday.com

ਪਾਠ - 13

# ਫੁਲਕਾਰੀ-ਕਲਾ



"ਮਾਂ ਜੀ ! ਮੈਨੂੰ ਵੀ ਇੱਕ ਫੁਲਕਾਰੀ ਦੇ ਦਿਓ। ਸ਼ਹਿਰ ਵਿੱਚ ਕਈ ਕੁੜੀਆਂ ਫੁਲਕਾਰੀ ਦੀਆਂ ਕਮੀਜ਼ਾਂ ਪਾਈ ਫਿਰਦੀਆਂ ਨੇ। ਸਾਡੀ ਅਧਿਆਪਕਾ ਦੇ ਘਰ ਤਾਂ ਪਰਦੇ ਵੀ ਫੁਲਕਾਰੀਆਂ ਦੇ ਲੱਗੇ ਹੋਏ ਹਨ। ਉਹ ਬਹੁਤ ਹੀ ਸੋਹਣੇ ਲੱਗਦੇ ਨੇ, " ਹਰਮੀਤ ਨੇ ਆਪਣੀ ਮਾਂ ਨੂੰ ਕਿਹਾ।

"ਲੈ, ਰਹਿਣ ਦੇ, ਹੁਣ ਕਿੱਥੇ ਮੁੜ ਕੇ ਪੁਰਾਣਾ ਰਿਵਾਜ ਆ ਗਿਆ ? ਹੁਣ ਤਾਂ ਫੁਲਕਾਰੀਆਂ ਉਂਈਂ ਮਨੋਂ ਵਿਸਾਰ ਦਿੱਤੀਆਂ ਨੇ, ਲੋਕਾਂ ਨੇ", ਮਾਂ ਜੀ ਬੋਲੇ।

"ਨਹੀਂ-ਨਹੀਂ, ਮਾਂ ਜੀ ! ਹੁਣ ਤਾਂ ਫੁਲਕਾਰੀ ਦੀ ਬਹੁਤ ਕਦਰ ਹੋ ਗਈ ਹੈ। ਬਾਹਰਲੇ ਦੇਸਾਂ ਵਿੱਚ ਵੀ ਇਹਨਾਂ ਦੀ ਬੜੀ ਮੰਗ ਹੋ ਗਈ ਹੈ। ਲਿਆਓ, ਤੁਸੀਂ ਵੀ ਜੇ ਕੋਈ ਵੇਚਣੀ ਹੈ।"

"ਨਾ ਭਾਈ ! ਮੈਂ ਨਹੀਂ ਵੇਚਣੀ। ਫੁਲਕਾਰੀ ਵੀ ਕਦੀ ਵੇਚੀਦੀ ਐ ? ਇਹ ਤਾਂ ਮੈਂ ਤੇਰੇ ਵਿਆਹ ਵਿੱਚ ਦੇਵਾਂਗੀ। ਮੇਰੇ ਕੋਲ਼ ਸੁੱਖੀਂ-ਸਾਂਦੀਂ ਬਥੇਰੀਆਂ ਫੁਲਕਾਰੀਆਂ ਨੇ। ਨਾਲ਼ੇ ਫੁਲਕਾਰੀ ਤਾਂ ਸ਼ਗਨ ਦੀ ਚੀਜ਼ ਹੁੰਦੀ ਹੈ। ਫੇਰ ਸਗਨਾਂ ਦੀ ਚੀਜ਼ ਨਹੀਂ ਵੇਚੀਦੀ ਹੁੰਦੀ। ਉਂਞ ਜੇ ਤੇਰਾ ਜੀਅ ਕਰਦੈ ਤਾਂ ਲੈ ਜਾਵੀਂ ਇੱਕ ਟੂਲ ਦੀ ਫੁਲਕਾਰੀ ਕਮੀਜ਼ ਬਣਾਉਣ ਵਾਸਤੇ, " ਮਾਂ ਜੀ ਨੇ ਕਿਹਾ।



Downloaded from https:// www.studiestoday.com

Downloaded from https:// www.studiestoday.com

" ਮੈਨੂੰ ਦਿਖਾ ਦਿਓ, ਸਾਰੀਆਂ ਫੁਲਕਾਰੀਆਂ। ਮੈਨੂੰ ਜਿਹੜੀ ਸੋਹਣੀ ਲੱਗੀ, ਲੈ ਲਵਾਂਗੀ, " ਹਰਮੀਤ ਨੇ ਮਾਂ ਨੂੰ ਕਿਹਾ।

ਮਾਂ ਜੀ ਸੰਦੂਕ ਵਿੱਚੋਂ ਫੁਲਕਾਰੀ ਕੱਢਣ ਅੰਦਰ ਸਬਾਤ ਵੱਲ ਚਲੇ ਗਏ। ਹਰਮੀਤ ਵੀ ਨਾਲ਼ ਹੀ ਤੁਰ ਪਈ। ਮਾਂ ਜੀ ਨੇ ਸੰਦੂਕ ਖੋਲ੍ਹਿਆ। ਉਸ ਵਿੱਚ ਬਹੁਤ ਸਾਰੇ ਬਾਗ਼ ਅਤੇ ਫੁਲਕਾਰੀਆਂ ਪਏ ਸਨ। ਹਰਮੀਤ ਨੇ ਹੈਰਾਨ ਜਿਹੇ ਹੁੰਦਿਆਂ ਪੁੱਛਿਆ, "ਮਾਂ ਜੀ, ਇਹ ਸਾਰੀਆਂ ਤੁਸੀਂ ਹੀ ਕੱਢੀਆਂ ਨੇ ?"

" ਹਾਂ ਧੀਏ! ਮੈਂ ਹੀ ਕੱਢੀਆਂ ਨੇ । ਕੁਝ ਤੇਰੀ ਨਾਨੀ ਦੇ ਹੱਥਾਂ ਦੀਆਂ ਨੇ। ਉਹ ਮੈਂ ਅਜੇ ਤੱਕ ਸਾਂਭ ਕੇ ਰੱਖੀਆਂ ਨੇ" , ਕਹਿੰਦੇ - ਕਹਿੰਦੇ ਮਾਂ ਜੀ ਸੰਦੂਕ ਵਿੱਚੋਂ ਫੁਲਕਾਰੀਆਂ ਕੱਢਣ ਲੱਗੇ। ਫੁਲਕਾਰੀਆਂ ਕੱਢ ਕੇ ਉਹ ਬੈਠਕ ਵਿੱਚ ਲੈ ਗਏ। ਫਿਰ ਉਹ ਇਕੱਲੀ-ਇਕੱਲੀ ਫੁਲਕਾਰੀ ਬਾਰੇ ਹਰਮੀਤ ਨੂੰ ਦੱਸਣ ਲੱਗੇ। ਹਰਮੀਤ ਨੂੰ ਇਹ ਸਾਰਾ ਕੁਝ ਦੇਖ ਕੇ ਬੜਾ ਹੀ ਅਚੰਭਾ ਲੱਗਿਆ। ਉਹ ਬੜੇ ਧਿਆਨ ਨਾਲ਼ ਆਪਣੀ ਮਾਂ ਦੀਆਂ ਗੱਲਾਂ ਸੁਣ ਵੀ ਰਹੀ ਸੀ ਤੇ ਵਿੱਚ-ਵਿੱਚ ਮਾਂ ਤੋਂ ਕੁਝ ਸਵਾਲ ਵੀ ਪੁੱਛੀ ਜਾਂਦੀ ਸੀ।

ਮਾਂ ਜੀ ਨੇ ਦੱਸਣਾ ਸ਼ੁਰੂ ਕੀਤਾ, "ਦੇਖ, ਸਭ ਤੋਂ ਪਹਿਲਾਂ ਤੈਨੂੰ ਮੈਂ ਬਾਗ਼ ਦਿਖਾਉਂਦੀ ਹਾਂ। ਇਸ ਦੀ ਕਢਾਈ ਏਨੀ ਸੰਘਣੀ ਏ ਕਿ ਕੱਪੜਾ ਤਾਂ ਕਿਧਰੇ ਦਿਸਦਾ ਹੀ ਨਹੀਂ। ਆਮ ਫੁਲਕਾਰੀਆਂ ਵਿੱਚ ਏਨੀ ਸੰਘਣੀ ਕਢਾਈ ਨਹੀਂ ਹੁੰਦੀ। "

" ਇਹ ਤਾਂ ਬਹੁਤ ਹੀ ਸੋਹਣਾ ਹੈ, ਸੱਚ-ਮੁੱਚ ਹੀ ਬਾਗ਼ ਵਾਂਗ। ਏਨੀ ਸੰਘਣੀ ਕਢਾਈ ਤਾਂ ਮੈ ਕਦੇ ਵੇਖੀ ਹੀ ਨਹੀਂ।" ਫਿਰ ਹਰਮੀਤ ਨੇ ਇੱਕ ਹੋਰ ਫੁਲਕਾਰੀ ਚੁੱਕ ਕੇ ਮਾਂ ਜੀ ਤੋਂ ਪੁੱਛਿਆ, "ਅਹਿ ਦੇਖੋ, ਮਾਂ ਜੀ! ਇਸ ਫੁਲਕਾਰੀ ਨੂੰ ਕੀ ਕਹਿੰਦੇ ਨੇ ? ਆਹ, ਜਿਹਦੇ ਉੱਪਰ ਤਿਕੋਣੀ ਸ਼ਕਲ ਵਿੱਚ ਕਢਾਈ ਕੀਤੀ ਏ ਤੇ ਬਾਕੀ ਸਾਰੀ ਖ਼ਾਲੀ ਛੱਡੀ ਹੋਈ ਹੈ ?"



ਚਿੱਤਰ : ਬਾਗ਼



Downloaded from https:// www.studiestoday.com

Downloaded from https:// www.studiestoday.com

"ਇਹ ਘੁੰਗਟ ਬਾਗ਼ ਹੈ ! ਇਸ ਦੇ ਸਿਰ ਅਤੇ ਮੋਢਿਆਂ ਉੱਤੇ ਆਉਣ ਵਾਲ਼ੇ ਹਿੱਸੇ ਵਿੱਚ ਹੀ ਕਢਾਈ ਕੀਤੀ ਹੁੰਦੀ ਹੈ। ਅਹਿ ਚੋਪ ਹੈ। ਇਹ ਵਿਆਹ ਦੀ ਫੁਲਕਾਰੀ ਹੈ। ਪਹਿਲਾਂ ਚੂੜਾ ਚੜ੍ਹਾਉਣ ਵੇਲ਼ੇ ਇਹ ਕੁੜੀ ਉੱਤੇ ਦਿੱਤੀ ਜਾਂਦੀ ਸੀ। ਇਹ ਦੂਜੀਆਂ ਸਧਾਰਨ ਫੁਲਕਾਰੀਆਂ ਨਾਲ਼ੋਂ ਵੱਡੀ ਹੁੰਦੀ ਹੈ। ਇਸ ਦੀ ਕਢਾਈ ਖ਼ਾਸ ਗੁੰਝਲ਼ਦਾਰ ਤੋਪੇ ਨਾਲ਼ ਕੀਤੀ ਹੁੰਦੀ ਹੈ। ਕਢਾਈ ਦਾ ਤੋਪਾ ਬਹੁਤ ਬਰੀਕ ਹੁੰਦਾ ਹੈ। ਇਹ ਕੁੜੀਆਂ ਦੇ ਦਾਜ ਦੀ ਖ਼ਾਸ ਚੀਜ਼ ਹੁੰਦੀ ਸੀ। ਇਸ ਵਾਂਗ 'ਸੁੱਭਰ' ਵੀ ਸਗਨਾਂ ਦਾ ਕੱਪੜਾ ਹੁੰਦਾ ਸੀ। ਇਹਨੂੰ ਲਾਂਵਾਂ-ਫੇਰਿਆਂ ਦੇ ਮੌਕੇ ਉੱਤੇ ਦਿੱਤਾ ਜਾਂਦਾ ਸੀ। ਵੇਖ, ਇਹਦੇ ਵਿੱਚ ਕੰਨੀਆਂ ਦੇ ਨਾਲ਼-ਨਾਲ਼ ਕਢਾਈ ਕੀਤੀ ਹੋਈ ਹੈ। ਇਸ ਦੇ ਵਿਚਕਾਰ ਸਿਰਫ਼ ਪੰਜ ਫੁੱਲ ਹੀ ਕੱਢੇ ਹੋਏ ਹਨ। ਬਾਕੀ ਦਾ ਹਿੱਸਾ ਸਾਫ਼ ਹੈ," ਮਾਂ ਜੀ ਨੇ ਮੈਨੂੰ ਜਾਣਕਾਰੀ ਦੇਂਦਿਆਂ ਕਿਹਾ।

"ਮਾਂ ਜੀ ! ਉਹ ਵੀ ਚੋਪ ਸੀ, ਜਿਹੜਾ ਉਦੋਂ ਭੈਣ ਜੀ ਦੇ ਵਿਆਹ 'ਤੇ ਡੋਲ਼ੀ ਤੋਰਨ ਸਮੇਂ ਉਹਨਾਂ ਉੱਪਰ ਤਾਣਿਆ ਹੋਇਆ ਸੀ ?" ਹਰਮੀਤ ਨੇ ਉਤਸੁਕਤਾ ਨਾਲ਼ ਪੁੱਛਿਆ।

"ਨਾ-ਨਾ, ਉਹ ਤਾਂ ਤਿਲ਼-ਪੱਤਰਾ ਸੀ। ਉਹਦੀ ਤਾਂ ਸਿੱਧੀ ਜਿਹੀ ਕਢਾਈ ਸੀ ਤੇ ਕਢਾਈ ਕੀਤੀ ਵੀ ਸਿਰਫ਼ ਕੰਨੀਆਂ 'ਤੇ ਹੀ ਸੀ। ਵਿਚਾਲ਼ੇ ਤਾਂ ਵਿਰਲੀ-ਵਿਰਲੀ ਕਢਾਈ ਹੀ ਕੀਤੀ ਹੋਈ ਸੀ। "

ਫਿਰ ਇੱਕ ਹੋਰ ਫੁਲਕਾਰੀ ਦਿਖਾਉਂਦੇ ਹੋਏ ਮਾਂ ਜੀ ਬੋਲੇ, "ਅਹਿ ਦੇਖ, ਇਹ ਨੀਲਕ ਹੈ। ਇਹਦੀ ਕਢਾਈ ਤਾਂ ਸਾਦੀ ਹੈ ਪਰ ਇਸ ਦਾ ਰੰਗ ਨੀਲਾ ਹੋਣ ਕਰਕੇ ਹੀ ਇਸ ਨੂੰ ਨੀਲਕ ਕਹਿੰਦੇ ਹਨ।"

"ਮਾਂ ਜੀ ! ਤੁਹਾਡੇ ਕੋਲ਼ ਤਾਂ ਬਹੁਤ ਕਿਸਮ ਦੀਆਂ ਫੁਲਕਾਰੀਆਂ ਨੇ। ਭਲਾ, ਇਹਨਾਂ ਦੀ ਕੋਈ ਹੋਰ ਕਿਸਮ ਵੀ ਹੁੰਦੀ ਹੈ ?"

" ਇੱਕ ਹੋਰ ਫੁਲਕਾਰੀ ਵੀ ਹੁੰਦੀ ਹੈ ਜਿਹਦੇ ਉੱਪਰ ਛੋਟੇ-ਛੋਟੇ ਸ਼ੀਸ਼ਿਆਂ ਦੇ ਟੁਕੜੇ ਜੜੇ ਹੁੰਦੇ ਹਨ। ਉਹਨੂੰ 'ਛੱਮਾਸ' ਕਹਿੰਦੇ ਹਨ। ਉਹ ਬਹੁਤ ਸੋਹਣੀ ਲੱਗਦੀ ਹੈ। ਤੇਰੀ ਮਾਸੀ ਕੋਲ਼ ਹੈ, ਇੱਕ ਛੱਮਾਸ। ਜਦੋਂ ਕਦੇ ਉੱਥੇ ਗਈ ਤਾਂ ਵੇਖ ਆਵੀਂ।"

"ਮਾਂ ਜੀ ! ਇੰਨੀ ਕਢਾਈ ਹੱਥਾਂ ਨਾਲ਼ ਕੀਤੀ ਹੈ ਜਾਂ ਮਸ਼ੀਨਾਂ ਨਾਲ਼ ?"

"ਮਸ਼ੀਨਾਂ ਉਦੋਂ ਡੁੱਬਣੀਆਂ ਕਿੱਥੇ ਹੁੰਦੀਆਂ ਸਨ ? ਇਹ ਮਸ਼ੀਨਾਂ ਦਾ ਤਾਂ ਹੁਣੇ ਚੱਲਿਆ, ਰਿਵਾਜ। ਤਾਂ ਹੀ ਤਾਂ ਅੱਜ-ਕੱਲ੍ਹ ਦੀਆਂ ਕੁੜੀਆਂ ਨੂੰ ਕਸੀਦਾ ਕੱਢਣਾ ਭੁੱਲ ਗਿਐ। ਕੱਢਿਆ-ਕਢਾਇਆ ਜੁ ਮਿਲ਼ ਜਾਂਦੈ, ਸਭ ਕੁਝ ।" ਮਾਂ ਜੀ ਨੇ ਕਸੀਦੇ ਦੇ ਘਟ ਰਹੇ ਸ਼ੌਕ 'ਤੇ ਔਖਿਆਂ ਹੁੰਦੇ ਕਿਹਾ।

ਫਿਰ ਥੋੜ੍ਹਾ ਜਿਹਾ ਰੁਕ ਕੇ ਕਹਿਣ ਲੱਗੇ, " ਫੁਲਕਾਰੀਆਂ ਦੀ ਕਢਾਈ ਤਾਂ ਸਾਡੇ ਵੇਲ਼ੇ ਹੁੰਦੀ ਸੀ। ਅਸੀਂ ਸ਼ਹਿਰੋਂ ਕਈ ਰੰਗਾਂ ਦੇ ਪੱਟ ਮੰਗਵਾ ਲੈਂਦੀਆਂ। ਫੇਰ ਘਰ ਦੇ ਬੁਣੇ ਖੱਦਰ ਨੂੰ ਸੂਹਾ ਰੰਗ ਕੇ ਕਢਾਈ ਕਰਦੀਆਂ। ਕਢਾਈ ਦਾ ਚਾਅ ਏਨਾ ਹੁੰਦਾ ਸੀ ਕਿ ਤੜਕੇ ਨੇਰ੍ਹੇ ਹੀ ਉੱਠ ਕੇ ਰੋਟੀ-ਟੁੱਕ ਤੇ ਗੋਹੇ-ਕੂੜੇ ਦਾ ਕੰਮ ਮੁਕਾ



Downloaded from https:// www.studiestoday.com

Downloaded from https:// www.studiestoday.com

ਛੱਡਣਾ। ਫਿਰ ਕੁੜੀਆਂ ਨੇ ਇੱਕਠੀਆਂ ਹੋ ਕੇ ਬਹਿ ਜਾਣਾ, ਕਢਾਈ ਕਰਨ। ਤੇਰੀ ਨਾਨੀ ਦਾ ਹੱਥ ਤਾਂ ਏਨਾ ਸਾਫ਼ ਸੀ ਕਿ ਉਸ ਦੇ ਕੱਢੇ ਬਾਗ਼ਾਂ ਤੇ ਫੁਲਕਾਰੀਆਂ ਦੀਆਂ ਘਰ-ਘਰ ਗੱਲਾਂ ਹੁੰਦੀਆਂ ਸਨ। ਉਹ ਆਪ ਹੀ ਨਵੇਂ-ਨਵੇਂ ਨਮੂਨੇ ਕੱਢ ਲੈਂਦੀ ਸੀ।"

ਅਜੇ ਮਾਂ ਜੀ ਨੇ ਗੱਲ ਮੁਕਾਈ ਨਹੀਂ ਸੀ ਕਿ ਹਰਮੀਤ ਵਿੱਚੋਂ ਹੀ ਬੋਲ ਪਈ "ਮਾਂ ਜੀ! ਪਰ ਇੱਕ ਗੱਲ ਤਾਂ ਦੱਸੋ ਕਿ ਖੱਦਰ ਉੱਤੇ ਏਨੀ ਸੋਹਣੀ ਕਢਾਈ ਕਿਵੇਂ ਕਰ ਲੈਂਦੇ ਹੋ, ਤੁਸੀਂ ? ਮੈਥੋਂ ਤਾਂ ਦਸੂਤੀ ਉੱਤੇ ਵੀ ਕਈ ਵਾਰ ਠੀਕ ਫੁੱਲ ਨਹੀਂ ਪੈਂਦੇ।"

"ਬੱਸ, ਤੱਕ ਨਾਲ਼ ਹੀ। ਹੌਲ਼ੀ-ਹੌਲ਼ੀ ਹੱਥ 'ਚ ਸਫ਼ਾਈ ਆ ਜਾਂਦੀ ਐ। ਫੇਰ ਤਾਂ ਅਸੀਂ ਗੱਲਾਂ ਵੀ ਕਰੀ ਜਾਂਦੀਆਂ। ਮਜ਼ਾਲ ਏ, ਕਿਤੇ ਤੋਪਾ ਵੀ ਏਧਰ-ਓਧਰ ਹੋ ਜਾਵੇ। ਨਾ, ਤੈਨੂੰ ਇੱਕ ਹੋਰ ਗੱਲ ਦੱਸਾਂ – ਫੁਲਕਾਰੀ ਦੀ ਕਢਾਈ ਵੀ ਪੁੱਠੇ ਪਾਸੇ ਤੋਂ ਕੀਤੀ ਜਾਂਦੀ ਐ", ਮਾਂ ਜੀ ਨੇ ਦੱਸਿਆ।

"ਪੁੱਠੇ ਪਾਸੇ ਤੋਂ ? ਉਹ ਕਿਵੇਂ, ਮਾਂ ਜੀ ?" ਹਰਮੀਤ ਨੇ ਹੈਰਾਨ ਹੁੰਦਿਆਂ ਪੁੱਛਿਆ।

"ਇਹ ਕਦੇ ਫਿਰ ਦੱਸਾਂਗੀ। ਆਪੇ ਹੌਲ਼ੀ-ਹੌਲ਼ੀ ਸਿੱਖ ਜਾਏਂਗੀ, ਜੇ ਏਨਾ ਹੀ ਸ਼ੌਕ ਹੈ, ਤਾਂ।"

"ਹਾਂ, ਮਾਂ ਜੀ, ਮੈਂ ਜ਼ਰੂਰ ਸਿੱਖਾਂਗੀ", ਹਰਮੀਤ ਚਾਅ ਨਾਲ ਬੋਲੀ ਤੇ ਫਿਰ ਮਾਂ ਜੀ ਫੁਲਕਾਰੀਆਂ ਦੀਆਂ ਤਹਿਆਂ ਮਾਰਨ ਲੱਗ ਪਏ। ਇੱਕ ਟੂਲ ਦੀ ਫੁਲਕਾਰੀ ਉਹਨਾਂ ਪਾਸੇ ਕੱਢ ਕੇ ਰੱਖ ਦਿੱਤੀ। "ਲੈ, ਇਹ ਲੈ ਜਾਈਂ, ਤੂੰ ਆਪਣੀ ਕਮੀਜ਼ ਬਣਾਉਣ ਵਾਸਤੇ", ਕਹਿੰਦੇ ਹੋਏ ਉਹ ਫੁਲਕਾਰੀਆਂ ਅੰਦਰ ਸੰਦੂਕ ਵਿੱਚ ਰੱਖਣ ਚਲੇ ਗਏ।

## ਔਖੇ ਸ਼ਬਦਾਂ ਦੇ ਅਰਥ

| | | | | | |
|---|---|---|---|---|---|
| **ਵਿਸਾਰ** | : | ਭੁੱਲ | **ਅਚੰਭਾ** | : | ਹੈਰਾਨ ਕਰਨ ਵਾਲ਼ਾ |
| **ਸਬਾਤ** | : | ਛੱਤਦਾਰ ਰਸਤਾ ਜੋ ਦੋ ਕਮਰਿਆਂ ਨੂੰ ਮਿਲ਼ਾਏ | | | |
| **ਬੈਠਕ** | : | ਉਹ ਕਮਰਾ ਜਿੱਥੇ ਮਹਿਮਾਨਾਂ ਨੂੰ ਬਿਠਾਇਆ ਜਾਵੇ | | | |
| **ਗੁੰਝਲ਼ਦਾਰ** | : | ਔਖਾ | **ਤੋਪਾ** | : | ਟਾਂਕਾ |
| **ਕਸੀਦਾ** | : | ਕੱਪੜੇ 'ਤੇ ਸੂਈ ਨਾਲ਼ ਕੱਢੇ ਵੇਲ-ਬੂਟੇ | | | |
| **ਪੱਟ** | : | ਰੇਸ਼ਮ | **ਖੱਦਰ** | : | ਮੋਟਾ ਸੂਤੀ ਕੱਪੜਾ |
| **ਸੂਹਾ** | : | ਲਾਲ | **ਤੜਕੇ** | : | ਸਵੇਰੇ ਜਲਦੀ |
| **ਨਮੂਨੇ** | : | ਕਿਸੇ ਬਣੀ ਹੋਈ ਚੀਜ਼ ਵਰਗੀ ਨਵੀਂ ਚੀਜ਼ ਬਣਾਉਣਾ | | | |
| **ਦਸੂਤੀ** | : | ਉਹ ਕੱਪੜਾ ਜਿਸ ਵਿੱਚ ਦੋ ਧਾਗੇ ਇਕੱਠੇ ਪਾ ਕੇ ਕਢਾਈ ਕੀਤੀ ਜਾਵੇ | | | |
| **ਸੰਦੂਕ** | : | ਲੱਕੜ ਦੀ ਬਣੀ ਹੋਈ ਪੇਟੀ | | | |



Downloaded from https:// www.studiestoday.com

Downloaded from https:// www.studiestoday.com



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਹਰ ਖੇਤਰ ਦੇ ਪਹਿਰਾਵੇ ਵੱਖ-ਵੱਖ ਹੁੰਦੇ ਹਨ।
- ਫੁਲਕਾਰੀ ਪੰਜਾਬੀ ਸੱਭਿਆਚਾਰ ਵਿੱਚ ਸਗਨਾਂ ਦੀ ਚੀਜ਼ ਹੁੰਦੀ ਹੈ।
- ਮੁੰਡੇ ਦੇ ਵਿਆਹ ਸਮੇਂ ਘੋੜੀਆਂ ਗਾਈਆਂ ਜਾਂਦੀਆਂ ਹਨ ਅਤੇ ਕੁੜੀ ਦੇ ਵਿਆਹ ਸਮੇਂ ਸੁਹਾਗ।
- ਭੰਗੜਾ ਅਤੇ ਗਿੱਧਾ ਪੰਜਾਬੀਆਂ ਦੇ ਲੋਕ-ਨਾਚ ਹਨ।

## ਪਾਠ-ਅਭਿਆਸ



### ੳ. ਜ਼ਬਾਨੀ ਅਭਿਆਸ:

(1) ਪੁਰਾਣੇ ਸਮਿਆਂ ਵਿੱਚ ਫੁਲਕਾਰੀ ਕਿਉਂ ਨਹੀਂ ਵੇਚੀ ਜਾਂਦੀ ਸੀ ?

(2) ਜਿਸ ਫੁਲਕਾਰੀ ਵਿੱਚ ਕੱਪੜਾ ਨਾ ਦਿਸਦਾ ਹੋਵੇ, ਉਸ ਨੂੰ ਕੀ ਕਹਿੰਦੇ ਹਨ ?

(3) ਛੱਮਾਸ ਵਿੱਚ ਕੀ ਲੱਗਾ ਹੁੰਦਾ ਹੈ ?

(4) ਇਸ ਲੇਖ ਵਿੱਚ ਕਿੰਨੇ ਕਿਸਮਾਂ ਦੀਆਂ ਫੁਲਕਾਰੀਆਂ ਆਈਆਂ ਹਨ ?

### ਅ. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

1. ਘੁੰਗਟ-ਬਾਗ਼ ਵਿੱਚ ਕਿਹੋ-ਜਿਹੀ ਕਢਾਈ ਕੀਤੀ ਹੁੰਦੀ ਹੈ ?

.............................................................................................

.............................................................................................

.............................................................................................

2. ਤਿਲ਼-ਪੱਤਰਾ ਵਿੱਚ ਕੀਤੀ ਜਾਂਦੀ ਕਢਾਈ ਬਾਰੇ ਲਿਖੋ।

.............................................................................................

.............................................................................................

.............................................................................................



Downloaded from https:// www.studiestoday.com

Downloaded from https:// www.studiestoday.com

3. ਕੁੜੀਆਂ ਫੁਲਕਾਰੀ ਦੀ ਕਢਾਈ ਕਿਵੇਂ ਕਰਦੀਆਂ ਸਨ ?

..........................................................................................

..........................................................................................

..........................................................................................

**ਙ. ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਸ਼ੁੱਧ ਸ਼ਬਦਾਂ ਸਾਮ੍ਹਣੇ ✓ ਦਾ ਨਿਸ਼ਾਨ ਲਾਓ:**

| | | | | | |
|---|---|---|---|---|---|
| ਕਡਾਈ | ☐ | ਕਢਾਇ | ☐ | ਕਢਾਈ | ☐ |
| ਗੁੰਝਲ਼ਦਾਰ | ☐ | ਗੁੰਜਲਦਾਰ | ☐ | ਗੁੰਝਲਦਾਰ | ☐ |
| ਸਧਾਰਨ | ☐ | ਸਧਾਰਣ | ☐ | ਸਾਧਾਰਣ | ☐ |
| ਸੀਸਿਆਂ | ☐ | ਸ਼ੀਸ਼ਿਆਂ | ☐ | ਸੀਸ਼ਿਆਂ | ☐ |
| ਫੁਲਕਾਰੀ | ☐ | ਫੂਲਕਾਰੀ | ☐ | ਫਲਕਾਰੀ | ☐ |

**ਚ. ਹੇਠਾਂ ਦਿੱਤੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:**

1. ਸਗਨ ..........................................................................

2. ਸੁੱਭਰ ..........................................................................

3. ਰਿਵਾਜ ..........................................................................

4. ਨਮੂਨੇ ..........................................................................

5. ਸਫ਼ਾਈ ..........................................................................



Downloaded from https:// www.studiestoday.com

Downloaded from https:// www.studiestoday.com

ਕ. ਹੇਠਾਂ ਦਿੱਤੇ ਚਿੱਤਰ ਨੂੰ ਵੇਖ ਕੇ ਘੱਟੋ-ਘੱਟ 5 ਸਤਰਾਂ ਲਿਖੋ (ਸਮਝ-ਆਧਾਰਿਤ ਸਿਰਜਣਾਤਮਿਕ ਪਰਖ)।



........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................



Downloaded from https:// www.studiestoday.com

Downloaded from https:// www.studiestoday.com

ਖ. ਸਮਝ-ਆਧਾਰਿਤ ਸਿਰਜਣਾਤਮਿਕ ਪਰਖ:




## ਲੇਖ

**ਹੇਠਾਂ ਦਿੱਤੇ ਵੇਰਵੇ ਦੀ ਮਦਦ ਨਾਲ਼ 'ਸ੍ਰੀ ਗੁਰੂ ਨਾਨਕ ਦੇਵ ਜੀ' ਬਾਰੇ ਲੇਖ ਲਿਖੋ।**

ਸਿੱਖ ਧਰਮ ਦੇ ਮੋਢੀ, ਜਨਮ 1469 ਈ. ਰਾਇ-ਭੋਇ ਦੀ ਤਲਵੰਡੀ, ਪਿਤਾ ਸ੍ਰੀ ਮਹਿਤਾ ਕਾਲੂ ਅਤੇ ਮਾਤਾ ਸ੍ਰੀਮਤੀ ਤ੍ਰਿਪਤਾ ਦੇਵੀ, ਭੈਣ ਬੇਬੇ ਨਾਨਕੀ, ਪੰਜ ਸਾਲ ਦੀ ਉਮਰ ਵਿੱਚ ਪਾਂਧੇ ਕੋਲ਼ ਪੜ੍ਹਨ ਗਏ,ਪਾਂਧੇ ਨੂੰ ਹੈਰਾਨ ਕੀਤਾ,ਪਿਤਾ ਜੀ ਨੇ ਸੱਚਾ ਸੌਦਾ ਕਰਨ ਭੇਜਿਆ, ਵਿਆਹ ਬੀਬੀ ਸੁਲੱਖਣੀ ਜੀ ਨਾਲ਼, ਦੋ ਪੁੱਤਰ ਬਾਬਾ ਸ੍ਰੀ ਚੰਦ ਅਤੇ ਬਾਬਾ ਲਖਮੀ ਦਾਸ, ਭੈਣ ਬੇਬੇ ਨਾਨਕੀ ਪਾਸ ਜਾਣਾ, ਸੁਲਤਾਨਪੁਰ ਲੋਧੀ ਦੇ ਨਵਾਬ ਦੇ ਮੋਦੀਖ਼ਾਨੇ ਵਿੱਚ ਨੌਕਰੀ, ਗ਼ਰੀਬਾਂ,ਸਾਧੂਆਂ-ਸੰਤਾਂ ਅਤੇ ਲੋੜਵੰਦਾਂ ਦੀ ਮਦਦ, ਨੌਕਰੀ ਛੱਡ ਕੇ ਚਾਰ ਦਿਸ਼ਾਵਾਂ ਦੀ ਯਾਤਰਾ, ਮਨੁੱਖਤਾ ਨੂੰ ਸਾਦਾ ਜੀਵਨ ਜਿਉਂਣ,ਦਸਾਂ-ਨਹੁੰਆਂ ਦੀ ਕਿਰਤ ਕਰਨ,ਪਰਾਇਆ ਹੱਕ ਨਾ ਮਾਰਨ ਦੇ ਉਪਦੇਸ਼,ਇਸਤਰੀ ਜਾਤੀ ਦਾ ਸਨਮਾਨ ਕਰਨ ਦਾ ਉਪਦੇਸ਼, 70 ਸਾਲ ਦੀ ਉਮਰ ਵਿੱਚ 1539 ਈ. ਵਿੱਚ ਜੋਤੀ-ਜੋਤ ਸਮਾਏ।

..........................................................................................................

..........................................................................................................

..........................................................................................................

..........................................................................................................



Downloaded from https:// www.studiestoday.com

Downloaded from https:// www.studiestoday.com

.......................................................................................................................

.......................................................................................................................

.......................................................................................................................

.......................................................................................................................

.......................................................................................................................

.......................................................................................................................

.......................................................................................................................

.......................................................................................................................

.......................................................................................................................

.......................................................................................................................

.......................................................................................................................

.......................................................................................................................



Downloaded from https:// www.studiestoday.com

Downloaded from https:// www.studiestoday.com

ਪਾਠ - 14

# ਦਾਦੀ ਦੀ ਪੋਤਿਆਂ ਨੂੰ ਨਸੀਹਤ



ਤੁਸੀਂ ਹੋ ਸ਼ੇਰ ਬਹਾਦਰ ਦੂਲੇ, ਬਿਲਕੁਲ ਨਾ ਘਬਰਾਇਓ,
ਸੂਬੇ ਦੇ ਦਰਬਾਰ 'ਚ ਜਾ ਕੇ, ਗੱਜ ਕੇ ਫ਼ਤਿਹ ਬੁਲਾਇਓ।

ਤੁਸੀਂ ਹੋ ਗੋਬਿੰਦ ਸਿੰਘ ਦੇ ਜਾਏ, ਦਾਦਾ ਤੇਗ਼ ਬਹਾਦਰ,
ਦਿੱਲੀ ਦੇ ਵਿੱਚ ਸੀਸ ਵਾਰਿਆ, ਬਣ ਕੇ ਹਿੰਦ ਦੀ ਚਾਦਰ।
ਓਸੇ ਦੀ ਹੀ ਕੁਰਬਾਨੀ ਨੂੰ, ਅੱਗੇ ਹੋਰ ਵਧਾਇਓ,
ਸੂਬੇ ਦੇ ਦਰਬਾਰ 'ਚ ਜਾ ਕੇ ,

ਤੁਸੀਂ ਹੋ ਓਸ ਕੌਮ ਦੇ ਵਾਰਸ, ਜੋ ਕੰਬੇ ਨਾ ਡੋਲੇ,
ਦੇਗਾਂ ਦੇ ਵਿੱਚ ਉੱਬਲ਼ਦੇ ਵੀ, 'ਸਤਿਨਾਮ ' ਹੀ ਬੋਲੇ।
ਏਸ ਕੌਮ ਨੂੰ ਕੁਰਬਾਨੀ ਦਾ , ਜਜ਼ਬਾ ਨਵਾਂ ਸਿਖਾਇਓ,
ਸੂਬੇ ਦੇ ਦਰਬਾਰ –।



Downloaded from https:// www.studiestoday.com

Downloaded from https:// www.studiestoday.com



ਤੁਸੀਂ ਹੋ ਨਿੱਕੀਆਂ-ਨਿੱਕੀਆਂ ਜਿੰਦਾਂ, ਸਾਕਾ ਵੱਡਾ ਕਰਨਾ,
ਰਹਿੰਦੀ ਦੁਨੀਆਂ ਤੀਕਰ ਜਿਸ ਨੂੰ, ਜੱਗ ਨੇ ਯਾਦ ਹੈ ਕਰਨਾ।
ਨਵਾਂ ਕੋਈ ਇਤਿਹਾਸ ਸਿਰਜ ਕੇ, ਇਸ ਦੁਨੀਆਂ 'ਚੋਂ ਜਾਇਓ,
ਸੂਬੇ ਦੇ ਦਰਬਾਰ -।

ਪੁਰਜ਼ਾ-ਪੁਰਜ਼ਾ ਕਟ ਜਾਏ ਭਾਵੇਂ, ਅੱਖ 'ਚੋਂ ਨੀਰ ਨਾ ਚੋਵੇ,
ਸਿਰ ਜਾਂਦਾ ਤਾਂ ਬੇਸ਼ੱਕ ਜਾਵੇ, ਸਿਰ ਨੀਵਾਂ ਨਾ ਹੋਵੇ।
ਪਿਓ-ਦਾਦੇ ਦੀ ਆਨ-ਸ਼ਾਨ ਨੂੰ, ਕਿਧਰੇ ਦਾਗ਼ ਨਾ ਲਾਇਓ,
ਸੂਬੇ ਦੇ ਦਰਬਾਰ -।

ਲੱਖਾਂ ਲਾਲਚ ਦੇਵੇ ਸੂਬਾ, ਕਿਧਰੇ ਡੋਲ ਨਾ ਜਾਣਾ,
ਜਾਨੋਂ ਵੱਧ ਪਿਆਰੀ ਸਿੱਖੀ, ਇਸ ਨੂੰ ਦਾਗ਼ ਨਾ ਲਾਉਣਾ।
ਮਰਦੇ ਦਮ ਤੱਕ ਇਸ ਸਿੱਖੀ ਨੂੰ, ਸਾਹਾਂ ਨਾਲ਼ ਨਿਭਾਇਓ,
ਸੂਬੇ ਦੇ ਦਰਬਾਰ ।



Downloaded from https:// www.studiestoday.com

Downloaded from https:// www.studiestoday.com

ਲੱਖਾਂ ਲਾਡ ਲਡਾ ਕੇ ਦਾਦੀ, ਖ਼ੂਬ ਸਜਾਈ ਜੋੜੀ,
ਲਾੜੀ ਮੌਤ ਵਿਆਹੁਣ ਦੀ ਖ਼ਾਤਰ, ਅੱਜ ਚੜ੍ਹਨਾ ਹੈ ਘੋੜੀ।
ਬੱਚਿਓ ! ਅੱਜ ਤੁਸੀਂ ਮੌਤ ਰਾਣੀ ਨੂੰ, ਹੱਸ-ਹੱਸ ਕੇ ਪ੍ਰਣਾਇਓ,
ਸੂਬੇ ਦੇ ਦਰਬਾਰ 'ਚ ਜਾ ਕੇ, ਗੱਜ ਕੇ ਫ਼ਤਿਹ ਬੁਲਾਇਓ।

## ਔਖੇ ਸ਼ਬਦਾਂ ਦੇ ਅਰਥ

**ਦੂਲੇ** : ਬਹਾਦਰ, **ਗੱਜ ਕੇ** : ਉੱਚੀ ਅਵਾਜ਼ ਵਿੱਚ, **ਜਜ਼ਬਾ** : ਇੱਛਾ

**ਹਿੰਦ ਦੀ ਚਾਦਰ** : ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਕਿਹਾ ਜਾਂਦਾ ਹੈ ਕਿਉਂਕਿ ਉਹਨਾਂ ਨੇ ਹਿੰਦੂ ਧਰਮ ਦੀ ਰੱਖਿਆ ਖ਼ਾਤਰ ਕੁਰਬਾਨੀ ਦਿੱਤੀ ਸੀ।

**ਨਿੱਕੀਆਂ-ਨਿੱਕੀਆਂ ਜਿੰਦਾਂ** : ਛੋਟੇ-ਛੋਟੇ ਬੱਚੇ — **ਪ੍ਰਣਾਇਓ** : ਅਪਣਾਇਓ

**ਇਤਿਹਾਸ** : ਬੀਤੇ ਸਮੇਂ ਦੀਆਂ ਗੱਲਾਂ — **ਪੁਰਜ਼ਾ-ਪੁਰਜ਼ਾ** : ਅਲੱਗ-ਅਲੱਗ ਹਿੱਸੇ

**ਨੀਰ** : ਪਾਣੀ — **ਆਨ-ਸ਼ਾਨ** : ਮਾਣ-ਮਰਿਆਦਾ

**ਡੋਲ ਨਾ ਜਾਣਾ** : ਘਬਰਾਉਣਾ ਨਾ — **ਸਾਹਾਂ ਨਾਲ਼ ਨਿਭਾਉਣਾ** : ਮਰਦੇ ਦਮ ਤੱਕ



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਸਿੱਖ ਧਰਮ ਦੇ ਦਸ ਗੁਰੂ ਸਾਹਿਬਾਨ ਹਨ।
- ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ।
- ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ (ਸ.ਅਜੀਤ ਸਿੰਘ, ਸ.ਜੁਝਾਰ ਸਿੰਘ) ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ।
- ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ (ਸ.ਜ਼ੋਰਾਵਰ ਸਿੰਘ, ਸ.ਫ਼ਤਿਹ ਸਿੰਘ) ਨੂੰ ਸਰਹੰਦ ਦੇ ਨਵਾਬ ਵਜ਼ੀਰ ਖ਼ਾਨ ਦੁਆਰਾ ਜਿਉਂਦੇ ਹੀ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕੀਤਾ ਗਿਆ।

## ਪਾਠ-ਅਭਿਆਸ



### ੳ. ਜ਼ਬਾਨੀ ਅਭਿਆਸ:

(1) ਇਸ ਕਵਿਤਾ ਵਿੱਚ ਦਾਦੀ ਦਾ ਕੀ ਨਾਂ ਹੈ ?

(2) ਨੀਂਹਾਂ ਵਿੱਚ ਚਿਣੇ ਗਏ ਗੁਰੂ ਜੀ ਦੇ ਸਾਹਿਬਜ਼ਾਦਿਆਂ ਦੇ ਕੀ ਨਾਂ ਹਨ ?



Downloaded from https:// www.studiestoday.com

Downloaded from https:// www.studiestoday.com

(3) ਇਸ ਕਵਿਤਾ ਵਿੱਚ ਹਿੰਦ ਦੀ ਚਾਦਰ ਕਿਸ ਨੂੰ ਕਿਹਾ ਗਿਆ ਹੈ ?

(4) ਕਵਿਤਾ ਨੂੰ ਗਾ ਕੇ ਸੁਣਾਓ।

**ੲ. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:**

(1) ਦਾਦੀ ਨੇ ਪੋਤਿਆਂ ਨੂੰ ਉਹਨਾਂ ਦੇ ਪਿਤਾ ਅਤੇ ਦਾਦੇ ਬਾਰੇ ਕੀ ਦੱਸਿਆ ?

..........................................................................................

..........................................................................................

..........................................................................................

(2) ਬੱਚੇ ਕਿਹੋ-ਜਿਹੀ ਕੌਮ ਦੇ ਵਾਰਸ ਸਨ ?

..........................................................................................

..........................................................................................

..........................................................................................

(3) "ਨਿੱਕੀਆਂ ਜਿੰਦਾਂ,ਵੱਡਾ ਸਾਕਾ" ਕਿਸ ਇਤਿਹਾਸਿਕ ਘਟਨਾ ਨੂੰ ਕਿਹਾ ਗਿਆ ਹੈ ?

..........................................................................................

..........................................................................................

..........................................................................................

(4) ਪਿਓ-ਦਾਦੇ ਦੀ ਆਨ-ਸ਼ਾਨ ਨੂੰ ਕਾਇਮ ਰੱਖਣ ਲਈ ਦਾਦੀ ਨੇ ਬੱਚਿਆਂ ਨੂੰ ਕੀ ਸਿੱਖਿਆ ਦੇ ਕੇ ਤੋਰਿਆ ?

..........................................................................................

..........................................................................................

..........................................................................................



Downloaded from https:// www.studiestoday.com

Downloaded from https:// www.studiestoday.com

**ਸ. ਵਾਕਾਂ ਵਿੱਚ ਵਰਤੋ:**

ਨਿੱਕੀਆਂ ਜਿੰਦਾਂ ..........................................................................................

ਇਤਿਹਾਸ ..........................................................................................

ਹਿੰਦ ਦੀ ਚਾਦਰ ..........................................................................................

ਕੁਰਬਾਨੀ ..........................................................................................

ਸਾਕਾ ..........................................................................................

ਨੀਰ ..........................................................................................

ਦਾਗ਼ ..........................................................................................

ਆਨ-ਸ਼ਾਨ ..........................................................................................

**ਹ. ਵਿਰੋਧੀ ਸ਼ਬਦ ਲਿਖੋ:**

| | | | |
|---|---|---|---|
| ਬਹਾਦਰ | ................ | ਵਧਾਇਓ | ................ |
| ਨਵਾਂ | ................ | ਨਿੱਕੀਆਂ | ................ |
| ਵੱਡਾ | ................ | ਜਾਇਓ | ................ |
| ਜਾਂਦਾ | ................ | ਮੌਤ | ................ |
| ਚੜ੍ਹਨਾ | ................ | ਹੱਸਣਾ | ................ |

**ਕ. ਲੈਆਤਮਿਕ ਸਤਰਾਂ ਬਣਾਓ:**

.................................................................................. ਘਬਰਾਇਓ,

.................................................................................. ਬੁਲਾਇਓ।

.................................................................................. ਡੋਲੇ,

.................................................................................. ਬੋਲੇ।



Downloaded from https:// www.studiestoday.com

Downloaded from https:// www.studiestoday.com

ਖ. ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੇ ਨਾਂ ਲਿਖੋ (ਸਮਝ-ਆਧਾਰਿਤ ਸਿਰਜਣਾਤਮਿਕ ਪਰਖ):

1. ............................................................
2. ............................................................
3. ............................................................
4. ............................................................

ਗ. ਸਿੱਖ ਧਰਮ ਦੇ ਦਸ ਗੁਰੂ ਸਾਹਿਬਾਨ ਦੇ ਨਾਂ ਲਿਖੋ:

| | |
|---|---|
| .......................................... | .......................................... |
| .......................................... | .......................................... |
| .......................................... | .......................................... |
| .......................................... | .......................................... |
| .......................................... | .......................................... |



Downloaded from https:// www.studiestoday.com

Downloaded from https:// www.studiestoday.com

ਪਾਠ - 15

# ਰੇਸ਼ਮ ਦਾ ਕੀੜਾ

ਜਿਹੜੇ ਰੇਸ਼ਮੀ, ਚਮਕਦਾਰ ਕੱਪੜੇ ਅਸੀਂ ਪਾਉਂਦੇ ਹਾਂ, ਰੇਸ਼ਮੀ ਰੁਮਾਲਾਂ ਨੂੰ ਹੱਥ ਵਿੱਚ ਰੱਖਦੇ ਹਾਂ, ਕੀ ਤੁਹਾਨੂੰ ਪਤਾ ਹੈ ਕਿ ਇਹ ਕਿਸ ਚੀਜ਼ ਤੋਂ ਬਣਦੇ ਹਨ ? ਤੁਸੀਂ ਸ਼ਾਇਦ ਸੋਚੋਗੇ ਕਿ ਇਹ ਰੇਸ਼ਮੀ ਕੱਪੜਾ ਰੂੰ ਤੋਂ ਜਾਂ ਫਿਰ ਉੱਨ ਤੋਂ ਬਣਦਾ ਹੋਏਗਾ, ਪਰ ਨਹੀਂ, ਇਹ ਕੱਪੜਾ ਜਿਸ ਧਾਗੇ ਤੋਂ ਬਣਦਾ ਹੈ, ਉਸ ਨੂੰ ਇੱਕ ਜਿਉਂਦਾ ਕੀੜਾ ਬਣਾਉਂਦਾ ਹੈ, ਇਸ ਕੀੜੇ ਨੂੰ ਰੇਸ਼ਮ ਦਾ ਕੀੜਾ ਕਹਿੰਦੇ ਹਨ।

ਨਿੱਕੇ ਹੁੰਦਿਆਂ ਰੇਸ਼ਮ ਦਾ ਕੀੜਾ ਚੌਲ਼ ਦੇ ਦਾਣੇ ਜਿੰਨਾ ਹੁੰਦਾ ਹੈ। ਇਸ ਦੀ ਸ਼ਕਲ ਬੜੀ ਅਜੀਬ ਜਿਹੀ ਹੁੰਦੀ ਹੈ। ਸੋਲ਼ਾਂ-ਸੋਲ਼ਾਂ ਤਾਂ ਇਸ ਦੇ ਪੈਰ ਹੁੰਦੇ ਹਨ ਅਤੇ ਚੌਦਾਂ-ਚੌਦਾਂ ਅੱਖਾਂ। ਇਸ ਦੇ ਜਬਾੜ੍ਹਿਆਂ ਦੇ ਦੋਵੇਂ ਪਾਸੇ ਦੋ ਛੋਟੇ-ਛੋਟੇ ਸੁਰਾਖ਼ ਹੁੰਦੇ ਹਨ।

ਸਭ ਤੋਂ ਪਹਿਲਾਂ ਚੀਨ ਦੇ ਲੋਕਾਂ ਨੂੰ ਰੇਸ਼ਮ ਦੇ ਕੀੜੇ ਦਾ ਪਤਾ ਲੱਗਾ। ਇਸ ਲਈ ਰੇਸ਼ਮ ਦੇ ਕੀੜੇ ਤੋਂ ਰੇਸ਼ਮੀ ਕੱਪੜਾ ਬਣਾਉਣ ਵਿੱਚ ਪਹਿਲ ਚੀਨ ਨੇ ਹੀ ਕੀਤੀ। ਦੂਜੇ ਦੇਸਾਂ ਦੇ ਲੋਕਾਂ ਨੇ ਰੇਸ਼ਮੀ ਕੱਪੜੇ ਦਾ ਭੇਦ ਜਾਣਨ ਦੀ ਬਹੁਤ ਕੋਸ਼ਸ਼ ਕੀਤੀ ਪਰ ਚੀਨੀ ਲੋਕਾਂ ਨੇ ਇਹ ਭੇਦ ਨਾ ਖੁੱਲ੍ਹਣ ਦਿੱਤਾ। ਸੈਂਕੜੇ ਸਾਲਾਂ ਤੱਕ ਰੇਸ਼ਮ ਬਣਾਉਣ ਦਾ ਗੁਣ ਕੇਵਲ ਚੀਨੀਆਂ ਕੋਲ਼ ਹੀ ਰਿਹਾ।

ਇੱਕ ਵਾਰ ਚੀਨ ਦੇ ਇੱਕ ਬਾਦਸ਼ਾਹ ਦੀ ਸ਼ਹਿਜ਼ਾਦੀ ਦਾ ਵਿਆਹ ਕਿਸੇ ਹੋਰ ਦੇਸ ਦੇ ਰਾਜਕੁਮਾਰ ਨਾਲ਼ ਹੋ ਗਿਆ। ਜਦੋਂ ਸ਼ਹਿਜ਼ਾਦੀ ਆਪਣੇ ਸਹੁਰੇ-ਘਰ ਜਾਣ ਲੱਗੀ ਤਾਂ ਉਸ ਨੇ ਇੱਕ ਖੋਖਲ਼ੇ ਬਾਂਸ ਵਿੱਚ ਕੁਝ ਕੀੜੇ ਪਾਏ ਅਤੇ ਲੁਕੋ ਕੇ ਆਪਣੇ ਨਾਲ਼ ਲੈ ਗਈ। ਇਸ ਤਰ੍ਹਾਂ ਰੇਸ਼ਮ ਬਣਾਉਣ ਦਾ ਢੰਗ ਦੂਜੇ ਦੇਸਾਂ ਨੂੰ ਵੀ ਪਤਾ ਲੱਗ ਗਿਆ।

ਇਹ ਕੀੜਾ ਜਦੋਂ ਆਂਡੇ ਵਿੱਚੋਂ ਨਿਕਲ਼ਦਾ ਹੈ ਤਾਂ ਬਿਲਕੁਲ ਛੋਟਾ ਜਿਹਾ ਹੁੰਦਾ ਹੈ। ਪੈਦਾ ਹੁੰਦਿਆਂ ਸਾਰ ਹੀ ਇਹ ਵਧਣ ਲੱਗ ਜਾਂਦਾ ਹੈ। ਪੇਟੂ ਤਾਂ ਏਨਾ ਹੈ ਕਿ ਪੈਦਾ ਹੁੰਦੇ ਹੀ ਖਾਣਾ ਸ਼ੁਰੂ ਕਰ ਦਿੰਦਾ ਹੈ। ਦਰਖ਼ਤਾਂ ਦੀਆਂ ਨਰਮ-ਨਰਮ ਪੱਤੀਆਂ ਉਸ ਨੂੰ ਬਹੁਤ ਸੁਆਦ ਲੱਗਦੀਆਂ ਹਨ। ਸ਼ਹਿਤੂਤ ਇਸ ਕੀੜੇ ਦੀ ਮਨ-ਭਾਉਂਦੀ ਖ਼ੁਰਾਕ ਹੈ। ਮਹੀਨੇ ਡੇਢ ਮਹੀਨੇ ਦੀ ਆਪਣੀ ਪੂਰੀ ਉਮਰ ਵਿੱਚ ਇਹ ਕੀੜਾ ਲਗ-ਪਗ ਇੱਕ ਮਣ ਖ਼ੁਰਾਕ ਹਜ਼ਮ ਕਰ ਜਾਂਦਾ ਹੈ। ਇਹ ਬਹੁਤ ਤੇਜ਼ੀ ਨਾਲ਼ ਵਧਦਾ ਹੈ ।

ਜਦੋਂ ਇਹ ਕੀੜਾ ਸੱਤਾਂ ਦਿਨਾਂ ਦਾ ਹੋ ਜਾਂਦਾ ਹੈ ਤਾਂ ਇਹ ਏਨਾ ਵਧ ਜਾਂਦਾ ਹੈ ਕਿ ਇਸ ਦੇ ਜਿਸਮ ਦੀ ਖੱਲ ਛੋਟੀ ਹੋ ਜਾਂਦੀ ਹੈ ਅਤੇ ਇਹ ਆਪਣੀ ਖੱਲ ਪਾੜ ਕੇ ਇਹ ਉਸ ਵਿੱਚੋਂ ਬਾਹਰ ਨਿਕਲ਼ ਆਉਂਦਾ ਹੈ । ਦਸਵੇਂ ਦਿਨ ਇਸ ਦੀ ਦੂਸਰੀ ਖੱਲ ਵੀ ਛੋਟੀ ਹੋ ਜਾਂਦੀ ਹੈ ਅਤੇ ਇਹ ਇਸ ਨੂੰ ਵੀ ਲਾਹ ਸੁੱਟਦਾ ਹੈ। ਪੰਦ੍ਹਰਵੇਂ ਦਿਨ ਇਹ ਕੀੜਾ ਤੀਜੀ ਖੱਲ ਵੀ ਉਤਾਰ ਦਿੰਦਾ ਹੈ। ਤੀਹਵੇਂ ਦਿਨ ਇਹ ਵਧ ਕੇ ਕੋਈ ਤਿੰਨ ਕੁ ਇੰਚ ਲੰਮਾ ਹੋ ਜਾਂਦਾ ਹੈ। ਇਸ ਦੀ ਇਹ ਖੱਲ ਵੀ ਛੋਟੀ ਹੋ ਜਾਂਦੀ ਹੈ ਅਤੇ ਇਹ ਇਸ ਨੂੰ ਵੀ ਲਾਹ ਦਿੰਦਾ ਹੈ। ਇਸ ਸਮੇਂ ਦੌਰਾਨ



Downloaded from https:// www.studiestoday.com

Downloaded from https:// www.studiestoday.com

ਇਹ ਕੁਝ ਨਹੀਂ ਕਰਦਾ, ਬੱਸ ਖਾਂਦਾ ਹੀ ਰਹਿੰਦਾ ਹੈ। ਇਸ ਦੇ ਕੰਮ ਦਾ ਵਕਤ ਉਹ ਹੁੰਦਾ ਹੈ ਜਦੋਂ ਤੀਹਵੇਂ ਦਿਨ ਇਹ ਖ਼ੂਬ ਪੇਟ ਭਰ ਕੇ ਖਾ ਲੈਂਦਾ ਹੈ ਤੇ ਮਸਤ ਹੋ ਕੇ ਕਿਸੇ ਪੱਤੇ 'ਤੇ ਬੈਠ ਜਾਂਦਾ ਹੈ। ਹੁਣ ਇਹ ਅਪਣਾ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ। ਇਹ ਆਪਣੇ ਮੂੰਹ ਦੇ ਜਬਾੜ੍ਹਿਆਂ ਦੇ ਬਹੁਤ ਛੋਟੇ-ਛੋਟੇ ਸੁਰਾਖ਼ਾਂ ਵਿੱਚੋਂ ਇੱਕ ਤਾਰ ਕੱਢਣਾ ਸ਼ੁਰੂ ਕਰ ਦਿੰਦਾ ਹੈ। ਇਸ ਤਾਰ ਨੂੰ ਇਹ ਆਪਣੇ ਜਿਸਮ ਦੇ ਆਲ਼ੇ-ਦੁਆਲ਼ੇ ਲਪੇਟਦਾ ਰਹਿੰਦਾ ਹੈ। ਆਖ਼ਰ ਇਹਨਾਂ ਤਾਰਾਂ ਦੀ ਇੱਕ ਕੋਠੜੀ ਜਿਹੀ ਬਣ ਜਾਂਦੀ ਹੈ। ਆਪੇ ਬਣਾਈ ਤਾਰਾਂ ਦੀ ਇਸ ਕੋਠੜੀ ਵਿੱਚ ਇਹ ਬਿਲਕੁਲ ਬੰਦ ਹੋ ਜਾਂਦਾ ਹੈ।



ਸਾਰੀਆਂ ਤਾਰਾਂ ਕੱਢ ਲੈਣ ਤੋਂ ਬਾਅਦ ਇਹ ਬੇਹੋਸ਼ ਹੋ ਜਾਂਦਾ ਹੈ। ਇਸ ਬੇਹੋਸ਼ੀ ਦੀ ਹਾਲਤ ਵਿੱਚ ਇਸ ਦੀ ਆਖ਼ਰੀ ਖੱਲ ਵੀ ਉੱਤਰ ਜਾਂਦੀ ਹੈ । ਫਿਰ ਇਹ ਕੀੜਾ ਇੱਕ ਖ਼ੂਬਸੂਰਤ ਤਿਤਲੀ ਬਣ ਜਾਂਦਾ ਹੈ। ਜਦੋਂ ਇਸ ਨੂੰ ਹੋਸ਼ ਆਉਂਦੀ ਹੈ ਤਾਂ ਇਹ ਤਾਰਾਂ ਦੀ ਪੋਟੀ ਵਿੱਚੋਂ ਬਾਹਰ ਨਿਕਲ਼ਨਾ ਚਾਹੁੰਦਾ ਹੈ। ਉਹ ਆਪਣੇ ਮੂੰਹ ਦੇ ਰਸ ਨਾਲ਼ ਇਹਨਾਂ ਤਾਰਾਂ ਨੂੰ ਗਿੱਲਾ ਕਰ ਲੈਂਦਾ ਹੈ। ਇਹ ਤਾਰਾਂ ਨਰਮ ਹੋ ਜਾਂਦੀਆਂ ਹਨ ਤੇ ਟੁੱਟ ਜਾਂਦੀਆਂ ਹਨ। ਇਉਂ ਰਸਤਾ ਬਣਾ ਕੇ ਇਹ ਤਿਤਲੀ ਦੇ ਰੂਪ ਵਿੱਚ ਬਾਹਰ ਨਿਕਲ਼ ਆਉਂਦਾ ਹੈ। ਫੇਰ ਇਹ ਬੜੇ ਮਜ਼ੇ ਨਾਲ਼ ਬਾਹਰ ਉੱਡਦਾ ਫਿਰਦਾ ਹੈ। ਤਿਤਲੀ ਬਣ ਜਾਣ ਤੋਂ ਬਾਅਦ ਇਹ ਆਪਣਾ ਪਿਛਲਾ ਜੀਵਨ ਬਿਲਕੁਲ ਭੁੱਲ ਜਾਂਦਾ ਹੈ। ਹੁਣ ਇਹ ਆਂਡੇ ਦੇਣ ਤੋਂ ਬਿਨਾਂ ਕੋਈ ਹੋਰ ਕੰਮ ਨਹੀਂ ਕਰਦਾ। ਕੁਝ ਦਿਨਾਂ ਦੇ ਸੈਰ-ਸਪਾਟੇ ਤੋਂ ਬਾਅਦ ਇਹ ਮਰ ਜਾਂਦਾ ਹੈ ।

ਪਰ ਆਦਮੀ ਕੀੜੇ ਨੂੰ ਤਿਤਲੀ ਬਣਨ ਤੋਂ ਪਹਿਲਾਂ ਹੀ ਮਾਰ ਦਿੰਦਾ ਹੈ ਤਾਂਕਿ ਉਸ ਵੱਲੋਂ ਕੱਤੀ ਗਈ ਤਾਰਾਂ ਦੀ ਪੋਟਲ਼ੀ ਕਿਧਰੇ ਖ਼ਰਾਬ ਨਾ ਹੋ ਜਾਵੇ। ਜਦੋਂ ਕੀੜਾ ਸਾਰੇ ਤਾਰ ਕੱਢ ਲੈਂਦਾ ਹੈ ਅਤੇ ਕੋਠੜੀ ਵਿੱਚ ਬੰਦ ਹੋ ਕੇ ਬੇਹੋਸ਼ ਹੋ ਜਾਂਦਾ ਹੈ ਤਾਂ ਆਦਮੀ ਉਸ ਮੁੱਢੇ ਨੂੰ ਉਸੇ ਵਕਤ ਉਤਾਰ ਲੈਂਦਾ ਹੈ ਅਤੇ ਗਰਮ ਪਾਣੀ ਵਿੱਚ ਸੁੱਟ



Downloaded from https:// www.studiestoday.com

Downloaded from https:// www.studiestoday.com

ਦਿੰਦਾ ਹੈ। ਵਿਚਾਰਾ ਕੀੜਾ ਹੋਸ਼ ਵਿੱਚ ਆਉਣ ਤੋਂ ਪਹਿਲਾਂ ਹੀ ਮਰ ਜਾਂਦਾ ਹੈ । ਗਰਮੀ ਮਿਲ਼ ਜਾਣ ਕਰਕੇ ਇਹ ਤਾਰ ਵੀ ਅਲੱਗ-ਅਲੱਗ ਹੋ ਜਾਂਦੇ ਹਨ। ਇਸ ਤੋਂ ਬਾਅਦ ਕਈ-ਕਈ ਤਾਰਾਂ ਇਕੱਠੀਆਂ ਕਰ ਕੇ ਕੱਤ ਲਈਆਂ ਜਾਂਦੀਆਂ ਹਨ। ਇਸ ਤਰ੍ਹਾਂ ਰੇਸ਼ਮ ਦਾ ਬਹੁਤ ਬਰੀਕ ਧਾਗਾ ਤਿਆਰ ਹੋ ਜਾਂਦਾ ਹੈ। ਇਸ ਧਾਗੇ ਦਾ ਰੰਗ ਸੁਨਹਿਰੀ ਹੁੰਦਾ ਹੈ।

ਇਸ ਕੱਚੇ ਰੇਸ਼ਮ ਨੂੰ ਸਾਫ਼ ਕਰ ਕੇ ਕੱਪੜਾ ਬਣਾਉਣ ਦੇ ਯੋਗ ਬਣਾਇਆ ਜਾਂਦਾ ਹੈ। ਰੇਸ਼ਮ ਬਣਾਉਣ ਦੇ ਦੋ ਤਰੀਕੇ ਹਨ। ਇੱਕ ਤਾਂ ਇਹ ਕੱਪੜਾ ਖੱਡੀਆਂ ਨਾਲ਼ ਬਣਾਇਆ ਜਾਂਦਾ ਹੈ ਤੇ ਦੂਜਾ ਮਸ਼ੀਨਾਂ ਰਾਹੀਂ ਤਿਆਰ ਕੀਤਾ ਜਾਂਦਾ ਹੈ।

ਅੱਜ-ਕੱਲ੍ਹ ਰੇਸ਼ਮ ਪੈਦਾ ਕਰਨਾ ਉਦਯੋਗ ਬਣ ਗਿਆ ਹੈ। ਜਿਵੇਂ ਸੂਤ ਤਿਆਰ ਕਰਨ ਲਈ ਅਸੀਂ ਖੇਤਾਂ ਵਿੱਚ ਕਪਾਹ ਬੀਜਦੇ ਹਾਂ, ਊਨੀ ਕੱਪੜਾ ਤਿਆਰ ਕਰਨ ਲਈ ਭੇਡਾਂ ਪਾਲ਼ਦੇ ਹਾਂ, ਇਸੇ ਤਰ੍ਹਾਂ ਰੇਸ਼ਮ ਪ੍ਰਾਪਤ ਕਰਨ ਲਈ ਸ਼ਹਿਤੂਤ ਦੇ ਬਾਗ਼ ਲਾਏ ਜਾਂਦੇ ਹਨ। ਰੇਸ਼ਮ ਦਾ ਕੀੜਾ ਜ਼ਿਆਦਾ ਗਰਮੀ ਤੇ ਜ਼ਿਆਦਾ ਸਰਦੀ ਬਰਦਾਸ਼ਤ ਨਹੀਂ ਕਰ ਸਕਦਾ। ਸ਼ਹਿਤੂਤ ਦਾ ਦਰਖ਼ਤ ਵੀ ਅਜਿਹੀਆਂ ਥਾਂਵਾਂ ਉੱਤੇ ਵਧੇਰੇ ਹੁੰਦਾ ਹੈ ਜਿੱਥੇ ਨਾ ਜ਼ਿਆਦਾ ਗਰਮੀ ਤੇ ਨਾ ਜ਼ਿਆਦਾ ਸਰਦੀ ਹੋਵੇ।

ਅੱਜ-ਕੱਲ੍ਹ ਰੇਸ਼ਮ ਦੇ ਕੀੜੇ ਪਾਲਣ ਦਾ ਕੰਮ ਸਾਡੇ ਦੇਸ ਵਿੱਚ ਵੀ ਬਹੁਤ ਹੋ ਰਿਹਾ ਹੈ।

## ਔਖੇ ਸ਼ਬਦਾਂ ਦੇ ਅਰਥ

| | | | | | |
|---|---|---|---|---|---|
| **ਸੁਰਾਖ਼** | : | ਛੇਕ | **ਭੇਦ** | : | ਲੁਕੀ ਹੋਈ ਗੱਲ |
| **ਸ਼ਹਿਜ਼ਾਦੀ** | : | ਬਾਦਸ਼ਾਹ ਦੀ ਲੜਕੀ | **ਖੋਖਲੇ** | : | ਅੰਦਰੋਂ ਖ਼ਾਲੀ |
| **ਢੰਗ** | : | ਤਰੀਕਾ | **ਪੇਟੂ** | : | ਬਹੁਤਾ ਖਾਣ ਵਾਲ਼ਾ |
| **ਮਣ** | : | ਚਾਲ਼ੀ ਸੇਰ | **ਖੱਲ** | : | ਚਮੜੀ |
| **ਜਿਸਮ** | : | ਸਰੀਰ | **ਕੱਤੀ** | : | ਬਣਾਈ ਗਈ |
| **ਕੋਠੜੀ** | : | ਰਹਿਣ ਲਈ ਬਣੀ ਹੋਈ ਬੰਦ ਜਿਹੀ ਜਗ੍ਹਾ | | | |
| **ਮੁੱਢਾ** | : | ਦਰਖ਼ਤ ਦਾ ਇੱਕ ਹਿੱਸਾ | **ਉਦਯੋਗ** | : | ਕਾਰਖ਼ਾਨਾ |
| **ਸ਼ਹਿਤੂਤ** | : | ਦਰਖ਼ਤ ਦੀ ਇੱਕ ਕਿਸਮ | | | |



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਰੇਸ਼ਮ ਦੇ ਕੀੜੇ ਦੁਆਰਾ ਬਣਾਈ ਕੋਠੜੀ ਨੂੰ ਕੋਕੂਨ ਕਹਿੰਦੇ ਹਨ।
- 15 ਕੋਕੂਨ ਉਬਾਲ਼ ਕੇ ਕੇਵਲ 1 ਗ੍ਰਾਮ ਰੇਸ਼ਮ ਪ੍ਰਾਪਤ ਹੁੰਦਾ ਹੈ।
- ਰੇਸ਼ਮ ਦਾ ਉਤਪਾਦਨ ਚੀਨ ਅਤੇ ਭਾਰਤ ਵਿੱਚ ਵਧੇਰੇ ਹੁੰਦਾ ਹੈ।
- ਭਾਰਤ ਵਿੱਚ ਰੇਸ਼ਮ ਕਰਨਾਟਕ, ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਵਿੱਚ ਵਧੇਰੇ ਹੁੰਦਾ ਹੈ।



Downloaded from https:// www.studiestoday.com

Downloaded from https:// www.studiestoday.com

## ਪਾਠ-ਅਭਿਆਸ



### ੳ. ਜ਼ਬਾਨੀ ਅਭਿਆਸ:

(1) ਨਿੱਕੇ ਹੁੰਦਿਆਂ ਰੇਸ਼ਮ ਦਾ ਕੀੜਾ ਕਿਸ ਵਰਗਾ ਹੁੰਦਾ ਹੈ ?

(2) ਰੇਸ਼ਮ ਦੇ ਕੀੜੇ ਦੀ ਉਮਰ ਕਿੰਨੀ ਹੁੰਦੀ ਹੈ ?

(3) ਤਿਤਲੀ ਬਣ ਕੇ ਇਹ ਕੀੜਾ ਕੀ ਕਰਦਾ ਹੈ ?

(4) ਰੇਸ਼ਮ ਬਣਾਉਣ ਦੇ ਕਿੰਨੇ ਤਰੀਕੇ ਹਨ ?

### ਅ. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

**(1) ਰੇਸ਼ਮ ਦੇ ਕੀੜੇ ਦੀ ਸ਼ਕਲ ਕਿਹੋ-ਜਿਹੀ ਹੁੰਦੀ ਹੈ ?**

..........................................................................................

..........................................................................................

..........................................................................................

**(2) ਰੇਸ਼ਮ ਬਣਾਉਣ ਦਾ ਭੇਦ ਦੂਜੇ ਦੇਸਾਂ ਨੂੰ ਕਿਵੇਂ ਪਤਾ ਲੱਗਾ ?**

..........................................................................................

..........................................................................................

..........................................................................................

**(3) ਰੇਸ਼ਮ ਦਾ ਕੀੜਾ ਤਾਰਾਂ ਦੀ ਕੋਠੜੀ ਕਿਵੇਂ ਬਣਾਉਂਦਾ ਹੈ ?**

..........................................................................................

..........................................................................................

..........................................................................................

### ੲ. ਹੇਠ ਲਿਖੇ ਵਾਕਾਂ ਵਿੱਚੋਂ ਵਿਸ਼ੇਸ਼ਣ ਸ਼ਬਦਾਂ 'ਤੇ ਗੋਲ਼ਾ ਲਾਓ:

- ਅਸੀਂ ਰੇਸ਼ਮੀ ਰੁਮਾਲਾਂ ਨੂੰ ਹੱਥ ਵਿੱਚ ਰੱਖਦੇ ਹਾਂ।
- ਇਹ ਕੀੜਾ ਦਰਖ਼ਤਾਂ ਦੀਆਂ ਨਰਮ ਪੱਤੀਆਂ ਖਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

- ਦਸਵੇਂ ਦਿਨ ਇਸ ਦੀ ਦੂਸਰੀ ਖੱਲ ਵੀ ਛੋਟੀ ਹੋ ਜਾਂਦੀ ਹੈ।
- ਇਸ ਧਾਗੇ ਦਾ ਰੰਗ ਸੁਨਹਿਰੀ ਹੁੰਦਾ ਹੈ।

**ਸ. ਸਮਾਨਾਰਥਕ ਸ਼ਬਦਾਂ ਨੂੰ ਮਿਲ਼ਾਓ:**

| | |
|---|---|
| ਅਜੀਬ | ਕੋਮਲ |
| ਖ਼ੂਬਸੂਰਤ | ਵੱਧ |
| ਵਕਤ | ਅਨੋਖਾ |
| ਜ਼ਿਆਦਾ | ਸੁੰਦਰ |
| ਨਰਮ | ਸਮਾਂ |

**ਹ. ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਸ਼ੁੱਧ ਸ਼ਬਦਾਂ ਸ੍ਹਾਮਣੇ (✓) ਦਾ ਨਿਸ਼ਾਨ ਲਾਓ:**

| | | | | | |
|---|---|---|---|---|---|
| ਉਨ | ☐ | ਉੱਨ | ☐ | ਓੱਨ | ☐ |
| ਚੋਲ਼ | ☐ | ਚੌਲ | ☐ | ਚੌਲ਼ | ☐ |
| ਦਰਖਤ | ☐ | ਦਰਖ਼ਤ | ☐ | ਦਰੱਖ਼ਤ | ☐ |
| ਜਬਾੜਿਆਂ | ☐ | ਜਬ੍ਹਾੜਿਆਂ | ☐ | ਜਬਾੜ੍ਹਿਆਂ | ☐ |
| ਥਾਂਵਾਂ | ☐ | ਥਾਵਾ | ☐ | ਥਾਵਾਂ | ☐ |

**ਕ. ਔਖੇ ਸ਼ਬਦਾਂ ਦੀ ਬੋਲ-ਲਿਖ਼ਤ:**

..........................................................................................................

..........................................................................................................

..........................................................................................................

..........................................................................................................

..........................................................................................................



Downloaded from https:// www.studiestoday.com

Downloaded from https:// www.studiestoday.com

## ਖ. ਲੜੀਦਾਰ-ਕੜੀਦਾਰ ਸਿਰਜਣਾਤਮਿਕ ਪਰਖ:






Downloaded from https:// www.studiestoday.com

Downloaded from https:// www.studiestoday.com

ਪਾਠ - 16

# ਸਾਡਾ ਪਾਰਸ—ਸਾਡਾ ਪਾਤਸ਼ਾਹ

(ਲਾਹੌਰ ਸ਼ਹਿਰ ਦੇ ਵਿੱਚੋਂ ਮਹਾਰਾਜਾ ਰਣਜੀਤ ਸਿੰਘ ਦੀ ਸਵਾਰੀ ਲੰਘ ਰਹੀ ਹੈ। ਪਿੱਠ-ਭੂਮੀ ਤੋਂ ਸੰਗੀਤ ਦੀ ਅਵਾਜ਼ ਆਉਂਦੀ ਹੈ। ਇੱਕ ਪਾਸੇ ਤੋਂ ਬੱਚਿਆਂ ਦੇ ਰੌਲ਼ਾ ਪਾਉਣ ਦੀ ਅਵਾਜ਼ ਆਉਂਦੀ ਹੈ।)

ਬੱਚਾ (ਪਹਿਲਾ) : ਓਏ ਰੁਲ਼ਦੂ, ਲਿਆ ਢੀਮਾਂ। ਰੋੜੇ ਮਾਰ ਕੇ ਬੇਰੀ ਤੋਂ ਬੇਰ ਝਾੜੀਏ।

ਬੱਚਾ (ਦੂਜਾ) : (ਝੋਲ਼ੀ 'ਚੋਂ ਢੀਮਾਂ ਫੜਾਉਂਦਾ ਹੈ ) ਆਹ ਲੈ ਢੀਮ ਤੇ ਅਹੁ ਉਤਲੀ ਟਾਹਣੀ 'ਤੇ ਮਾਰ। ਵੇਖ ਕਿੱਡੇ ਸੋਹਣੇ ਬੇਰ ਆ। (ਮੁੰਡੇ ਢੀਮਾਂ ਮਾਰਦੇ ਨੇ 'ਤੇ ਇੱਕ ਢੀਮ ਮਹਾਰਾਜ ਦੇ ਵੱਜਦੀ ਹੈ। ਸਿਪਾਹੀ ਮੁੰਡੇ ਨੂੰ ਫੜਦੇ ਨੇ।)

ਸਿਪਾਹੀ : ਓਏ! ਤੂੰ ਮਹਾਰਾਜ ਦੇ ਢੀਮ ਕਿਉਂ ਮਾਰੀ ਏ ?

ਮੁੰਡਾ : ਮੈਂ ਮਹਾਰਾਜ ਦੇ ਥੋੜ੍ਹੀ ਢੀਮ ਮਾਰੀ ਏ! ਮੈਂ ਤਾਂ ਬੇਰੀ ਦੇ ਮਾਰੀ ਸੀ।

ਸਿਪਾਹੀ : ਕਿਉਂ ?

ਮੁੰਡਾ : ਬੇਰੀ ਤੋਂ ਬੇਰ ਝਾੜਨ ਲਈ, ਹੋਰ ਕਿਉਂ ?

ਸਿਪਾਹੀ : ਪਰ ਤੈਨੂੰ ਪਤਾ ? ਢੀਮ ਤਾਂ ਮਹਾਰਾਜ ਦੇ ਵੱਜੀ ਏ।

ਮੁੰਡਾ : ਮੈਂ ਕੋਈ ਜਾਣ-ਬੁੱਝ ਕੇ ਥੋੜ੍ਹੀ ਮਾਰੀ ਏ!

ਸਿਪਾਹੀ : ਚੱਲ ਤੁਰ ਫਿਰ, ਮਹਾਰਾਜ ਦੇ ਸਾਮ੍ਹਣੇ ਪੇਸ਼ ਹੋ।

(ਸਿਪਾਹੀ ਉਸ ਨੂੰ ਜ਼ਬਰਦਸਤੀ ਘਸੀਟਦਾ ਹੈ, ਮੁੰਡਾ ਰੋਂਦਾ ਹੈ!)

ਮਹਾਰਾਜ : ਕਿਉਂ ਬਈ! ਏਸ ਬੱਚੇ ਨੂੰ ਕਿਉਂ ਰੁਆਉਣ ਲੱਗੇ ਓ ?

ਸਿਪਾਹੀ : ਮਹਾਰਾਜ! ਏਸ ਬੱਚੇ ਨੇ ਤੁਹਾਨੂੰ ਢੀਮ ਮਾਰੀ ਸੀ।

(ਬੱਚਾ ਰੋਈ ਜਾ ਰਿਹਾ ਹੈ।)

ਮਹਾਰਾਜ : (ਮੁੰਡੇ ਨੂੰ ) ਬਈ ਰੋ ਨਾ, ਇਹ ਦੱਸ ਤੂੰ ਸਾਡੇ ਢੀਮ ਕਿਉਂ ਮਾਰੀ ?

ਮੁੰਡਾ : ਅਸੀਂ ਤਾਂ ਜੀ, ਬੇਰੀ 'ਤੇ ਮਾਰੀ ਸੀ, ਬੇਰ ਝਾੜਨ ਲਈ।

ਮਹਾਰਾਜ : (ਸਿਪਾਹੀ ਨੂੰ) ਏਸ ਬੱਚੇ ਨੂੰ ਪੰਜ ਸੋਨੇ ਦੀਆਂ ਮੋਹਰਾਂ ਦਿੱਤੀਆਂ ਜਾਣ।

ਸਿਪਾਹੀ : ਜੀ, ਮੋਹਰਾਂ ?

ਮਹਾਰਾਜ : ਹਾਂ ਬਈ, ਜੇ ਏਸ ਦੀ ਢੀਮ ਬੇਰੀ ਉੱਤੇ ਵੱਜਦੀ ਤਾਂ ਏਸ ਦੀ ਝੋਲ਼ੀ ਬੇਰਾਂ ਨਾਲ਼ ਭਰ



Downloaded from https:// www.studiestoday.com

Downloaded from https:// www.studiestoday.com

ਜਾਣੀ ਸੀ।ਹੁਣ ਢੀਮ ਸਾਡੇ ਵੱਜੀ ਏ।ਅਸੀਂ ਏਸ ਦੀ ਝੋਲ਼ੀ ਮੋਹਰਾਂ ਪਾਉਂਦੇ ਹਾਂ।(ਸਿਪਾਹੀ ਬੱਚੇ ਨੂੰ ਮੋਹਰਾਂ ਦਿੰਦਾ ਹੈ। ਬੱਚਾ ਖ਼ੁਸ਼ੀ ਨਾਲ਼ ਛਾਲ਼ਾਂ ਮਾਰਦਾ ਜਾਂਦਾ ਹੈ।ਮਹਾਰਾਜ ਦੀ ਸਵਾਰੀ ਅੱਗੇ ਤੁਰ ਜਾਂਦੀ ਹੈ)।



(ਇੱਕ ਦਿਨ ਮਹਾਰਾਜ ਦੀ ਸਵਾਰੀ ਆ ਰਹੀ ਹੁੰਦੀ ਹੈ। ਇੱਕ ਬੁੱਢੀ ਹੱਥ 'ਚ ਕਾਲ਼ਾ ਪਤੀਲਾ ਫੜੀ ਦੌੜੀ ਆਉਂਦੀ ਹੈ।)

ਬੁੱਢੀ : ਮੈਨੂੰ ਮੇਰੇ ਪਾਰਸ ਪਾਤਸ਼ਾਹ ਨਾਲ਼ ਮਿਲ਼ਾ ਦਿਓ। ਕਿੱਧਰ ਗਏ, ਮੇਰੇ ਪਾਰਸ ਪਾਤਸ਼ਾਹ ? ਮੈਂ ਤਾਂ ਘਰੋਂ ਕਾਹਲ਼ੀ-ਕਾਹਲ਼ੀ ਭੱਜੀ ਆਈ ਆਂ, ਕਿਤੇ ਮੇਰੇ ਪਾਤਸ਼ਾਹ ਲੰਘ ਨਾ ਜਾਣ।

ਸਿਪਾਹੀ : ਓ ਮਾਈ ! ਆਹ ਪਤੀਲਾ ਚੁੱਕੀ ਕਿੱਧਰ ਭੱਜੀ ਜਾਨੀ ਏਂ ?

ਬੁੱਢੀ : ਮੈਂ ਆਪਣੇ ਪਾਰਸ ਪਾਤਸ਼ਾਹ ਨੂੰ ਮਿਲ਼ਨਾ ਏ।

ਸਿਪਾਹੀ : ਤੂੰ ਆਹ ਕਾਲ਼ਾ ਜਿਹਾ ਪਤੀਲਾ ਲੈ ਕੇ ਨਹੀਂ ਮਿਲ਼ ਸਕਦੀ।



Downloaded from https:// www.studiestoday.com

Downloaded from https:// www.studiestoday.com

ਬੁੱਢੀ : ਕਿਉਂ, ਮੈਂ ਕਿਉਂ ਨਹੀਂ ਮਿਲ਼ ਸਕਦੀ ? ਉਹ ਪਾਰਸ ਪਾਤਸ਼ਾਹ ਤੇਰਾ ਨਹੀਂ, ਸਾਡਾ ਏ, ਲੋਕਾਂ ਦਾ ਏ।

ਸਿਪਾਹੀ : ਜੇ ਤੂੰ ਮਿਲ਼ਨਾ ਏਂ ਤਾਂ ਆਹ ਪਤੀਲਾ ਏਥੇ ਰੱਖ ਜਾ । ਇਸ ਨਾਲ਼ ਮਹਾਰਾਜ ਦੇ ਕੱਪੜੇ ਖ਼ਰਾਬ ਹੋਣਗੇ।

ਬੁੱਢੀ : ਨਹੀਂ, ਮੈਂ ਇਹ ਪਤੀਲਾ ਮਹਾਰਾਜ ਦੇ ਸਰੀਰ ਨੂੰ ਛੁਹਾਉਣਾ ਏ।

ਸਿਪਾਹੀ : ਹੈਂ ! ਤੇਰਾ ਦਿਮਾਗ਼ ਤਾਂ ਨਹੀਂ ਫਿਰ ਗਿਆ ?

ਬੁੱਢੀ : ਨਹੀਂ-ਨਹੀਂ, ਮੇਰਾ ਦਿਮਾਗ਼ ਨਹੀਂ ਫਿਰਿਆ। ਜਦੋਂ ਮੈਂ ਇਹ ਪਤੀਲਾ ਮਹਾਰਾਜ ਨੂੰ ਛੁਹਾਵਾਂਗੀ ਤਾਂ ਇਹ ਸੋਨੇ ਦਾ ਬਣ ਜਾਵੇਗਾ। (ਬੁੱਢੀ ਔਰਤ ਦੌੜ ਕੇ ਮਹਾਰਾਜ ਵੱਲ ਜਾਂਦੀ ਹੈ!) ਮਹਾਰਾਜ! ਮੇਰੇ ਪਾਰਸ ਪਾਤਸ਼ਾਹ! ਮੈਂ ਇਹ ਪਤੀਲਾ ਤੁਹਾਡੇ ਸਰੀਰ ਨਾਲ਼ ਛੁਹਾਉਣਾ ਏ।

ਸਿਪਾਹੀ : (ਦੌੜ ਕੇ ਬੁੱਢੀ ਨੂੰ ਫੜਦੇ ਨੇ) ਚੱਲ, ਪਰੇ ਹਟ!

ਮਹਾਰਾਜ : (ਸਿਪਾਹੀਆਂ ਨੂੰ) ਛੱਡ ਦਿਓ, ਇਸ ਨੂੰ। (ਬੁੱਢੀ ਵੱਲ ) ਕੀ ਗੱਲ ਏ, ਮਾਈ ?





Downloaded from https:// www.studiestoday.com

Downloaded from https:// www.studiestoday.com

ਬੁੱਢੀ : ਮੇਰੇ ਪਾਰਸ ਪਾਤਸ਼ਾਹ ! ਮੈਂ ਇਹ ਪਤੀਲਾ ਤੁਹਾਡੇ ਸਰੀਰ ਨਾਲ਼ ਛੁਹਾਉਣਾ ਏ। ਤੁਸੀਂ ਪਾਰਸ ਹੋ। ਇਹ ਪਤੀਲਾ ਪਿੱਤਲ਼ ਦਾ ਏ। ਤੁਹਾਡੀ ਛੂਹ ਨਾਲ਼ ਸੋਨੇ ਦਾ ਬਣ ਜਾਵੇਗਾ।

ਮਹਾਰਾਜ : (ਮੁਸਕਰਾਉਂਦੇ ਹੋਏ ਸਿਪਾਹੀ ਨੂੰ) ਏਸ ਮਾਈ ਦਾ ਪਤੀਲਾ ਸੋਨੇ ਦੀਆਂ ਮੋਹਰਾਂ ਨਾਲ਼ ਭਰ ਦਿਓ।

(ਸਿਪਾਹੀ ਉਸ ਦੇ ਪਤੀਲੇ 'ਚ ਮੋਹਰਾਂ ਪਾਉਂਦੇ ਨੇ)

ਬੁੱਢੀ : ਹੈਂ ! ਮੇਰਾ ਪਤੀਲਾ ਮੋਹਰਾਂ ਨਾਲ਼ ਭਰ ਗਿਆ ? ਮੇਰਾ ਮਹਾਰਾਜ ਤਾਂ ਸੱਚ-ਮੁੱਚ ਦਾ ਪਾਰਸ ਏ। ਧੰਨ ਓ ! ਤੁਸੀਂ ਮਹਾਰਾਜ, ਧੰਨ ਓ !

ਮਹਾਰਾਜ : ਮਾਈ ! ਮੈਂ ਧੰਨ ਨਹੀਂ, ਧੰਨ ਤਾਂ ਮੇਰੀ ਪਰਜਾ ਏ, ਜਿਸ ਨੇ ਮੈਨੂੰ ਪਾਰਸ ਬਣਾਇਆ ਏ। ਧੰਨ ! ਮੇਰੇ ਪਾਰਸ ਪਾਤਸ਼ਾਹ !

(ਬੁੱਢੀ ਖ਼ੁਸ਼ੀ - ਖ਼ੁਸ਼ੀ ਵਾਪਸ ਚਲੀ ਜਾਂਦੀ ਹੈ। )

(ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰ ਲੱਗਿਆ ਹੋਇਆ ਹੈ। ਮਹਾਰਾਜ ਦੇ ਨਾਲ਼ ਉਹਨਾਂ ਦੇ ਦਰਬਾਰੀ ਤੇ ਸਿਪਾਹੀ ਹਾਜ਼ਰ ਹਨ। )

ਮਹਾਰਾਜ : (ਸਿਪਾਹੀ ਨੂੰ) ਹੁਣ ਅਸੀਂ ਭੇਸ ਬਦਲ ਕੇ ਲੋਕਾਂ ਵਿੱਚ ਜਾਇਆ ਕਰਾਂਗੇ ਤੇ ਉਹਨਾਂ ਦੇ ਦੁੱਖਾਂ ਦੀ ਸਾਰ ਲਿਆ ਕਰਾਂਗੇ। ਲੋਕਾਂ ਵਿੱਚ ਐਲਾਨ ਕਰ ਦਿਓ ਕਿ ਸਭ ਗ਼ਰੀਬ-ਗ਼ੁਰਬੇ ਮੋਦੀਖ਼ਾਨੇ ਤੋਂ ਲੋੜ ਅਨੁਸਾਰ ਕਣਕ ਲੈ ਜਾਣ। (ਮਹਾਰਾਜਾ ਬਾਹਰ ਜਾਂਦੇ ਨੇ।)

ਸਿਪਾਹੀ : ਸੁਣੋ .......ਸੁਣੋ .....ਸੁਣੋ....... ਸਭ ਗ਼ਰੀਬ -ਗ਼ੁਰਬਿਆਂ ਲਈ ਮੋਦੀਖ਼ਾਨੇ ਤੋਂ ਕਣਕ ਵੰਡੀ ਜਾ ਰਹੀ ਹੈ। ਲੋੜਵੰਦ ਗ਼ਰੀਬ ਆਪਣੀ -ਆਪਣੀ ਲੋੜ ਅਨੁਸਾਰ ਮੋਦੀਖ਼ਾਨੇ ਤੋਂ ਕਣਕ ਲੈ ਲਓ, ਬਈ ......!

(ਸਿਪਾਹੀ ਜਾਂਦਾ ਹੈ।)

(ਦੂਜੇ ਪਾਸੇ ਤੋਂ ਇੱਕ ਬੱਚਾ ਤੇ ਬੁੱਢਾ ਕਣਕ ਦੀ ਭਾਰੀ ਪੰਡ ਘਸੀਟੀ ਆ ਰਹੇ ਹਨ।)

ਬੱਚਾ : ਦਾਦਾ ਜੀ ! ਇਹ ਕਣਕ ਦੀ ਪੰਡ ਘਰ ਕਿਵੇਂ ਲਿਜਾਵਾਂਗੇ ?

ਤੁਹਾਥੋਂ ਤਾਂ ਚੁੱਕੀ ਵੀ ਨਹੀਂ ਜਾਣੀ।

ਬੁੱਢਾ : ਆਹ ਵੇਖ, ਇੱਕ ਪਾਂਡੀ ਫਿਰਦਾ ਏ। ਮੈਂ ਉਹਨੂੰ ਵਾਜ ਮਾਰਦਾਂ। ਲੈ, ਉਹ ਤਾਂ ਆਪੇ ਹੀ ਸਾਡੇ ਵੱਲ ਆ ਰਿਹਾ ਏ।

(ਮਹਾਰਾਜ ਪਾਂਡੀ ਦੇ ਭੇਸ ਵਿੱਚ ਬੁੱਢੇ ਕੋਲ਼ ਆਉਂਦੇ ਨੇ।) ਲੈ ਬਈ, ਪਾਂਡੀ ਭਰਾਵਾ ! ਆਹ ਕਣਕ ਦੀ ਪੰਡ ਤਾਂ ਸਾਡੇ ਘਰ ਪੁਚਾ ਦੇ।



Downloaded from https:// www.studiestoday.com

Downloaded from https:// www.studiestoday.com

(ਕਣਕ ਦੀ ਪੰਡ ਪਾਂਡੀ ਸਿਰ 'ਤੇ ਚੁੱਕਦਾ ਹੈ। ਬੱਚਾ ਤੇ ਬੁੱਢਾ ਪੰਡ ਚੁਕਾਉਣ ਲਈ ਮਦਦ ਕਰਦੇ ਨੇ।)

(ਪਾਂਡੀ ਪੰਡ ਚੁੱਕ ਕੇ ਤੁਰਦਾ ਹੈ। ਪਿੱਛੋਂ ਗੀਤ ਦੇ ਬੋਲ ਸੁਣਾਈ ਦਿੰਦੇ ਹਨ।)



ਗੀਤ : ਅਹੁ ਪਾਂਡੀ ਜਾਂਦਾ ਏ, ਕਿਹਾ ਸੋਹਣਾ ਲੱਗਦਾ ਏ!
ਭਾਰੀ ਏ ਪੰਡ ਬੜੀ, ਪੈਂਡਾ ਵੀ ਚੋਖਾ ਏ।
ਪਾਂਡੀ ਦੇ ਪਿੰਡੇ ਵਿੱਚੋਂ, ਪਿਆ ਮੁੜ੍ਹਕਾ ਵਗਦਾ ਏ।
ਪੁੱਜ ਗਿਆ ਟਿਕਾਣੇ 'ਤੇ, ਬੁੱਢੇ ਦਾ ਘਰ ਆਇਆ।
ਪੰਡ ਸੁੱਟ ਕੇ ਮੁੜਿਆ ਜਾਂ, ਜਾਂ ਉੱਥੋਂ ਤੁਰਨ ਲੱਗਾ।
(ਪਾਂਡੀ ਪੰਡ ਹੇਠਾਂ ਰੱਖਦਾ ਹੈ ਤੇ ਤੁਰ ਪੈਂਦਾ ਹੈ।)

ਬੁੱਢਾ : ਓਏ, ਪਾਂਡੀ ਭਰਾਵਾ! ਆਪਣੀ ਮਜ਼ਦੂਰੀ ਤਾਂ ਲੈ ਜਾ!

ਮਹਾਰਾਜ : ਨਹੀਂ, ਮੈਂ ਮਜ਼ਦੂਰੀ ਨਹੀਂ ਲੈਂਦਾ।

ਬੁੱਢਾ : ਤਾਂ ਫਿਰ ਤੂੰ ਖਾਂਦਾ-ਪੀਂਦਾ ਕਿੱਥੋਂ ਏਂ? ਤੇਰਾ ਗੁਜ਼ਾਰਾ ਕਿਵੇਂ ਹੁੰਦਾ ਏ ?



Downloaded from https:// www.studiestoday.com

Downloaded from https:// www.studiestoday.com

ਮਹਾਰਾਜ : ਉਸ ਸੱਚੇ ਪਾਤਸ਼ਾਹ ਕਲਗੀਆਂ ਵਾਲ਼ੇ ਦੀ ਬਹੁਤ ਮਿਹਰ ਹੈ ।

: ਤੇਰਾ ਨਾਂ ਕੀ ਏ ?

ਮਹਾਰਾਜ : ਤੁਸੀਂ ਛੱਡੋ, ਨਾਂ 'ਚੋਂ ਕੀ ਲੈਣਾ ਏ ?

ਬੁੱਢਾ : ਨਹੀਂ-ਨਹੀਂ, ਫੇਰ ਵੀ ਨਾਂ ਤਾਂ ਦੱਸ ਜਾ! ਤੇਰੇ ਇਸ ਉਪਕਾਰ ਨੂੰ ਮੈਂ ਉਮਰ ਭਰ ਯਾਦ ਰੱਖਾਂਗਾ।

ਮਹਾਰਾਜ : ਮੇਰਾ ਨਾਂ ਰਣਜੀਤ ਸਿੰਘ ਏ।

ਬੁੱਢਾ : ਹੈਂ! ਮਹਾਰਾਜ ਰਣਜੀਤ ਸਿੰਘ ! ਮੈਨੂੰ ਮਾਫ਼ ਕਰਨਾ। ਮੈਥੋਂ ਗ਼ਲਤੀ ਹੋ ਗਈ। ਮੇਰੇ ਪਾਂਡੀ ਪਾਤਸ਼ਾਹ! ਮੈਨੂੰ ਖਿਮਾ ਕਰੋ।

ਮਹਾਰਾਜ : ਘਬਰਾ ਨਾ, ਬਾਬਾ! ਇਹ ਤਾਂ ਮੇਰਾ ਫ਼ਰਜ਼ ਬਣਦਾ ਏ ਕਿ ਮੈਂ ਆਪਣੀ ਪਰਜਾ ਦੀ ਸੇਵਾ ਕਰਾਂ।

ਬੁੱਢਾ : (ਪੈਰਾਂ 'ਤੇ ਝੁਕਦਾ ਹੈ ) ਧੰਨ! ਮੇਰੇ ਪਾਂਡੀ ਪਾਤਸ਼ਾਹ! ਧੰਨ ਹੋ! ਤੁਸੀਂ ਧੰਨ ਹੋ!

ਬੁੱਢੀ : (ਦੂਜੇ ਪਾਸੇ ਤੋਂ ਬੁੱਢੀ ਵੀ ਆ ਜਾਂਦੀ ਹੈ।)

ਧੰਨ! ਮੇਰੇ ਪਾਰਸ ਪਾਤਸ਼ਾਹ !

ਬੁੱਢਾ : ਧੰਨ! ਮੇਰੇ ਪਾਂਡੀ ਪਾਤਸ਼ਾਹ!

ਦੋਵੇਂ ਇਕੱਠੇ : ਜੁਗ-ਜੁਗ ਜੀਵੇ, ਸਾਡਾ ਪਾਰਸ ਪਾਂਡੀਪਾਤਸ਼ਾਹ! ਸਾਡਾ ਪਾਰਸ ਪਾਂਡੀਪਾਤਸ਼ਾਹ! ਸਾਡਾ ਦਿਆਲੂ ਸਾਡਾਪਾਰਸ ਪਾਂਡੀਪਾਤਸ਼ਾਹ!

## ਔਖੇ ਸ਼ਬਦਾਂ ਦੇ ਅਰਥ

| | | | | | |
|---|---|---|---|---|---|
| **ਢੀਮਾਂ** | : | ਮਿੱਟੀ ਦਾ ਢੇਲਾ | **ਮੋਹਰਾਂ** | : | ਸਿੱਕੇ |
| **ਪਾਰਸ** | : | ਲੋਹੇ ਨੂੰ ਸੋਨੇ ਵਿੱਚ ਬਦਲਣ ਵਾਲ਼ਾ ਇੱਕ ਪੱਥਰ | | | |
| **ਦਰਬਾਰੀ** | : | ਦਰਬਾਰ ਵਿੱਚ ਕੰਮ ਕਰਨ ਵਾਲ਼ਾ | | | |
| **ਐਲਾਨ** | : | ਘੋਸ਼ਣਾ/ਦੱਸਣਾ | **ਪਾਂਡੀ** | : | ਪੰਡ ਚੁੱਕਣ ਵਾਲ਼ਾ |
| **ਮੋਦੀਖ਼ਾਨਾ** | : | ਸਥਾਨਿਕ ਸਰਕਾਰ ਦਾ ਅੰਨ-ਭੰਡਾਰ, | | | |
| **ਪੈਂਡਾ** | : | ਰਸਤਾ | **ਮੁੜ੍ਹਕਾ** | : | ਪਸੀਨਾ |
| **ਕਲਗੀਆਂ ਵਾਲ਼ੇ** | : | ਸ੍ਰੀ ਗੁਰੂ ਗੋਬਿੰਦ ਸਿੰਘ ਜੀ, | **ਉਪਕਾਰ** | : | ਭਲਾ, **ਪਰਜਾ** : ਲੋਕ |



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਮਹਾਰਾਜਾ ਰਣਜੀਤ ਸਿੰਘ ਜੀ ਦਾ ਜਨਮ 13 ਨਵੰਬਰ,1780 ਨੂੰ ਗੁਜਰਾਂਵਾਲ਼ਾ, ਪਾਕਿਸਤਾਨ ਵਿੱਚ ਹੋਇਆ।
- ਇਹਨਾਂ ਦੇ ਪਿਤਾ ਸ. ਮਹਾਂ ਸਿੰਘ ਅਤੇ ਮਾਤਾ ਸ੍ਰੀਮਤੀ ਰਾਜ ਕੌਰ ਸਨ।



Downloaded from https:// www.studiestoday.com

Downloaded from https:// www.studiestoday.com

- ਇਹਨਾਂ ਦੀ ਇੱਕ ਅੱਖ ਬਿਮਾਰੀ ਕਾਰਨ ਖ਼ਰਾਬ ਹੋ ਗਈ ਸੀ।
- ਇਹਨਾਂ ਨੇ ਦਸ-ਗਿਆਰ੍ਹਾਂ ਸਾਲ ਦੀ ਉਮਰ ਵਿੱਚ ਪਹਿਲੀ ਲੜਾਈ ਲੜੀ ਸੀ।
- ਮਹਾਰਾਜਾ ਰਣਜੀਤ ਸਿੰਘ ਨੂੰ ਸ਼ੇਰੇ-ਪੰਜਾਬ ਕਿਹਾ ਜਾਂਦਾ ਹੈ।

## ਪਾਠ-ਅਭਿਆਸ



### ੳ. ਜ਼ਬਾਨੀ ਅਭਿਆਸ:

(1) ਮਹਾਰਾਜਾ ਰਣਜੀਤ ਸਿੰਘ ਜੀ ਦੀ ਸਵਾਰੀ ਕਿੱਥੋਂ ਲੰਘ ਰਹੀ ਸੀ ?

(2) ਪਾਂਡੀ ਦਾ ਕੀ ਅਰਥ ਹੈ ?

(3) ਮਹਾਰਾਜ ਨੂੰ ਪਾਰਸ ਕਿਉਂ ਕਿਹਾ ਜਾਂਦਾ ਹੈ ?

(4) ਮਹਾਰਾਜਾ ਰਣਜੀਤ ਸਿੰਘ ਨੂੰ ਹੋਰ ਕਿਸ ਨਾਂ ਨਾਲ਼ ਜਾਣਿਆ ਜਾਂਦਾ ਹੈ ?

### ਅ. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

(1) ਬੱਚੇ ਬੇਰੀ ਨੂੰ ਢੀਮਾਂ ਕਿਉਂ ਮਾਰ ਰਹੇ ਸਨ ?

..............................................................................................

..............................................................................................

..............................................................................................

(2) ਸਿਪਾਹੀ ਨੇ ਬੱਚੇ ਨੂੰ ਮਹਾਰਾਜ ਸਾਮ੍ਹਣੇ ਕਿਉਂ ਪੇਸ਼ ਕੀਤਾ ?

..............................................................................................

..............................................................................................

..............................................................................................

(3) ਮਹਾਰਾਜ ਨੇ ਬੱਚੇ ਦੀ ਝੋਲ਼ੀ ਵਿੱਚ ਕੀ ਪਾਇਆ ?

..............................................................................................

..............................................................................................

..............................................................................................



Downloaded from https:// www.studiestoday.com

Downloaded from https:// www.studiestoday.com

(4) ਬੁੱਢੀ ਮਾਈ ਮਹਾਰਾਜ ਨਾਲ਼ ਪਤੀਲਾ ਕਿਉਂ ਛੁਹਾਉਣਾ ਚਾਹੁੰਦੀ ਸੀ ?

..........................................................................................

..........................................................................................

..........................................................................................

(5) ਜਦੋਂ ਬੁੱਢਾ ਮਹਾਰਾਜ ਤੋਂ ਮਾਫ਼ੀ ਮੰਗਦਾ ਹੈ ਤਾਂ ਉਹ ਕੀ ਕਹਿੰਦੇ ਹਨ ?

..........................................................................................

..........................................................................................

..........................................................................................

**ੲ. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:**

ਬੇਰੀ: ..........................................................................................

ਮਹਾਰਾਜ: ..........................................................................................

ਢੀਮਾਂ: ..........................................................................................

ਪਤੀਲਾ: ..........................................................................................

ਮੋਹਰਾਂ: ..........................................................................................

**ਸ. ਹੇਠ ਲਿਖੇ ਵਾਕ ਕਿਸ ਨੇ, ਕਿਸ ਨੂੰ ਕਹੇ ?**

1. “ਓਏ! ਤੂੰ ਮਹਾਰਾਜ ਦੇ ਢੀਮ ਕਿਉਂ ਮਾਰੀ ਏ ?”

..........................................................................................

..........................................................................................

..........................................................................................

2. “ਛੱਡ ਦਿਓ,ਇਸ ਨੂੰ। ਕੀ ਗੱਲ ਏ, ਮਾਈ ?”

..........................................................................................

..........................................................................................

..........................................................................................



Downloaded from https:// www.studiestoday.com

Downloaded from https:// www.studiestoday.com

3. "ਦਾਦਾ ਜੀ ! ਇਹ ਕਣਕ ਦੀ ਪੰਡ ਘਰ ਕਿਵੇਂ ਲਿਜਾਵਾਂਗੇ ?"

..............................................................................................

..............................................................................................

..............................................................................................

4. "ਘਬਰਾ ਨਾ ਬਾਬਾ ! ਇਹ ਤਾਂ ਮੇਰਾ ਫ਼ਰਜ਼ ਬਣਦਾ ਏ ਕਿ ਮੈਂ ਆਪਣੀ ਪਰਜਾ ਦੀ ਸੇਵਾ ਕਰਾਂ ।"

..............................................................................................

..............................................................................................

..............................................................................................

**ਹ. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:**

| | | | |
|---|---|---|---|
| ਰੁਆਉਣਾ | ਹਸਾਉਣਾ | ਸਾਮ੍ਹਣੇ | ................ |
| ਖ਼ੁਸ਼ੀ | ................ | ਕਾਹਲ਼ੀ | ................ |
| ਭਰਿਆ | ................ | ਦੁੱਖ | ................ |
| ਬੁੱਢਾ | ................ | ਗ਼ਰੀਬ | ................ |

**ਕ. ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ:**

| | | | |
|---|---|---|---|
| ਦਾਦਾ | ਦਾਦੀ | ਬੱਚਾ | ................ |
| ਮਹਾਰਾਜ | ................ | ਮੁੰਡਾ | ................ |
| ਬੁੱਢੀ | ................ | ਭਰਾ | ................ |
| ਬਾਬਾ | ................ | ਮਰਦ | ................ |

**ਖ. ਹੇਠ ਲਿਖੀਆਂ ਸਤਰਾਂ ਵਿੱਚ ਢੁਕਵੇਂ ਵਿਸਰਾਮ-ਚਿੰਨ੍ਹ ਲਾਓ:**

1. ਢੀਮ ਤਾਂ ਮਹਾਰਾਜ ਦੇ ਵੱਜੀ ਏ

2. ਚੱਲ ਤੁਰ ਫਿਰ ਮਹਾਰਾਜ ਦੇ ਸਾਮ੍ਹਣੇ ਪੇਸ਼ ਹੋ



Downloaded from https:// www.studiestoday.com

Downloaded from https:// www.studiestoday.com

3. ਹੈਂ ਮੇਰਾ ਪਤੀਲਾ ਮੋਹਰਾਂ ਨਾਲ਼ ਭਰ ਗਿਆ

4. ਓਏ ਪਾਂਡੀ ਭਰਾਵਾ ਆਪਣੀ ਮਜ਼ਦੂਰੀ ਤਾਂ ਲੈ ਜਾ

5. ਤੁਸੀਂ ਛੱਡੋ ਨਾਂ ਚੋਂ ਕੀ ਲੈਣਾ ਏ

ਗ. ਆਪਣੀ ਸ਼੍ਰੇਣੀ ਵਿੱਚ ਇਕਾਂਗੀ ਦਾ ਮੰਚਨ ਕੀਤਾ ਜਾਵੇ।

ਆਪਣੇ ਸਕੂਲ ਦੇ ਮੁੱਖ ਅਧਿਆਪਕ/ਅਧਿਆਪਕਾ ਨੂੰ ਮਾਮੇ ਦੇ ਵਿਆਹ 'ਤੇ ਜਾਣ ਲਈ ਛੁੱਟੀ ਲੈਣ ਲਈ ਅਰਜ਼ੀ ਲਿਖੋ।

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................



Downloaded from https:// www.studiestoday.com

Downloaded from https:// www.studiestoday.com

.........................................................................................................................

.........................................................................................................................

.........................................................................................................................

.........................................................................................................................

.........................................................................................................................

.........................................................................................................................

**ਅਧਿਆਪਕ ਲਈ ਅਗਵਾਈ-ਲੀਹਾਂ:**

- ਵਿਦਿਆਰਥੀਆਂ ਨੂੰ ਵਿਸਰਾਮ-ਚਿੰਨ੍ਹਾਂ ਦਾ ਸੰਕਲਪ ਦੁਹਰਾਇਆ ਜਾਵੇਗਾ।



Downloaded from https:// www.studiestoday.com

Downloaded from https:// www.studiestoday.com

ਪਾਠ - 17

# ਹਿੰਦਵਾਸੀਆਂ ਨੂੰ ਅੰਤਿਮ ਸੰਦੇਸ਼



ਹਿੰਦਵਾਸੀਓ ਰੱਖਣਾ ਯਾਦ ਸਾਨੂੰ,
ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ।

ਖ਼ਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ,
ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ।

ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ,
ਦਿਲੀਂ ਵਤਨ ਦਾ ਇਸ਼ਕ ਜਗਾ ਜਾਣਾ।

ਦੇਸਵਾਸੀਓ ਚਮਕਣਾ ਚੰਦ ਵਾਂਗੂੰ,
ਕਿਤੇ ਬੱਦਲ਼ਾਂ ਹੇਠ ਨਾ ਆ ਜਾਣਾ।

ਕਰ ਕੇ ਦੇਸ ਦੇ ਨਾਲ ਧ੍ਰੋਹ ਯਾਰੋ,
ਦਾਗ਼ ਕੌਮ ਦੇ ਮੱਥੇ ਨਾ ਲਾ ਜਾਣਾ।



Downloaded from https:// www.studiestoday.com

Downloaded from https:// www.studiestoday.com

ਮੂਲ਼ਾ ਸਿੰਘ, ਕਿਰਪਾਲ, ਨਵਾਬ ਵਾਂਗੂੰ,
ਅਮਰ ਸਿੰਘ ਨਾ ਕਿਸੇ ਕਹਾ ਜਾਣਾ।



ਜੇਲ੍ਹਾਂ ਹੋਣ ਕਾਲਜ, ਵਤਨ-ਸੇਵਕਾਂ ਦੇ,
ਦਾਖ਼ਲ ਹੋ ਕੇ ਡਿਗਰੀਆਂ ਪਾ ਜਾਣਾ।

ਹੁੰਦੇ ਫ਼ੇਲ੍ਹ ਬਹੁਤੇ ਅਤੇ ਪਾਸ ਥੋੜ੍ਹੇ,
ਵਤਨਵਾਸੀਓ ਦਿਲ ਨਾ ਢਾਹ ਜਾਣਾ।

ਪਿਆਰੇ ਵੀਰਨੋ! ਚੱਲੇ ਹਾਂ ਅਸੀਂ ਜਿੱਥੇ,
ਏਸੇ ਰਸਤਿਓਂ ਤੁਸੀਂ ਵੀ ਆ ਜਾਣਾ।

## ਔਖੇ ਸ਼ਬਦਾਂ ਦੇ ਅਰਥ

| | | | | | |
|---|---|---|---|---|---|
| ਵਤਨ | : | ਦੇਸ | ਧ੍ਰੋਹ | : | ਧੋਖਾ |
| ਫਾਂਸੀ | : | ਰੱਸੀ ਨਾਲ਼ ਲਟਕਾ ਕੇ ਮੌਤ ਹੋਣ ਤੱਕ ਦਿੱਤੀ ਜਾਣ ਵਾਲ਼ੀ ਸਜ਼ਾ | | | |
| ਦਿਲੀਂ | : | ਦਿਲਾਂ ਵਿੱਚ | ਇਸ਼ਕ | : | ਪਿਆਰ |
| ਕੌਮ | : | ਰਾਸ਼ਟਰ | ਜੇਲ੍ਹ | : | ਕੈਦਖ਼ਾਨਾ |



Downloaded from https:// www.studiestoday.com

Downloaded from https:// www.studiestoday.com



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜੱਦੀ ਪਿੰਡ ਸਰਾਭਾ, ਜ਼ਿਲ੍ਹਾ ਲੁਧਿਆਣਾ ਵਿੱਚ ਹੈ।
- ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ 24 ਮਈ, 1896 ਵਿੱਚ ਹੋਇਆ।
- ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਮਾਤਾ ਸ੍ਰੀਮਤੀ ਸਾਹਿਬ ਕੌਰ ਅਤੇ ਪਿਤਾ ਸ. ਮੰਗਲ਼ ਸਿੰਘ ਸਨ।
- ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ 19 ਸਾਲ ਦੀ ਉਮਰ ਵਿੱਚ 16 ਨਵੰਬਰ, 1915 ਨੂੰ ਫਾਂਸੀ ਦਿੱਤੀ ਗਈ।

## ਪਾਠ-ਅਭਿਆਸ



### ੳ. ਜ਼ਬਾਨੀ ਅਭਿਆਸ:

(1) ਇਹ ਕਵਿਤਾ ਕਿਸ ਨੇ ਲਿਖੀ ਹੈ ?

(2) ਸ.ਕਰਤਾਰ ਸਿੰਘ ਸਰਾਭਾ ਦਾ ਜਨਮ ਕਿੱਥੇ ਹੋਇਆ ਸੀ ?

(3) ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਕਿਉਂ ਹੋਈ ਸੀ ?

(4) ਕਵਿਤਾ ਨੂੰ ਗਾ ਕੇ ਸੁਣਾਓ।

### ਅ. ਹੇਠ ਲਿਖੀਆਂ ਸਤਰਾਂ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:

- **ਖ਼ਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ,ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ।**

(1) ਫਾਂਸੀ ਉੱਤੇ ਕੌਣ ਚੜ੍ਹਨ ਲੱਗੇ ਸਨ ਤੇ ਕਿਉਂ ?

.......................................................................................................

.......................................................................................................

.......................................................................................................

- **ਹੁੰਦੇ ਫ਼ੇਲ੍ਹ ਬਹੁਤੇ ਅਤੇ ਪਾਸ ਥੋੜ੍ਹੇ, ਵਤਨਵਾਸੀਓ ਦਿਲ ਨਾ ਢਾਹ ਜਾਣਾ।**

(2) ਵਤਨਵਾਸੀਆਂ ਨੂੰ ਕੀ ਕਿਹਾ ਗਿਆ ਹੈ ?

.......................................................................................................

.......................................................................................................

.......................................................................................................



Downloaded from https:// www.studiestoday.com

Downloaded from https:// www.studiestoday.com

- **ਪਿਆਰੇ ਵੀਰਨੋ ਚੱਲੇ ਹਾਂ ਅਸੀਂ ਜਿੱਥੇ,ਏਸੇ ਰਸਤਿਓਂ ਤੁਸੀਂ ਵੀ ਆ ਜਾਣਾ।**

(3) ਇਸ ਵਿੱਚ ਕਿਹੜੇ ਰਸਤੇ ਦੀ ਗੱਲ ਕੀਤੀ ਗਈ ਹੈ ?

..........................................................................................

..........................................................................................

..........................................................................................

**ੲ. ਹੇਠਾਂ ਲਿਖੇ ਸ਼ਬਦਾਂ ਦੇ ਅਰਥ ਲਿਖੋ:**

| | | | |
|---|---|---|---|
| ਵਤਨ | ..................... | ਧ੍ਰੋਹ | ..................... |
| ਇਸ਼ਕ | ..................... | ਦਿਲੀਂ | ..................... |
| ਫਾਂਸੀ | ..................... | ਕੌਮ | ..................... |

**ਸ. ਹੇਠ ਲਿਖੇ ਸ਼ਬਦਾਂ ਦੇ ਸ਼ਬਦ-ਜੋੜ ਸ਼ੁੱਧ ਕਰ ਕੇ ਲਿਖੋ:**

| | | | |
|---|---|---|---|
| ਹਿਦ | .......................... | ਚੜਨ | .......................... |
| ਮੋਤ | .......................... | ਬਦਲ | .......................... |
| ਵਾਗੂ | .......................... | ਜੇਲਾਂ | .......................... |
| ਫ਼ੇਲ੍ਹ | .......................... | ਥੋੜੇ | .......................... |

**ਹ. ਵਾਕਾਂ ਵਿੱਚ ਵਰਤੋ :**

ਵਤਨ ..........................................................................................

ਧ੍ਰੋਹ ..........................................................................................

ਦਾਗ਼ ..........................................................................................

ਸੇਵਕ ..........................................................................................



Downloaded from https:// www.studiestoday.com

Downloaded from https:// www.studiestoday.com

ਕ. ਹੇਠਾਂ ਦਿੱਤੇ ਚਿੱਤਰ ਵਿੱਚ ਰੰਗ ਭਰੋ :





Downloaded from https:// www.studiestoday.com

Downloaded from https:// www.studiestoday.com

## ਲੇਖ

### ਅੱਖੀਂ ਡਿੱਠਾ ਮੇਲਾ

........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................



Downloaded from https:// www.studiestoday.com

Downloaded from https:// www.studiestoday.com

ਪਾਠ-18

# ਕਹੀ ਹੱਸ ਪਈ

"ਮੈਂ ਹੁਣ ਰੁੱਖ ਨਹੀਂ ਵੱਢ ਸਕਦਾ", ਕੁਹਾੜਾ ਬੋਲਿਆ। ਆਪਣੇ ਹੱਥ ਵਿੱਚ ਫੜੇ ਕੁਹਾੜੇ ਦੀ ਗੱਲ ਸੁਣ ਕੇ ਅਮਰੀਕ ਸਿੰਘ ਸੋਚੀਂ ਪੈ ਗਿਆ। ਅਮਰੀਕ ਸਿੰਘ ਅੱਜ ਸਵਖਤੇ ਹੀ ਕਹੀ, ਕੁਹਾੜਾ, ਆਰੀ, ਰੱਸੇ ਤੇ ਹੋਰ ਲੋੜੀਂਦਾ ਸਮਾਨ ਲੈ ਕੇ ਖੇਤ ਆ ਗਿਆ ਸੀ। ਇਹ ਨਿੰਮ ਦਾ ਰੁੱਖ ਹਰ ਸਾਲ ਕਣਕ ਤੇ ਝੋਨੇ ਦੀ ਵਢਾਈ ਵੇਲ਼ੇ ਉਸ ਦੀ ਕੰਬਾਈਨ ਨੂੰ ਅੜਿੱਕਾ ਲਾਉਂਦਾ ਸੀ। ਪੂਰੇ ਖੇਤ ਵਿੱਚ ਕੰਬਾਈਨ ਨੂੰ ਬੇਰੋਕ ਚਲਾਉਣ ਲਈ ਅਮਰੀਕ ਸਿੰਘ ਨੇ ਇਸ ਰੁੱਖ ਨੂੰ ਵੱਢਣ ਦਾ ਇਰਾਦਾ ਬਣਾਇਆ ਸੀ। ਕੁਹਾੜੇ ਦੇ ਬੋਲਣਸਾਰ ਹੀ ਉਹ ਡਰ ਗਿਆ।

"ਪਤਾ ਨਹੀਂ, ਕੀ ਸ਼ੈ ਬੋਲਦੀ ਐ!" ਉਸ ਦੇ ਡਰ ਨਾਲ਼ ਕੰਬਦੇ ਹੱਥਾਂ ਵਿੱਚੋਂ ਕੁਹਾੜਾ ਡਿੱਗ ਪਿਆ। ਉਹ ਤ੍ਰਭਕ ਕੇ ਪਿੱਛੇ ਨੂੰ ਹਟਦਾ ਹੋਇਆ ਕੁਹਾੜੇ ਨੂੰ ਬੋਲਿਆ, "ਕੀ ਗੱਲ! ਤੂੰ ਰੁੱਖ ਕਿਉਂ ਨਹੀਂ ਵੱਢ ਸਕਦਾ ? ਕੀ ਤੇਰੀ ਧਾਰ ਤਿੱਖੀ ਨਹੀਂ ?"

"ਧਾਰ ਤਾਂ ਮੇਰੀ ਬੜੀ ਤੇਜ਼ ਹੈ ਪਰ ਇਹ ਰੁੱਖ ਵੱਢਣ ਲਈ ਨਹੀਂ," ਕੁਹਾੜਾ ਧੀਰਜ ਨਾਲ਼ ਬੋਲਿਆ।

"ਮੇਰਾ ਖੇਤ ਐ, ਮੇਰੇ ਦਾਦੇ ਦਾ ਲਾਇਆ ਰੁੱਖ ਐ। ਤੈਨੂੰ ਦੱਸ, ਕੀ ਤਕਲੀਫ਼ ਐ ?" ਅਮਰੀਕ ਸਿੰਘ ਨੇ ਆਪਣਾ ਹੱਕ ਜਤਾਇਆ।

"ਤਕਲੀਫ਼ ਤਾਂ ਭਾਈ ਇਹ ਐ ਕਿ ਖੇਤ 'ਚ ਇੱਕੋ ਰੁੱਖ ਰਹਿ ਗਿਐ। ਜੇ ਇਹ ਵੀ ਵੱਢ ਦਿੱਤਾ ਤਾਂ ਪੰਛੀ ਆਲ੍ਹਣੇ ਕਿੱਥੇ ਪਾਉਣਗੇ ? ਆਂਡੇ ਕਿੱਥੇ ਦੇਣਗੇ ? ਮੀਂਹ - ਹਨੇਰੀ ਵਿੱਚ ਕੀ ਬਣੂ ਉਹਨਾਂ ਦਾ ?" ਕੁਹਾੜੇ ਨੇ ਨਿੰਮ ਦੇ ਫੁੱਲੇ-ਫਲ਼ੇ ਰੁੱਖ ਨੂੰ ਬਚਾਉਣ ਲਈ ਆਪਣਾ ਪੱਖ ਦੱਸਿਆ। ਕੁਹਾੜੇ ਦੀ ਗੱਲ ਸੁਣ ਕੇ ਸੋਚਾਂ ਵਿੱਚ ਪਿਆ ਅਮਰੀਕ ਸਿੰਘ ਖੇਤ ਦੀ ਵੱਟ ਉੱਤੇ ਬੈਠ ਗਿਆ। ਏਨੇ ਨੂੰ ਦਲੀਪ ਤੇ ਸੋਹਣਾ ਵੀ ਆ ਗਏ।

"ਚੱਲ ਬਈ, ਚਾਚਾ! ਤੇਰੀ ਇਸ ਨਿੰਮ ਨੂੰ ਵੱਢ ਸੁੱਟੀਏ।" ਸੋਹਣ ਨੇ ਆਉਣਸਾਰ ਹੀ ਕਹੀ ਨੂੰ ਹੱਥ ਪਾ ਲਿਆ। ਸੋਹਣ ਅਜੇ ਨਿੰਮ ਦੇ ਆਲ਼ੇ-ਦੁਆਲ਼ੇ ਗੇੜਾ ਦੇ ਕੇ ਉਸ ਦੀਆਂ ਜੜ੍ਹਾਂ ਨੰਗੀਆਂ ਕਰਨ ਲਈ ਤਿਆਰ ਹੀ ਹੋਇਆ ਸੀ ਕਿ ਕਹੀ ਬੋਲ ਪਈ, "ਸੋਹਣ ਸਿੰਆਂ, ਨਿੰਮ ਦੀਆਂ ਜੜ੍ਹਾਂ ਦੁਆਲ਼ਿਓਂ ਮੈਂ ਮਿੱਟੀ ਨਹੀਂ ਪੁੱਟਣੀ।"

ਸੋਹਣ ਸਿੰਘ ਨੂੰ ਕੁਝ ਨਾ ਸੁੱਝਿਆ। ਉਹ ਡੌਰ-ਭੌਰ ਹੋਇਆ ਆਲ਼ੇ-ਦੁਆਲ਼ੇ ਦੇਖਣ ਲੱਗ ਪਿਆ। "ਚਾਚਾ! ਕਹੀ ਬੋਲਦੀ ਐ ?" ਉਹ ਹੈਰਾਨ-ਪਰੇਸ਼ਾਨ ਹੋਇਆ ਅਮਰੀਕ ਸਿੰਘ ਕੋਲ਼ ਆ ਗਿਆ।

"ਬੋਲਦੀ ਐ, ਕਹੀ! ਤੇਰੀ........ ਕੰਮ ਕਰਨ ਦੀ ਨੀਤ ਨਹੀਂ ਤੇਰੀ, ਆਉਣਸਾਰ ਬਹਾਨੇ ਬਣਾਉਣ ਲੱਗ ਪਿਆਂ।" ਦਲੀਪ ਸਿੰਘ ਨੇ ਸਿਰ ਉੱਤੇ ਪੱਗ ਲਪੇਟ ਕੇ ਉਸ ਦੇ ਹੱਥੋਂ ਕਹੀ ਫੜ ਲਈ।

"ਸੱਚੀਂ, ਮੈਂ ਕਿਤੇ ਝੂਠ ਬੋਲਦਾਂ ? ਮੈਨੂੰ ਅਵਾਜ਼ ਪਈ ਐ।"



Downloaded from https:// www.studiestoday.com

Downloaded from https:// www.studiestoday.com

"ਓਏ ਡਰਾਕਲ਼ਾ! ਆ ਜਾ, ਮੈਂ ਦੇਖਦਾਂ ।" ਦਲੀਪ ਕਹੀ ਮੋਢੇ ਉੱਤੇ ਰੱਖ ਕੇ ਨਿੰਮ ਕੋਲ਼ ਆ ਗਿਆ। ਏਨੇ ਨੂੰ ਕਹੀ ਬੋਲ ਪਈ, "ਦਲੀਪ ਭਾਈ! ਚਲਾਈਂ ਨਾ, ਮੈਂ ਨੀ ਪੁੱਟਣੀ ਮਿੱਟੀ।"

"ਆ ਜਾ, ਭਾਈ ਦਲੀਪ! ਪਹਿਲਾਂ ਕੁਹਾੜੇ ਨੇ ਵੀ ਮੈਨੂੰ ਜਵਾਬ ਦੇ ਦਿੱਤਾ। ਮੈਂ ਤਾਂ ਸੋਚਦਾ ਸੀ, ਇਹ ਮੇਰਾ ਵਹਿਮ ਐ ਪਰ ਹੁਣ ਕਹੀ ਨੇ ਵੀ ਜਵਾਬ ਦੇ ਦਿੱਤਾ।"

"ਬੱਸ ਚਾਚਾ! ਹੁਣ ਤਾਂ ਨਿੰਮ ਈ ਬੋਲਣੋਂ ਰਹਿ ਗਈ, ਬਈ, ਮੈਨੂੰ ਨਾ ਵੱਢਿਓ," ਸੋਹਣ ਨੇ ਨਿੰਮ ਵੱਲ ਨੂੰ ਹੱਥ ਕਰ ਕੇ ਕਿਹਾ। ਸੋਹਣ ਦੇ ਏਨਾ ਕਹਿਣ ਦੀ ਦੇਰ ਸੀ ਕਿ ਨਿੰਮ ਬੋਲ ਪਈ, "ਹਾਂ ਭਾਈ ਸੋਹਣ! ਮੈਨੂੰ ਨਾ ਵੱਢਿਓ।" ਇਹ ਅਵਾਜ਼ ਸੁਣ ਕੇ ਸਭ ਨੂੰ ਤਰੇਲ਼ੀਆਂ ਆਉਣ ਲੱਗ ਪਈਆਂ ।

"ਓ ਚਾਚਾ! ਜ਼ਰੂਰ ਕੋਈ ਗੱਲ ਐ, ਨਿੰਮ ਵੀ ਗੱਲਾਂ ਕਰਦੀ ਐ। ਨਿੰਮ ਨੂੰ ਵੱਢਣ ਵਾਲ਼ੇ ਸੰਦ ਵੀ ਬੋਲਦੇ ਐ, ਇੱਥੋਂ ਭੱਜ ਲਓ।" ਦਲੀਪ ਤੇ ਸੋਹਣਾ ਭੱਜਣ ਲਈ ਤਿਆਰ ਖੜ੍ਹੇ ਸਨ।

"ਠਹਿਰੋ! ਭਾਈ ਠਹਿਰੋ! ਗੱਲ ਦੀ ਸਮਝ ਤਾਂ ਆਵੇ ਕੋਈ ? ਅਮਰੀਕ ਸਿੰਘ ਨੇ ਉੱਠ ਕੇ ਨਿੰਮ ਦੇ ਆਲ਼ੇ-ਦੁਆਲ਼ੇ ਗੇੜਾ ਦਿੱਤਾ। ਬਾਬਾ ਬਾਤਾਂ ਤਾਂ ਪਾਉਂਦਾ ਹੁੰਦਾ ਸੀ। ਉਸ ਦੀਆਂ ਬਾਤਾਂ ਵਿੱਚ ਪਸ਼ੂ, ਪੰਛੀ ਤੇ ਜਾਨਵਰ ਗੱਲਾਂ ਕਰਦੇ ਹੁੰਦੇ ਸਨ ਪਰ ਕਹੀ, ਕੁਹਾੜਾ ਤੇ ਰੁੱਖ ਤਾਂ ਮੈਂ ਪਹਿਲੀ ਵਾਰੀ ਬੋਲਦੇ ਸੁਣੇ ਨੇ।" ਉਹ ਮੂੰਹ ਵਿੱਚ ਬੁੜਬੜਾਉਂਦਾ ਨਿੰਮ ਦੇ ਤਣੇ ਉੱਤੇ ਹੱਥ ਧਰ ਕੇ ਉੱਪਰ ਵੱਲ ਦੇਖਣ ਲੱਗ ਪਿਆ।

"ਅਮਰੀਕ ਸਿੰਆਂ! ਤੇਰੇ ਦਾਦੇ ਬਸੰਤ ਸਿਓਂ ਨੇ ਖੇਤ ਵਿੱਚ ਪੰਜ ਰੁੱਖ ਲਾਏ ਸਨ। ਉਹਨਾਂ ਵਿੱਚੋਂ ਚਾਰ ਤਾਂ ਤੂੰ ਵੱਢ ਲਏ ਪਰ ਉਹਨਾਂ ਰੁੱਖਾਂ ਦੀ ਥਾਂ ਉੱਤੇ ਤੂੰ ਇੱਕ ਵੀ ਰੁੱਖ ਨਹੀਂ ਲਾਇਆ। ਹੁਣ ਮੈਨੂੰ ਵੀ ਵੱਢਣ ਦੀ ਤਿਆਰੀ ਕਰ ਕੇ ਆ ਗਿਆ ਏਂ। ਇਹਨਾਂ ਰੁੱਖਾਂ ਦੇ ਸਹਾਰੇ ਧਰਤੀ ਦੇ ਸਾਰੇ ਜੀਅ-ਜੰਤ ਜਿਊਂਦੇ ਨੇ। ਰੁੱਖਾਂ ਤੋਂ ਬਗ਼ੈਰ ਉਹਨਾਂ ਸਭਨਾਂ ਦਾ ਕੀ ਬਣੂ ?" ਹੁਣ ਨਿੰਮ ਦੀ ਅਵਾਜ਼ ਸਪਸ਼ਟ ਸੁਣਾਈ ਦੇ ਰਹੀ ਸੀ।





Downloaded from https:// www.studiestoday.com

Downloaded from https:// www.studiestoday.com

"ਆ ਜੋ, ਰੋਟੀ ਖਾ ਲਓ। ਏਨੇ ਨੂੰ ਅਮਰੀਕ ਸਿੰਘ ਦੀ ਪਤਨੀ ਭਗਵਾਨ ਕੌਰ ਦੀ ਲੰਮੀ ਹੇਕ ਵਿੱਚ ਅਵਾਜ਼ ਸੁਣਾਈ ਦਿੱਤੀ।"

"ਆਹ ਸੁਣ ਲੈ, ਭਗਵਾਨ ਕੁਰੇ! ਨਿੰਮ ਬੋਲਦੀ ਐ, ਬਈ, ਮੈਨੂੰ ਨਾ ਵੱਢੋ।" ਅਮਰੀਕ ਸਿੰਘ ਮੱਥੇ ਉੱਤੇ ਹੱਥ ਰੱਖਦਾ ਬੋਲਿਆ।

"ਲੈ, ਥੋਨੂੰ ਹਰ ਵਕਤ ਮਖੌਲ ਸੁੱਝਦੇ ਰਹਿੰਦੇ ਨੇ। ਆਓ, ਪਹਿਲਾਂ ਰੋਟੀ ਖਾ ਲਓ।" ਭਗਵਾਨ ਕੌਰ ਨੇ ਖਾਲ਼ ਦੀ ਵੱਟ ਉੱਤੇ ਰੋਟੀਆਂ ਵਾਲ਼ੀ ਟੋਕਰੀ ਤੇ ਲੱਸੀ ਵਾਲ਼ਾ ਕੁੱਜਾ ਰੱਖਦਿਆਂ ਕਿਹਾ।

"ਚਾਚੀ! ਸੱਚ-ਮੁੱਚ, ਨਿੰਮ ਵੀ ਬੋਲਦੀ ਐ ਤੇ ਕਹੀ ਤੇ ਕੁਹਾੜਾ ਵੀ ਸਵਾਲ- ਜਵਾਬ ਕਰਦੇ ਅਸੀਂ ਕੰਨੀਂ ਸੁਣੇ ਨੇ," ਦਲੀਪ ਤੇ ਸੋਹਣ ਇਕੱਠੇ ਹੀ ਬੋਲ ਪਏ।

"ਅੱਛਾ! ਮੂੰਹ ਉੱਤੇ ਉਂਗਲ਼ੀ ਰੱਖਦੀ ਭਗਵਾਨ ਕੌਰ ਨਿੰਮ ਦੇ ਕੋਲ਼ ਖੜ੍ਹੇ ਅਮਰੀਕ ਸਿੰਘ ਦੇ ਕੋਲ਼ ਆ ਗਈ। ਲੈ, ਮੈਂ ਵੀ ਸੁਣਾਂ ਭਲਾ! ਨਿੰਮ ਕਿਵੇਂ ਬੋਲਦੀ ਹੁੰਦੀ ਐ ? ਬੋਲ, ਨਿੰਮੇ ਬੋਲ। " ਭਗਵਾਨ ਕੌਰ ਖਿੜ-ਖਿੜ ਹੱਸ ਰਹੀ ਸੀ।

"ਭਗਵਾਨ ਕੌਰੇ! ਤੇਰੀ ਸੱਸ ਮੇਰੀਆਂ ਨਮੋਲ਼ੀਆਂ ਦਾ ਸਾਬਣ ਬਣਾਉਂਦੀ ਹੁੰਦੀ ਸੀ। ਜਦੋਂ ਅਮਰੀਕ ਸਿਓਂ ਜੰਮਿਆ ਸੀ ਤਾਂ ਤੇਰੀ ਬੇਬੇ ਜੀ ਨੇ ਮੇਰੀਆਂ ਹਰੀਆਂ ਟਹਿਣੀਆਂ ਲਿਜਾ ਕੇ ਬੂਹੇ ਉੱਤੇ ਬੰਨ੍ਹ ਕੇ ਸਗਨ ਕੀਤੇ ਸਨ।" "ਭਾਈ! ਸੱਚੀਂ ਬੋਲਦੀ ਲੱਗਦੀ ਐ, ਨਿੰਮ ਤਾਂ!", ਉਹ ਡਰ ਕੇ ਨਿੰਮ ਦੇ ਤਣੇ ਤੋਂ ਹੱਥ ਚੁੱਕਦੀ ਬੋਲੀ।

"ਮੈਂ ਤਾਂ ਭਾਈ ਆਪ ਦੋਹਾਂ ਪੋਤਿਆਂ ਵਾਰੀ ਤੇਰੀਆਂ ਟਹਿਣੀਆਂ ਬੂਹੇ ਉੱਤੇ ਬੰਨ੍ਹ ਕੇ ਸਗਨ ਕੀਤੇ ਸਨ।" ਭਗਵਾਨ ਕੌਰ ਨਿੰਮ ਦੇ ਤਣੇ ਨੂੰ ਪਿਆਰ ਨਾਲ਼ ਛੂੰਹਦਿਆਂ ਹੋਇਆਂ ਬੋਲਦੀ ਰਹੀ, "ਨਿੰਮ ਭੈਣੇ !ਸਾਨੂੰ ਤਾਂ ਲੱਕੜੀ ਦੀ ਬੜੀ ਲੋੜ ਸੀ। ਮੈਂ ਆਪਣੀ ਧੀ ਲਈ ਮੰਜੇ ਤੇ ਪੀੜ੍ਹਾ ਬਣਵਾਉਣਾ ਏ ਤੇ ਬੈਠਕ ਦੇ ਬੂਹੇ-ਬਾਰੀਆਂ ਵੀ ਬਣਵਾਉਣੇ ਨੇ।" ਭਗਵਾਨ ਕੌਰ ਨਿੰਮ ਦੇ ਤਣੇ ਕੋਲ਼ ਹੱਥ ਬੰਨ੍ਹ ਕੇ ਖੜ੍ਹੀ ਹੋ ਗਈ।

"ਰੁੱਖਾਂ ਤੋਂ ਲੱਕੜੀ ਤਾਂ ਹੀ ਮਿਲ਼ਦੀ ਰਹੂ ਜੇ ਵੱਢਣ ਦੇ ਨਾਲ਼-ਨਾਲ਼ ਰੁੱਖ ਲਾਏ ਵੀ ਜਾਂਦੇ ਰਹਿਣਗੇ।" ਉਸ ਨੂੰ ਕਹੀ ਅਤੇ ਕੁਹਾੜੇ ਦੋਹਾਂ ਦੀ ਇਕੱਠੀ ਅਵਾਜ਼ ਸੁਣਾਈ ਦਿੱਤੀ।

"ਹਾਂ, ਇਹ ਗੱਲ ਤਾਂ ਠੀਕ ਐ, ਭਾਈ! ਜਦ ਮੈਂ ਵਿਆਹੀ ਆਈ ਸੀ ਤਾਂ ਆਹ ਰਾਹ ਦੇ ਦੋਹੀਂ ਪਾਸੀਂ ਬੇਰੀਆਂ ਦੀ ਪਾਲ਼ ਹੁੰਦੀ ਸੀ। ਘਰੋਂ ਰੋਟੀ ਲੈ ਕੇ ਤੁਰਦੇ ਤਾਂ ਬੇਰਾਂ ਦੇ ਪੱਲੇ ਭਰ ਲੈਂਦੇ ਤੇ ਬੇਰ ਖਾਂਦੇ-ਖਾਂਦੇ ਖੇਤ ਪਹੁੰਚ ਜਾਂਦੇ ।ਘਰਾਂ ਨੂੰ ਮੁੜਦੇ ਹੋਏ ਫੇਰ ਬੇਰਾਂ ਦੇ ਪੱਲੇ ਭਰ ਕੇ ਬੱਚਿਆਂ ਲਈ ਲੈ ਆਉਂਦੇ। ਹੁਣ ਤੇ ਖੇਤਾਂ ਤੋਂ ਪਿੰਡ ਤੱਕ ਰੜਾ ਮੈਦਾਨ ਪਿਆ ਏ। ਸੱਚ-ਮੁੱਚ ਰੁੱਖਾਂ ਤੋਂ ਬਿਨਾਂ ਮੈਨੂੰ ਤਾਂ ਆਪ ਖੇਤ ਸੁੰਨੇ-ਸੁੰਨੇ ਲੱਗਦੇ ਐ, ਭਾਈ!" ਗੱਲਾਂ ਕਰਦੀ-ਕਰਦੀ ਭਗਵਾਨ ਕੌਰ ਆਪ ਉਦਾਸ ਹੋ ਗਈ ਸੀ।

"ਭਗਵਾਨ ਕੁਰੇ! ਜਦੋਂ ਦਾ ਪਿੰਡ ਵਿੱਚ ਆਰਾ ਲੱਗਿਆ ਏ, ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਸਭ ਨੇ ਰੁੱਖ ਵੱਢ ਕੇ ਆਰੇ ਵਾਲ਼ਿਆਂ ਨੂੰ ਵੇਚ ਦਿੱਤੇ ਨੇ। ਸਾਡੇ ਵਾਂਗੂੰ ਸਾਰੇ ਲੋਕੀਂ ਸੁਆਰਥੀ ਹੋ ਗਏ ਨੇ," ਅਮਰੀਕ ਸਿੰਘ ਦੇ ਬੋਲਾਂ ਵਿੱਚ ਵੀ ਉਦਾਸੀ ਭਰੀ ਹੋਈ ਸੀ।



Downloaded from https:// www.studiestoday.com

Downloaded from https:// www.studiestoday.com

"ਚਾਚਾ! ਮੈਨੂੰ ਨਿੰਮ ਦੀਆਂ ਗੱਲਾਂ ਸੁਣ ਕੇ ਸਾਡੇ ਮਾਸਟਰ ਜੀ ਦੀਆਂ ਗੱਲਾਂ ਯਾਦ ਆਉਣ ਲੱਗ ਪਈਆਂ ਨੇ। ਮਾਸਟਰ ਜੀ ਕਹਿੰਦੇ ਹੁੰਦੇ ਸੀ, ਜੇ ਧਰਤੀ ਉੱਤੇ ਰੁੱਖ ਨਾ ਰਹੇ ਤਾਂ ਧਰਤੀ 'ਤੇ ਕੋਈ ਵੀ ਜੀਅ-ਜੰਤ ਜਿਊਂਦਾ ਨਹੀਂ ਰਹਿ ਸਕਦਾ," ਸੋਹਣਾ ਏਨੀ ਗੱਲ ਕਹਿ ਕੇ ਮੱਥੇ ਉੱਤੇ ਹੱਥ ਮਾਰਦਾ ਹੋਇਆ ਖਾਲ਼ ਦੀ ਵੱਟ 'ਤੇ ਬਹਿ ਗਿਆ।

"ਓਏ ਆਹੋ, ਆਕਸੀਜਨ ਦਿੰਦੇ ਐ ਰੁੱਖ, ਆਕਸੀਜਨ ਨਾਲ਼ ਬੰਦਾ ਜਿਊਂਦੈ।" ਨਿੰਮ ਦੇ ਆਲ਼ੇ-ਦਆਲ਼ੇ ਗੇੜਾ ਦੇ ਕੇ ਦਲੀਪ ਵੀ ਸੋਹਣ ਦੇ ਕੋਲ਼ ਆ ਕੇ ਬੈਠ ਗਿਆ।

"ਭਗਵਾਨ ਕੁਰੇ! ਮੈਂ ਤਾਂ ਕਹਿੰਦਾਂ ਬਈ ਸਾਡੇ ਨਾਲ਼ੋਂ ਤਾਂ ਕਹੀ ਤੇ ਕੁਹਾੜਾ ਈ ਚੰਗੇ ਨੇ ਜਾਂ ਫਿਰ ਮੇਰਾ ਪੁੱਤ ਗੁਰਦੀਪ, ਜਿਸ ਨੇ ਨਿੰਮ ਵੱਢਣ ਤੋਂ ਮੈਨੂੰ ਬੜਾ ਰੋਕਿਆ ਪਰ ਮੈਂ ਈ ਲਾਲਚੀ ਹੋ ਗਿਆ ਸੀ।"

"ਚਾਚਾ! ਜਾਪਦੈ, ਗੁਰਦੀਪ ਖੇਤ ਵਿੱਚ ਲਾਉਣ ਲਈ ਬੂਟੇ ਲੈ ਕੇ ਆ ਗਿਐ," ਦਲੀਪ ਉੱਠ ਕੇ ਪਿੰਡ ਵੱਲ ਦੇਖਦਾ ਬੋਲਿਆ।

"ਓਏ ਆਹੋ, ਸਵੇਰੇ ਸ਼ਹਿਰ ਨੂੰ ਜਾਂਦਾ ਹੋਇਆ ਮੈਨੂੰ ਕਹਿ ਕੇ ਗਿਆ ਸੀ ਗੁਰਦੀਪ, ਬਈ, ਬੂਟੇ ਲਾਉਣ ਲਈ ਟੋਏ ਪੁੱਟ ਕੇ ਰੱਖਿਓ। ਉਹ ਕਹਿੰਦਾ ਸੀ ਕਿ ਮੈਂ ਆਪਣਾ ਜਨਮ-ਦਿਨ ਰੁੱਖ ਲਾ ਕੇ ਮਨਾਉਣਾ ਹੈ। ਜਿੰਨੇ ਸਾਲ ਉਮਰ ਦੇ, ਓਨੇ ਰੁੱਖਾਂ ਦੇ ਬੂਟੇ।"

"ਨਿੰਮ ਭੈਣ! ਦੇਖ ਲੈ, ਮੇਰੇ ਪੁੱਤ ਗੁਰਦੀਪ ਨੇ ਤੇਰੇ ਹੱਕ ਦੀ ਗੱਲ ਕੀਤੀ ਐ," ਨਿੰਮ ਵੱਲ ਮੂੰਹ ਕਰ ਕੇ ਭਗਵਾਨ ਕੌਰ ਨੇ ਦੋਵੇਂ ਹੱਥ ਜੋੜੇ।

"ਚੱਲ ਬਈ, ਦਲੀਪ! ਬੂਟੇ ਲਾਉਣ ਲਈ ਟੋਏ ਪੁੱਟਣੇ ਸ਼ੁਰੂ ਕਰੀਏ।" ਅਮਰੀਕ ਸਿੰਘ ਨੇ ਗੁਰਦੀਪ ਨੂੰ ਬੂਟੇ ਚੁੱਕੀ ਆਉਂਦਿਆਂ ਦੇਖ ਕੇ ਕਿਹਾ।

ਅਮਰੀਕ ਸਿੰਘ ਦੇ ਮੂੰਹੋਂ ਰੁੱਖ ਲਾਉਣ ਦੀ ਗੱਲ ਸੁਣ ਕੇ ਕਹੀ ਖਿੜ-ਖਿੜ ਹੱਸਣ ਲੱਗ ਪਈ।

## ਔਖੇ ਸ਼ਬਦਾਂ ਦੇ ਅਰਥ

| | | | | | |
|---|---|---|---|---|---|
| **ਸਵਖਤੇ** | : | ਸਵੇਰ ਵੇਲ਼ੇ | **ਅੜਿੱਕਾ** | : | ਰੋਕ |
| **ਬੇਰੋਕ** | : | ਰੋਕੇ ਬਿਨਾਂ | **ਸ਼ੈ** | : | ਚੀਜ਼ |
| **ਤ੍ਰਭਕ ਕੇ** | : | ਡਰ ਕੇ | **ਧੀਰਜ** | : | ਹੌਂਸਲਾ |
| **ਡੌਰ-ਭੌਰ ਹੋਣਾ** | : | ਹੈਰਾਨ ਹੋ ਜਾਣਾ | **ਡਰਾਕਲ਼ਾ** | : | ਡਰਪੋਕ ਜਿਹਾ |
| **ਸਪਸ਼ਟ** | : | ਸਾਫ਼-ਸਾਫ਼ | **ਤਰੇਲ਼ੀਆਂ ਆਉਣੀਆਂ** | : | ਡਰ ਨਾਲ਼ ਘਬਰਾ ਜਾਣਾ |
| **ਖਾਲ਼** | : | ਖੇਤਾਂ ਵਿੱਚ ਕਿਆਰਿਆਂ ਤਕ ਪਾਣੀ ਲਿਜਾਣ ਲਈ ਦੋ ਵੱਟਾਂ ਦੇ ਵਿਚਕਾਰਲੀ ਜਗ੍ਹਾ | | | |
| **ਕੁੱਜਾ** | : | ਮਿੱਟੀ ਦਾ ਛੋਟਾ ਘੜੇ ਵਰਗਾ ਭਾਂਡਾ | | | |
| **ਨਮੋਲ਼ੀਆਂ** | : | ਨਿੰਮ ਨੂੰ ਲੱਗਣ ਵਾਲ਼ਾ ਫਲ਼ | **ਬੈਠਕ** | : | ਘਰ ਵਿੱਚ ਬੈਠਣ ਵਾਲ਼ਾ ਕਮਰਾ |
| **ਹੱਥ ਬੰਨ੍ਹ ਕੇ ਖੜ੍ਹਨਾ** | : | ਹੱਥ ਜੋੜ ਕੇ ਖੜ੍ਹੇ ਹੋਣਾ | **ਸੁਆਰਥੀ** | : | ਸ੍ਵਾਰਥੀ, ਮਤਲਬ ਕੱਢਣ ਵਾਲ਼ਾ |
| **ਪਾਲ਼** | : | ਕਤਾਰ | **ਰੜਾ** | : | ਖ਼ਾਲੀ |



Downloaded from https:// www.studiestoday.com

Downloaded from https:// www.studiestoday.com



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਰੁੱਖ ਵੀ ਸਜੀਵ ਹੁੰਦੇ ਹਨ। ਇਹ ਵੀ ਸਾਡੇ ਵਾਂਗ ਖਾਂਦੇ-ਪੀਂਦੇ ਅਤੇ ਮਹਿਸੂਸ ਕਰਦੇ ਹਨ।
- ਸਾਨੂੰ ਧਰਤੀ ਦੇ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਵੱਧ ਤੋਂ ਵੱਧ ਰੁੱਖ ਲਾਉਣੇ ਚਾਹੀਦੇ ਹਨ।
- ਰੁੱਖਾਂ ਤੋਂ ਸਾਨੂੰ ਸਾਹ ਲੈਣ ਲਈ ਸ਼ੁੱਧ ਅਤੇ ਸਾਫ਼ ਆਕਸੀਜਨ ਮਿਲ਼ਦੀ ਹੈ।
- ਹਰ ਬੱਚੇ ਨੂੰ ਆਪਣੇ ਜਨਮ-ਦਿਨ 'ਤੇ ਇੱਕ ਰੁੱਖ ਜ਼ਰੂਰ ਲਾਉਣਾ ਚਾਹੀਦਾ ਹੈ।

## ਪਾਠ-ਅਭਿਆਸ



### ੳ. ਜ਼ਬਾਨੀ ਅਭਿਆਸ:

(1) ਅਮਰੀਕ ਸਿੰਘ ਨੂੰ ਕੁਹਾੜੇ ਨੇ ਕੀ ਕਿਹਾ ?

(2) ਕੰਬਾਈਨ ਕੀ ਹੁੰਦੀ ਹੈ ?

(3) ਭਗਵਾਨ ਕੌਰ ਦੀ ਸੱਸ ਕਿਸ ਚੀਜ਼ ਤੋਂ ਸਾਬਣ ਬਣਾਉਂਦੀ ਸੀ ?

(4) ਕਹਾਣੀ ਵਿੱਚ ਆਪਣਾ ਜਨਮ-ਦਿਨ ਬੂਟੇ ਲਾ ਕੇ ਕਿਸ ਨੇ ਮਨਾਇਆ ?

### ਅ. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

(1) ਅਮਰੀਕ ਸਿੰਘ ਆਪਣੇ ਖੇਤ ਵਿੱਚ ਖੜ੍ਹੇ ਨਿੰਮ ਦੇ ਰੁੱਖ ਨੂੰ ਕਿਉਂ ਵੱਢਣਾ ਚਾਹੁੰਦਾ ਸੀ ?

..........................................................................................................

..........................................................................................................

..........................................................................................................

(2) ਕੁਹਾੜੇ ਨੇ ਨਿੰਮ ਦੇ ਰੁੱਖ ਨੂੰ ਵੱਢਣ ਤੋਂ ਕਿਉਂ ਇਨਕਾਰ ਕਰ ਦਿੱਤਾ ?

..........................................................................................................

..........................................................................................................

..........................................................................................................



Downloaded from https:// www.studiestoday.com

Downloaded from https:// www.studiestoday.com

(3) ਨਿੰਮ ਦੇ ਰੁੱਖ ਨੇ ਅਮਰੀਕ ਸਿੰਘ ਨੂੰ ਕਿਹੜੀਆਂ ਗੱਲਾਂ ਆਖੀਆਂ ?

..........................................................................................

..........................................................................................

..........................................................................................

(4) ਕਹੀ ਕਿਉਂ ਹੱਸ ਪਈ ਸੀ ?

..........................................................................................

..........................................................................................

..........................................................................................

(5) ਰੁੱਖਾਂ ਦੀ ਮਨੁੱਖੀ ਜੀਵਨ ਵਿੱਚ ਕੀ ਮਹੱਤਤਾ ਹੈ ?

..........................................................................................

..........................................................................................

..........................................................................................

**ੲ. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:**

ਕਹੀ ..........................................................................................

ਨਿੰਮ ..........................................................................................

ਰੁੱਖ ..........................................................................................

ਧਰਤੀ ..........................................................................................

ਨਮੋਲ਼ੀਆਂ ..........................................................................................

**ਸ. ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ:**

| | | | |
|---|---|---|---|
| ਕਹੀ | ਕਹੀਆਂ | ਰੁੱਖ | ਰੁੱਖਾਂ |
| ਬੇਰੀ | .................. | ਕਣਕ | .................. |



Downloaded from https:// www.studiestoday.com

Downloaded from https:// www.studiestoday.com

| | | | |
|---|---|---|---|
| ਰੋਟੀ | .................. | ਜੜ੍ਹ | .................. |
| ਪੰਛੀ | .................. | ਗੱਲ | .................. |
| ਲੱਕੜੀ | .................. | ਖੇਤ | .................. |

**ਹ. ਕਲਪਨਾਮਈ ਸਿਰਜਣਾਤਮਿਕ ਪਰਖ਼:**

ਜੇ ਮਨੁੱਖਾਂ ਵਾਂਗ ਰੁੱਖ ਵੀ ਬੋਲਦੇ ਹੁੰਦੇ, ਤਾਂ......

1. ..........................................................................
   ..........................................................................
2. ..........................................................................
   ..........................................................................
3. ..........................................................................
   ..........................................................................
4. ..........................................................................
   ..........................................................................

**ਕ. ਇਸ ਪਾਠ ਵਿੱਚ ਸੰਦਾਂ ਦੇ ਨਾਂ ਆਏ ਹਨ, ਜਿਵੇਂ : ਕੁਹਾੜਾ।**

ਆਮ ਵਰਤੇ ਜਾਂਦੇ ਕੋਈ ਪੰਜ ਸੰਦਾਂ ਦੇ ਨਾਂ ਲਿਖੋ:

1 .................. 2 .................. 3 .................. 4 .................. 5 ..................

**ਖ. ਸ਼ੁੱਧ ਕਰ ਕੇ ਲਿਖੋ:**

| | | | |
|---|---|---|---|
| 1. ਆਲਣਾ | .................. | 4. ਨਿਮ | .................. |
| 2. ਮੀਹ | .................. | 5. ਸ਼ਹਰ | .................. |
| 3. ਰੁਖ | .................. | 6. ਮੂਹੋਂ | .................. |



Downloaded from https:// www.studiestoday.com

Downloaded from https:// www.studiestoday.com

**ਗ. ਹੇਠਾਂ ਦਿੱਤੀਆਂ ਖ਼ਾਲੀ ਥਾਂਵਾਂ ਵਿੱਚ ਢੁਕਵੀਂ ਕਿਰਿਆ ਲਿਖੋ:**

(ਮਨਾਉਣਾ, ਵੱਢ, ਖਾ ਲਓ, ਹੱਸ ਰਹੀ, ਚਲਾਉਣ, ਬੋਲਿਆ)

ਜਿਵੇਂ: ਮੈਂ ਹੁਣ ਰੁੱਖ ਨਹੀਂ ਵੱਢ ਸਕਦਾ।

1. ਕੰਬਾਈਨ ਨੂੰ ਬੇਰੋਕ __________ ਲਈ ਰੁੱਖ ਵੱਢਣ ਦਾ ਇਰਾਦਾ ਬਣਾਇਆ।
2. ਕੁਹਾੜਾ ਧੀਰਜ ਨਾਲ਼ __________।
3. ਪਹਿਲਾਂ ਰੋਟੀ __________।
4. ਮੈਂ ਆਪਣਾ ਜਨਮ-ਦਿਨ ਰੁੱਖ ਲਾ ਕੇ __________ ਹੈ।
5. ਭਗਵਾਨ ਕੌਰ ਖਿੜ-ਖਿੜ __________ ਸੀ।

**ਆਪਣੇ ਸਕੂਲ ਦੇ ਮੁੱਖ ਅਧਿਆਪਕ/ਅਧਿਆਪਕਾ ਨੂੰ ਪੰਜਵੀਂ ਪਾਸ ਕਰ ਕੇ ਸਕੂਲ ਛੱਡਣ ਦਾ ਸਰਟੀਫ਼ਿਕੇਟ ਲੈਣ ਲਈ ਅਰਜ਼ੀ ਲਿਖੋ।**

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................



Downloaded from https:// www.studiestoday.com

Downloaded from https:// www.studiestoday.com

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

**ਅਧਿਆਪਕ ਲਈ ਅਗਵਾਈ-ਲੀਹਾਂ:**

- ਵਿਦਿਆਰਥੀਆਂ ਨੂੰ ਕਿਰਿਆ ਦਾ ਸੰਕਲਪ ਕਰਵਾਇਆ ਜਾਵੇ।



Downloaded from https:// www.studiestoday.com

Downloaded from https:// www.studiestoday.com

ਪਾਠ -19

# ਪੁਲਾੜ - ਯਾਤਰੀ : ਕਲਪਨਾ ਚਾਵਲਾ



ਆਓ, ਅੱਜ ਅੰਬਰਾਂ ਵਿੱਚ ਉਡਾਰੀਆਂ ਲਾਉਣ ਵਾਲ਼ੀ ਕਲਪਨਾ ਚਾਵਲਾ ਬਾਰੇ ਗੱਲਾਂ ਕਰੀਏ। ਉਹ ਛੋਟੀ ਉਮਰ ਵਿੱਚ ਹੀ ਪੁਲਾੜ-ਯਾਤਰੀ ਦੇ ਰੂਪ ਵਿੱਚ ਪ੍ਰਸਿੱਧ ਹੋ ਗਈ ਸੀ।

ਕਲਪਨਾ ਚਾਵਲਾ ਦਾ ਜਨਮ ਪਹਿਲੀ ਜੁਲਾਈ, 1961ਈ: ਨੂੰ ਪਿਤਾ ਬਨਾਰਸੀ ਦਾਸ ਚਾਵਲਾ ਅਤੇ ਮਾਤਾ ਸੰਜੋਗਤਾ ਦੇ ਘਰ ਹੋਇਆ।

ਕਲਪਨਾ ਚਾਵਲਾ ਅਪਣੀਆਂ ਦੋ ਭੈਣਾਂ ਅਤੇ ਇੱਕ ਭਰਾ ਤੋਂ ਨਿੱਕੀ ਵੀ ਸੀ ਅਤੇ ਵੱਖਰੀ ਵੀ। ਉਸ ਦੀਆਂ ਖੇਡਾਂ ਦੂਜੇ ਬੱਚਿਆਂ ਨਾਲ਼ੋਂ ਭਿੰਨ ਸਨ। ਜਦੋਂ ਕਲਪਨਾ ਪੰਜ ਸਾਲਾਂ ਦੀ ਹੋਈ ਤਾਂ ਉਹ ਕਰਨਾਲ ਦੇ ਟੈਗੋਰ ਬਾਲ-ਨਿਕੇਤਨ ਵਿੱਚ ਪੜ੍ਹਨ ਜਾਣ ਲੱਗੀ।

ਕਲਪਨਾ ਚਾਵਲਾ ਨਿੱਕੇ ਹੁੰਦਿਆਂ ਗੁੱਡੀਆਂ ਨਾਲ਼ ਖੇਡਣ ਦੀ ਥਾਂ ਕਾਗ਼ਜ਼ ਦੇ ਜਹਾਜ਼ ਉਡਾਉਂਦੀ । ਰਾਤਾਂ ਨੂੰ ਖੁੱਲ੍ਹੇ ਵਿਹੜੇ ਵਿੱਚ ਮੰਜੇ 'ਤੇ ਪਈ ਉਹ ਤਾਰੇ ਦੇਖਦੀ। ਭਰਾ ਸੰਜੇ ਨਾਲ਼ ਤਾਰਿਆਂ ਦੀਆਂ ਗੱਲਾਂ



Downloaded from https:// www.studiestoday.com

Downloaded from https:// www.studiestoday.com

ਕਰਦੀ। ਕਈ ਵਾਰ ਉਹ ਸੋਚਦੀ ਕਿ ਕਾਸ਼! ਉਸ ਕੋਲ਼ ਕੋਈ ਵੱਡੀ ਦੂਰਬੀਨ ਹੋਵੇ ਜਿਸ ਨਾਲ਼ ਉਹ ਅਕਾਸ਼ ਨੂੰ ਦੂਰ ਤੱਕ ਦੇਖ ਸਕੇ। ਅਭੋਲ਼ ਬਚਪਨ ਵਿੱਚ ਹੀ ਉਹ ਅਕਾਸ਼ ਵਿੱਚ ਉਡਾਰੀ ਲਾਉਣ ਦੇ ਸੁਫਨੇ ਲੈਣ ਲੱਗ ਪਈ ਸੀ। ਜਦੋਂ ਸਕੂਲ ਜਾਣ ਲੱਗੀ ਤਦ ਉਹ ਜਹਾਜ਼ਾਂ ਦੀਆਂ ਤਸਵੀਰਾਂ ਬਣਾਉਂਦੀ ।

ਕਲਪਨਾ ਪੜ੍ਹਾਈ ਦੇ ਨਾਲ਼-ਨਾਲ਼ ਨਾਚ, ਦੌੜਾਂ, ਖੇਡਾਂ ਤੇ ਸਾਇੰਸ ਦੇ ਮਾਡਲ ਬਣਾਉਣ ਵਿੱਚ ਵੀ ਰੁਚੀ ਲੈਂਦੀ ਸੀ। 1976 ਈ : ਵਿੱਚ ਦਸਵੀਂ ਪਾਸ ਕਰ ਕੇ ਕਲਪਨਾ ਕਰਨਾਲ ਵਿੱਚ ਕੁੜੀਆਂ ਦੇ ਡੀ. ਏ. ਵੀ. ਕਾਲਜ ਵਿੱਚ ਦਾਖ਼ਲ ਹੋ ਗਈ । ਗਿਆਰ੍ਹਵੀਂ ਇੱਥੋਂ ਪਾਸ ਕਰ ਕੇ ਉਹ ਬਾਰ੍ਹਵੀਂ ਜਮਾਤ ਵਿੱਚ ਦਿਆਲ ਸਿੰਘ ਕਾਲਜ, ਕਰਨਾਲ ਵਿੱਚ ਦਾਖ਼ਲ ਹੋ ਗਈ। ਅਗਲੇਰੀ ਪੜ੍ਹਾਈ ਲਈ ਉਸ ਨੇ ਪੰਜਾਬ ਇੰਜੀਨੀਅਰਿੰਗ ਕਾਲਜ ਵਿੱਚ ਜਹਾਜ਼ਰਾਨੀ ਦੀ ਇੰਜੀਨੀਅਰਿੰਗ ਵਿੱਚ ਦਾਖ਼ਲਾ ਲੈ ਲਿਆ। ਉਦੋਂ ਜਹਾਜ਼ਰਾਨੀ ਦੀ ਇੰਜੀਨੀਅਰਿੰਗ ਵਿੱਚ ਦਾਖ਼ਲਾ ਤਾਂ ਕੀ, ਇੰਜੀਨੀਅਰਿੰਗ ਵਿੱਚ ਕੋਈ ਵਿਰਲੀ-ਟਾਂਵੀਂ ਕੁੜੀ ਹੀ ਪੜ੍ਹਨ ਜਾਂਦੀ ਸੀ। ਉਸ ਸਮੇਂ ਕੁੱਲ ਮਿਲ਼ਾ ਕੇ ਸਿਰਫ਼ ਸੱਤ ਕੁੜੀਆਂ ਕਾਲਜ ਵਿੱਚ ਸਨ। ਜਹਾਜ਼ਰਾਨੀ ਦੀ ਇੰਜੀਨੀਅਰਿੰਗ ਪੜ੍ਹਨ ਵਾਲ਼ੀ ਉਹ ਇਕੱਲੀ ਹੀ ਸੀ। ਉਸ ਨੇ ਜਹਾਜ਼ਰਾਨੀ ਦੀ ਇੰਜੀਨੀਅਰਿੰਗ ਪਹਿਲੇ ਦਰਜੇ ਵਿੱਚ ਪਾਸ ਕੀਤੀ।

ਕਲਪਨਾ ਨੇ ਇੰਜੀਨੀਅਰਿੰਗ ਦੀ ਡਿਗਰੀ ਪਾਸ ਕਰਨ ਪਿੱਛੋਂ ਅਗਲੇਰੀ ਪੜ੍ਹਾਈ ਲਈ ਅਮਰੀਕਾ ਦੀ ਟੈਕਸਾਸ ਯੂਨੀਵਰਸਿਟੀ ਵਿੱਚ ਦਾਖ਼ਲਾ ਲੈ ਲਿਆ। ਇੱਥੇ ਪੜ੍ਹਦੇ ਸਮੇਂ ਉਸ ਨੂੰ ਆਪਣੇ ਵਰਗਾ ਇੱਕ ਹਵਾਬਾਜ਼ ਯਾਂ ਪੀਰੇ ਹੈਰੀਸਨ ਮਿਲ਼ਿਆ। ਉਹ ਫ਼ਲਾਇੰਗ ਇੰਸਟਰਕਟਰ ਸੀ। ਦੋ ਦਸੰਬਰ, 1983 ਈ: ਨੂੰ ਕਲਪਨਾ ਚਾਵਲਾ ਦਾ ਉਸ ਨਾਲ਼ ਵਿਆਹ ਹੋ ਗਿਆ।



ਕਲਪਨਾ ਨੇ 1984 ਈ: ਵਿੱਚ ਟੈਕਸਾਸ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਕੀਤੀ। ਉਸ ਨੇ ਕੋਲੋਰੈਡੋ ਯੂਨੀਵਰਸਿਟੀ ਤੋਂ ਜਹਾਜ਼ਰਾਨੀ ਵਿੱਚ ਹੀ ਡਾਕਟ੍ਰੇਟ ਲਈ ਖੋਜ ਕਰਨੀ ਸ਼ੁਰੂ ਕਰ ਦਿੱਤੀ। 1988 ਈ : ਵਿੱਚ ਡਾਕਟ੍ਰੇਟ ਕਰ ਕੇ ਉਹ ਅਮਰੀਕੀ ਪੁਲਾੜ ਖੋਜ ਦੇ ਵਿਸ਼ਵ-ਪ੍ਰਸਿੱਧ ਕੇਂਦਰ ਨਾਸਾ ਵਿੱਚ ਪਹੁੰਚ ਗਈ। ਨਾਸਾ ਨੇ ਉਸ ਨੂੰ ਸ਼ਟਲ-ਮਿਸ਼ਨ ਉੱਤੇ ਕੰਮ ਕਰਨ ਲਈ ਵਿਸ਼ੇਸ਼ ਸਿਖਲਾਈ ਲਈ ਚੁਣ ਲਿਆ। ਨਵੰਬਰ, 1996 ਈ : ਵਿੱਚ ਉਸ ਨੂੰ ਸਪੇਸ-ਸ਼ਟਲ ਵਿੱਚ ਉਡਾਰੀ ਭਰਨ ਅਤੇ ਖੋਜ ਕਰਨ ਲਈ ਚੁਣ ਲਿਆ ਗਿਆ।



Downloaded from https:// www.studiestoday.com

Downloaded from https:// www.studiestoday.com

ਅਖ਼ੀਰ ਅਕਾਸ਼ ਵਿੱਚ ਉੱਡਣ ਦਾ ਉਸ ਦਾ ਸੁਫਨਾ ਪੂਰਾ ਹੋਇਆ। ਉਸ ਨੇ 19 ਨਵੰਬਰ, 1997 ਈ: ਨੂੰ ਉਡਾਰੀ ਭਰੀ। ਉਸ ਦੇ ਨਾਲ਼ ਛੇ ਹੋਰ ਪੁਲਾੜ-ਯਾਤਰੀ ਸਨ। ਇਹਨਾਂ ਵਿੱਚ ਜਪਾਨ ਦੀ ਤਕਾਓ ਦੋਈ ਨਾਂ ਦੀ ਉਸ ਦੀ ਸਹੇਲੀ ਵੀ ਸੀ। 5 ਦਸੰਬਰ ਤੱਕ ਇਹ ਸ਼ਟਲ ਪੂਰੇ ਸੋਲ਼ਾਂ ਦਿਨ ਪੁਲਾੜ ਵਿੱਚ ਘੁੰਮਦੀ ਰਹੀ। ਉਸ ਨੇ ਧਰਤੀ ਦੁਆਲ਼ੇ 252 ਚੱਕਰ ਕੱਟੇ। ਇਸ ਦੌਰਾਨ ਪੁਲਾੜ-ਯਾਤਰੀਆਂ ਨੇ ਭਾਂਤ-ਭਾਂਤ ਦੇ ਪ੍ਰਯੋਗ ਕੀਤੇ। ਏਨੀ ਵੱਡੀ ਧਰਤੀ ਉਹਨਾਂ ਨੂੰ ਨਿੱਕੀ - ਨਿੱਕੀ ਲੱਗੀ। ਡੇਢ ਘੰਟੇ ਵਿੱਚ ਸਾਰੀ ਧਰਤੀ ਦਾ ਚੱਕਰ ਪੂਰਾ ਹੋ ਜਾਂਦਾ ਸੀ।

ਛੇ ਕੁ ਸਾਲ ਬਾਅਦ 2003 ਈ: ਵਿੱਚ ਕਲਪਨਾ ਚਾਵਲਾ ਨੂੰ ਇੱਕ ਵਾਰ ਫਿਰ ਸਪੇਸ -ਸ਼ਟਲ ਵਿੱਚ ਉਡਾਰੀ ਭਰਨ ਦਾ ਮੌਕਾ ਮਿਲ਼ਿਆ। ਦੂਜੀ ਵਾਰ ਪੁਲਾੜ ਵਿੱਚ ਉਡਾਰੀ ਭਰਨ ਲਈ ਕਿਸੇ ਵਿਰਲੇ ਨੂੰ ਹੀ ਚੁਣਿਆ ਜਾਂਦਾ ਸੀ। ਕਲਪਨਾ ਨੇ ਬੜੇ ਚਾਅ ਨਾਲ਼ ਇਸ ਉਡਾਰੀ ਲਈ ਤਿਆਰੀ ਕੀਤੀ। ਉਡਾਣ ਲਈ ਜਾਣ ਤੋਂ ਪਹਿਲਾਂ ਉਸ ਨੇ ਆਪਣੇ ਘਰ ਦੇ ਵਿਹੜੇ ਵਿੱਚ ਲੱਗੇ ਹਰ ਬੂਟੇ, ਹਰ ਫੁੱਲ ਨੂੰ ਪਿਆਰ ਕੀਤਾ ਤੇ ਪਾਣੀ ਦਿੱਤਾ। ਆਪਣੇ ਘਰ ਵਿੱਚ ਰੱਖੇ ਭਾਂਤ-ਭਾਂਤ ਦੇ ਪੰਛੀਆਂ ਨੂੰ ਪਿਆਰਿਆ ਤੇ ਉਹਨਾਂ ਨੂੰ ਹੱਥੀਂ ਚੋਗ ਚੁਗਾਇਆ। ਫਿਰ ਉਸ ਨੇ ਇੱਕ ਕਾਗ਼ਜ਼ ਉੱਤੇ ਇਹ ਲਿਖਿਆ :

"ਮੈਂ ਸੋਲ੍ਹਾਂ ਦਿਨਾਂ ਦੀ ਪੁਲਾੜ-ਯਾਤਰਾ ਲਈ ਜਾ ਰਹੀ ਹਾਂ। ਮੇਰੇ ਪੰਛੀਆਂ ਦੀ ਖਾਧ -ਖ਼ੁਰਾਕ ਇਸ ਘਰ ਵਿੱਚ ਹੀ ਹੈ । ਜੋ ਵੀ ਇੱਥੇ ਆਵੇ, ਇਹਨਾਂ ਨੂੰ ਨਿਮਨ-ਲਿਖਤ ਅਨੁਸਾਰ ਖ਼ੁਰਾਕ ਤੇ ਦਾਣਾ-ਪਾਣੀ ਦੇਣ ਦੀ ਖੇਚਲ਼ ਕਰੇ।" ਹੇਠਾਂ ਉਸ ਨੇ ਹਰ ਪੰਛੀ ਦੀ ਖ਼ੁਰਾਕ ਤੇ ਮਾਤਰਾ ਲਿਖੀ।

ਇਹ ਕਾਗ਼ਜ਼ ਆਪਣੇ ਘਰ ਦੀ ਕੰਧ ਉੱਤੇ ਚਿਪਕਾ ਕੇ ਕਲਪਨਾ ਨੇ ਅੰਬਰਾਂ ਵਿੱਚ ਉਡਾਰੀ ਭਰੀ। ਪਹਿਲੀ ਫ਼ਰਵਰੀ, 2003 ਈ: ਸਨਿੱਚਰਵਾਰ ਦਾ ਦਿਨ ਸੀ। ਸਾਰਾ ਸੰਸਾਰ ਧਰਤੀ ਉੱਤੇ ਕਲਪਨਾ ਚਾਵਲਾ ਦੀ ਵਾਪਸੀ ਦੀ ਉਡੀਕ ਕਰ ਰਿਹਾ ਸੀ ਪਰ ਕਲਪਨਾ ਚਾਵਲਾ ਦੀ ਸਪੇਸ-ਸ਼ਟਲ ਧਰਤੀ ਉੱਤੇ ਨਾ ਪਹੁੰਚ ਸਕੀ। ਧਰਤੀ ਉੱਤੇ ਉੱਤਰਨ ਤੋਂ ਸੋਲ਼ਾਂ ਮਿੰਟ ਪਹਿਲਾਂ ਸਪੇਸ-ਸ਼ਟਲ ਧਮਾਕੇ ਨਾਲ਼ ਖ਼ਤਮ ਹੋ ਗਈ।

ਭਾਵੇਂ ਕਲਪਨਾ ਚਾਵਲਾ ਪੁਲਾੜ ਵਿੱਚ ਸਮਾ ਗਈ ਪਰ ਉਹ ਸੰਸਾਰ ਭਰ ਦੀਆਂ ਕੁੜੀਆਂ ਲਈ ਪ੍ਰੇਰਨਾ ਦਾ ਸੋਮਾ ਬਣੀ ਅਤੇ ਸਦਾ ਬਣੀ ਰਹੇਗੀ।

## ਔਖੇ ਸ਼ਬਦਾਂ ਦੇ ਅਰਥ

**ਪੁਲਾੜ** : ਧਰਤੀ ਤੋਂ ਉੱਪਰ ਅਸਮਾਨ ਵਿੱਚ ਖ਼ਾਲੀ ਜਗ੍ਹਾ

**ਅਭੋਲ਼** : ਭੋਲ਼ੇ-ਭਾਲ਼ੇ **ਨਿਮਨ-ਲਿਖਤ** : ਹੇਠਾਂ ਲਿਖੇ

**ਜਹਾਜ਼ਰਾਨੀ ਦੀ ਇੰਜੀਨੀਅਰਿੰਗ** : ਵਿਮਾਨ-ਚਾਲਨ/ਪੁਲਾੜ ਨਾਲ਼ ਸੰਬੰਧਤ ਪੜ੍ਹਾਈ

**ਫ਼ਲਾਇੰਗ ਇੰਨਸਟਰਕਟਰ** : ਜਹਾਜ਼ ਉਡਾਉਣਾ ਸਿਖਾਉਣ ਵਾਲ਼ਾ

**ਡਾਕਟ੍ਰੇਟ** : ਕਿਸੇ ਵੀ ਵਿਸ਼ੇ ਦੀ ਉਚੇਰੀ ਪੜ੍ਹਾਈ

**ਸਪੇਸ-ਸ਼ਟਲ** : ਪੁਲਾੜ ਵਿੱਚ ਲੈ ਕੇ ਜਾਣ ਵਾਲ਼ਾ ਵਾਹਨ

**ਚੋਗ ਚੁਗਾਉਣਾ** : ਪੰਛੀਆਂ ਨੂੰ ਦਾਣਾ ਪਾਉਣਾ **ਖਾਧ-ਪਦਾਰਥ** : ਖਾਣ ਵਾਲ਼ੇ ਪਦਾਰਥ

**ਸਮਾ ਜਾਣਾ** : ਰਲ਼ ਜਾਣਾ



Downloaded from https:// www.studiestoday.com

Downloaded from https:// www.studiestoday.com

## ਕੁਝ ਹੋਰ ਯਾਦ ਰੱਖਣਯੋਗ ਗੱਲਾਂ

- ਕਲਪਨਾ ਚਾਵਲਾ ਪੁਲਾੜ ਵਿੱਚ ਜਾਣ ਵਾਲ਼ੀ ਪਹਿਲੀ ਭਾਰਤੀ ਔਰਤ ਹੈ।
- ਕਲਪਨਾ ਚਾਵਲਾ ਨੂੰ ਘਰ ਵਿੱਚ 'ਮੌਂਟੋ' ਨਾਂ ਨਾਲ਼ ਬੁਲਾਇਆ ਜਾਂਦਾ ਸੀ।
- ਕਰਨਾਲ ਦੇ ਟੈਗੋਰ ਬਾਲ-ਨਿਕੇਤਨ ਵਿੱਚ ਦਾਖ਼ਲ ਹੋਣ ਸਮੇਂ 'ਕਲਪਨਾ, ਜਯੋਤਸਨਾ ਅਤੇ ਸੁਨੈਨਾ' ਵਿੱਚੋਂ ਕਲਪਨਾ ਚਾਵਲਾ ਨੇ ਆਪਣਾ ਨਾਂ ਖ਼ੁਦ ਚੁਣਿਆ ਸੀ।
- ਕਲਪਨਾ ਚਾਵਲਾ ਨੇ ਕਰਾਟੇ ਵਿੱਚ 'ਬਲੈਕ-ਬੈੱਲਟ' ਪ੍ਰਾਪਤ ਕੀਤੀ ਸੀ।

## ਪਾਠ-ਅਭਿਆਸ

### ੳ. ਜ਼ਬਾਨੀ ਅਭਿਆਸ:

(1) ਕਲਪਨਾ ਚਾਵਲਾ ਦੇ ਹੋਰ ਕਿੰਨੇ ਭੈਣ-ਭਰਾ ਸਨ ?

(2) ਕਲਪਨਾ ਸਕੂਲ ਵਿੱਚ ਕਿਹੋ-ਜਿਹੀਆਂ ਤਸਵੀਰਾਂ ਬਣਾਉਂਦੀ ਸੀ ?

(3) ਕਲਪਨਾ ਪਹਿਲੀ ਵਾਰ ਪੁਲਾੜ ਵਿੱਚ ਜਾਣ ਤੋਂ ਕਿੰਨੇ ਸਾਲ ਬਾਅਦ ਫਿਰ ਪੁਲਾੜ ਵਿੱਚ ਗਈ ?

(4) ਧਰਤੀ ਉੱਤੇ ਉੱਤਰਨ ਤੋਂ ਕਿੰਨੇ ਮਿੰਟ ਪਹਿਲਾਂ ਸਪੇਸ-ਸ਼ਟਲ ਧਮਾਕੇ ਨਾਲ਼ ਖ਼ਤਮ ਹੋਈ।

### ਅ. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

(1) ਕਲਪਨਾ ਚਾਵਲਾ ਕੌਣ ਸੀ ? ਉਸ ਦੀ ਪ੍ਰਸਿੱਧੀ ਕਿਹੜੀ ਗੱਲੋਂ ਹੋਈ ?

..........................................................................................

..........................................................................................

(2) ਕਲਪਨਾ ਚਾਵਲਾ ਨੇ ਮੁਢਲੀ ਪੜ੍ਹਾਈ ਕਿੱਥੋਂ ਪ੍ਰਾਪਤ ਕੀਤੀ ?

..........................................................................................

..........................................................................................



Downloaded from https:// www.studiestoday.com

Downloaded from https:// www.studiestoday.com

(3) ਕਲਪਨਾ ਚਾਵਲਾ ਦੇ ਸ਼ੌਕ ਕੀ ਸਨ ?

..........................................................................................

..........................................................................................

(4) ਕਲਪਨਾ ਚਾਵਲਾ ਦੀ ਪਹਿਲੀ ਸਪੇਸ-ਸ਼ਟਲ ਨੇ ਧਰਤੀ ਦੁਆਲ਼ੇ ਕਿੰਨੇ ਚੱਕਰ ਕੱਟੇ ਅਤੇ ਉਹ ਕਿੰਨੇ ਦਿਨ ਪੁਲਾੜ ਵਿੱਚ ਘੁੰਮਦੀ ਰਹੀ ?

..........................................................................................

..........................................................................................

(5) ਦੂਜੀ ਵਾਰੀ ਸਪੇਸ-ਸ਼ਟਲ ਦੀ ਉਡਾਰੀ ਭਰਨ ਤੋਂ ਪਹਿਲਾਂ ਕਲਪਨਾ ਚਾਵਲਾ ਨੇ ਕੀ ਕੀਤਾ ?

..........................................................................................

..........................................................................................

**ੲ. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਬਦਲੋ:**

ਪ੍ਰਸਿੱਧ ..........................................................................................

ਅਭੋਲ਼ ..........................................................................................

ਪ੍ਰਯੋਗ ..........................................................................................

ਅੰਬਰ ..........................................................................................

ਪ੍ਰੇਰਨਾ ..........................................................................................

**ਸ. ਹੇਠ ਲਿਖੇ ਸ਼ਬਦਾਂ ਦੇ ਵਿਰਧੀ ਸ਼ਬਦ ਲਿਖੋ:**

| | | | |
|---|---|---|---|
| ਛੋਟੀ: | ਵੱਡੀ | ਨਿੱਕਾ: | .................. |
| ਦੂਰ: | .................. | ਪਾਸ: | .................. |
| ਪਿਆਰ: | .................. | ਪਹਿਲਾਂ: | .................. |



Downloaded from https:// www.studiestoday.com

Downloaded from https:// www.studiestoday.com

**ਹ. ਖ਼ਾਲੀ ਥਾਂਵਾਂ ਭਰੋ:**

1. ਕਲਪਨਾ ਚਾਵਲਾ ਦਾ ਜਨਮ ................. ਨੂੰ ਹੋਇਆ।
2. ਕਲਪਨਾ ਚਾਵਲਾ ਦੇ ਪਿਤਾ ਦਾ ਨਾਂ ................. ਹੈ।
3. ਕਲਪਨਾ ਚਾਵਲਾ ਨੇ ..................... ਵਿੱਚ ਟੈਕਸਾਸ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਕੀਤੀ।
4. ਸਪੇਸ-ਸ਼ਟਲ ਧਰਤੀ ਉੱਤੇ ਉੱਤਰਨ ਤੋਂ ................. ਪਹਿਲਾਂ ਖ਼ਤਮ ਹੋ ਗਈ।

**ਕ. ਲੜੀਦਾਰ-ਕੜੀਦਾਰ ਸਿਰਜਣਾਤਮਿਕ ਪਰਖ:**






Downloaded from https:// www.studiestoday.com

Downloaded from https:// www.studiestoday.com

ਪਾਠ-20

# ਸਾਰਾਗੜ੍ਹੀ ਦੀ ਲੜਾਈ



ਭਾਰਤ ਉੱਤੇ ਅੰਗਰੇਜ਼ ਦਾ ਰਾਜ ਸੀ ਜਦ, ਅਫ਼ਗਾਨਿਸਤਾਨ ਤੱਕ ਹੱਦ ਵਧਾਈ ਹੈਸੀ।
ਏਸ ਹੱਦ ਦੀ ਰੱਖਿਆ ਕਰਨ ਖ਼ਾਤਰ, ਸਾਰਾਗੜ੍ਹੀ ਇਕ ਚੌਂਕੀ ਬਣਾਈ ਹੈਸੀ।
ਏਸ ਚੌਂਕੀ 'ਤੇ ਇੱਕੀ ਸਨ ਸਿੱਖ ਸੈਨਿਕ, ਜ਼ੁੰਮੇਵਾਰੀ ਤਦ ਖ਼ੂਬ ਨਿਭਾਈ ਹੈਸੀ।
ਹਮਲਾ ਕੀਤਾ ਕਬਾਇਲੀਆਂ ਗੜ੍ਹੀ ਉੱਤੇ, ਕਾਲ਼ੀ ਘਟਾ ਕੋਈ ਗੜ੍ਹੀ 'ਤੇ ਛਾਈ ਹੈਸੀ।

ਰੈਜਿਮੈਂਟ ਦੇ ਮੁਖੀ ਨੂੰ ਉਸ ਵੇਲ਼ੇ, ਸਿਗਨਲਮੈਨ ਨੇ ਖ਼ਬਰ ਪਹੁੰਚਾਈ ਹੈਸੀ।
ਅੱਗੋਂ ਕਰਨਲ ਦੇ ਵੱਲੋਂ ਸਭ ਸੈਨਿਕਾਂ ਨੂੰ, ਗੜ੍ਹੀ ਛੱਡਣ ਲਈ ਤਾਰ ਤਦ ਆਈ ਹੈਸੀ।
ਸਿੱਖ ਫ਼ੌਜੀਆਂ ਭੱਜਣ ਦੀ ਥਾਂ ਉੱਤੇ, ਲੜਨ-ਮਰਨ ਦੀ ਵਿਓਂਤ ਬਣਾਈ ਹੈਸੀ।
ਬਾਰਾਂ ਸਤੰਬਰ, ਅਠਾਰਾਂ ਸੌ ਸਤਾਨਵੇਂ ਨੂੰ, ਲਹੂ-ਡੋਲ੍ਹਵੀਂ ਹੋਈ ਲੜਾਈ ਹੈਸੀ।

ਉਹਨਾਂ ਡਟ ਕੇ ਕੀਤਾ ਮੁਕਾਬਲਾ ਸੀ, ਦੁਸ਼ਮਣ-ਦਲਾਂ 'ਚ ਭਾਜੜ ਤਦ ਪਾਈ ਹੈਸੀ।
ਲੜਦੇ-ਲੜਦੇ ਸਨ ਸਭ ਸ਼ਹੀਦ ਹੋ ਗਏ, ਆਪਣੀ ਜਿੰਦੜੀ ਘੋਲ਼-ਘੁਮਾਈ ਹੈਸੀ।
'ਜਾਚਕ' ਆਪਣੀ ਜਾਨ 'ਤੇ ਖੇਡ ਕੇ ਇੰਞ, ਜਾਨ ਦੇਸ਼ ਤੇ ਕੌਮ ਵਿੱਚ ਪਾਈ ਹੈਸੀ।
ਦੁਨੀਆਂ ਵਿੱਚ ਨਹੀਂ ਮਿਲ਼ਦੀ ਮਿਸਾਲ ਕੋਈ, ਬੇਮਿਸਾਲ ਇਹ ਹੋਈ ਲੜਾਈ ਹੈਸੀ।



Downloaded from https:// www.studiestoday.com

Downloaded from https:// www.studiestoday.com

## ਔਖੇ ਸ਼ਬਦਾਂ ਦੇ ਅਰਥ

| | | | |
|---|---|---|---|
| **ਗੜ੍ਹੀ** | ਕਿਲ੍ਹਾ | **ਹੱਦ** | ਸੀਮਾ |
| **ਚੌਂਕੀ** | ਸਿਪਾਹੀਆਂ ਦੁਆਰਾ ਪਹਿਰਾ ਦੇਣ ਲਈ ਬਣਾਈ ਜਗ੍ਹਾ | | |
| **ਕਾਲ਼ੀ ਘਟਾ ਛਾ ਜਾਣਾ** | ਮੁਸੀਬਤ ਆ ਜਾਣਾ | **ਰੈਜਿਮੈਂਟ** | ਸੈਨਾ ਦੀ ਇੱਕ ਟੁਕੜੀ |
| **ਸਿਗਨਲਮੈਨ** | ਇਸ਼ਾਰਾ ਦੇਣ ਵਾਲ਼ਾ ਵਿਅਕਤੀ | | |
| **ਤਾਰ** | ਡਾਕ ਰਾਹੀਂ ਤੇਜ਼ੀ ਨਾਲ਼ ਭੇਜਿਆ ਜਾਣ ਵਾਲ਼ਾ ਸੁਨੇਹਾ | | |
| **ਘੋਲ਼-ਘੁਮਾਈ** | ਜਾਨ ਕੁਰਬਾਨ ਕਰ ਦੇਣਾ | **ਮਿਸਾਲ** | ਉਦਾਹਰਨ |
| **ਵਿਓਂਤ** | ਤਰਕੀਬ | **ਬੇਮਿਸਾਲ** | ਜਿਸ ਵਰਗਾ ਕੋਈ ਨਾ ਹੋਵੇ |



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਸਾਰਾਗੜ੍ਹੀ ਦਾ ਸਥਾਨ ਅੱਜ-ਕੱਲ੍ਹ ਪਾਕਿਸਤਾਨ ਵਿਖੇ ਹੈ।
- ਇਹ ਲੜਾਈ 12 ਸਤੰਬਰ, 1897 ਨੂੰ ਹੋਈ ਜਦੋਂ ਅਫ਼ਗਾਨਿਸਤਾਨ ਦੇ ਪਠਾਣਾਂ ਅਤੇ ਕਬਾਇਲੀਆਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਇਸ ਗੜ੍ਹੀ 'ਤੇ ਹਮਲਾ ਕਰ ਦਿੱਤਾ। ਉਸ ਵਕਤ ਇਸ ਗੜ੍ਹੀ ਵਿੱਚ ਚਾਰ ਸਿੱਖ ਰੈਜਿਮੈਂਟ ਦੇ 21 ਸਿੱਖ ਫ਼ੌਜੀ ਸਨ।
- ਕਰਨਲ ਹਾਗਟਨ ਨੇ ਰੈਜਿਮੈਂਟ ਨੂੰ ਕਿਹਾ ਕਿ ਗੜ੍ਹੀ ਛੱਡ ਕੇ ਵਾਪਸ ਆ ਜਾਓ ਪਰ ਸਿੱਖ ਫ਼ੌਜੀਆਂ ਨੇ ਗੜ੍ਹੀ ਵਿੱਚੋਂ ਭੱਜਣ ਦੀ ਥਾਂ 'ਤੇ ਟਾਕਰਾ ਕਰਨ ਨੂੰ ਤਰਜੀਹ ਦਿੱਤੀ ਅਤੇ ਦੁਸ਼ਮਣਾਂ ਨਾਲ਼ ਟਾਕਰਾ ਕਰਦੇ ਹੋਏ ਸਾਰੇ ਸੈਨਿਕ ਸ਼ਹੀਦ ਹੋ ਗਏ।
- ਇਹਨਾਂ ਸਭ ਫ਼ੌਜੀਆਂ ਨੂੰ ਉਸ ਸਮੇਂ ਦਾ ਸਭ ਤੋਂ ਵੱਡਾ ਸਨਮਾਨ 'ਇੰਡੀਅਨ ਆਰਡਰ ਆਫ਼ ਮੈਰਿਟ' ਦੇ ਕੇ ਸ਼ਰਧਾਂਜਲੀ ਦਿੱਤੀ ਗਈ।
- ਇਸ ਲੜਾਈ ਨੂੰ ਸੰਸਾਰ ਵਿੱਚ ਹੋਈਆਂ 8 ਮਹਾਨ ਲੜਾਈਆਂ ਦੇ ਵਿੱਚ ਸ਼ਾਮਲ ਕੀਤਾ ਗਿਆ। ਇੰਗਲੈਂਡ ਦੀ ਪਾਰਲੀਮੈਂਟ ਵਿੱਚ ਸਾਰਿਆਂ ਨੇ ਖੜ੍ਹੇ ਹੋ ਕੇ ਇਹਨਾਂ ਸ਼ਹੀਦ ਸੈਨਿਕਾਂ ਨੂੰ ਸ਼ਰਧਾਂਜਲੀ ਦਿੱਤੀ।

## ਪਾਠ-ਅਭਿਆਸ



### ੳ. ਜ਼ਬਾਨੀ ਅਭਿਆਸ:

(1) ਅੰਗਰੇਜ਼ਾਂ ਨੇ ਆਪਣੀ ਹੱਦ ਕਿੱਥੋਂ ਤੱਕ ਵਧਾਈ ਸੀ ?

(2) ਸਾਰਾਗੜ੍ਹੀ ਵਿੱਚ ਕਿੰਨੇ ਸੈਨਿਕ ਸਨ ?



Downloaded from https:// www.studiestoday.com

Downloaded from https:// www.studiestoday.com

(3) ਸਿੱਖ ਫ਼ੌਜੀਆਂ ਨੇ ਕੀ ਵਿਓਂਤ ਬਣਾਈ ?

(4) ਸਾਰਾਗੜ੍ਹੀ ਦੀ ਲੜਾਈ ਕਦੋਂ ਹੋਈ ?

(5) ਕਵਿਤਾ ਨੂੰ ਲੈਆਤਮਿਕ ਢੰਗ ਨਾਲ਼ ਸੁਣਾਓ।

**ਅ. ਹੇਠ ਲਿਖੀਆਂ ਸਤਰਾਂ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:**

- **ਹਮਲਾ ਕੀਤਾ ਕਬਾਇਲੀਆਂ ਗੜ੍ਹੀ ਉੱਤੇ,ਕਾਲ਼ੀ ਘਟਾ ਕੋਈ ਗੜ੍ਹੀ 'ਤੇ ਛਾਈ ਹੈਸੀ।**

(1) ਗੜ੍ਹੀ ਉੱਤੇ ਕੀ ਹੋਇਆ ਸੀ ?

..........................................................................................

..........................................................................................

..........................................................................................

- **ਅੱਗੋਂ ਕਰਨਲ ਦੇ ਵੱਲੋਂ ਸਭ ਸੈਨਿਕਾਂ ਨੂੰ, ਗੜ੍ਹੀ ਛੱਡਣ ਦੀ ਤਾਰ ਤਦ ਆਈ ਹੈਸੀ।**

(2) ਕਰਨਲ ਦੁਆਰਾ ਸੈਨਿਕਾਂ ਨੂੰ ਕੀ ਕਿਹਾ ਗਿਆ ਸੀ ?

..........................................................................................

..........................................................................................

..........................................................................................

- **ਦੁਨੀਆਂ ਵਿੱਚ ਨਹੀਂ ਮਿਲ਼ਦੀ ਮਿਸਾਲ ਕੋਈ, ਬੇਮਿਸਾਲ ਇਹ ਹੋਈ ਲੜਾਈ ਹੈਸੀ।**

(3) ਇਸ ਵਿੱਚ ਕਿਸ ਮਿਸਾਲ ਦੀ ਗੱਲ ਕੀਤੀ ਗਈ ਹੈ ?

..........................................................................................

..........................................................................................

..........................................................................................



Downloaded from https:// www.studiestoday.com

Downloaded from https:// www.studiestoday.com

ੲ. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:

ਅੰਗਰੇਜ਼ ..........................................................................................

..........................................................................................

ਚੌਂਕੀ ..........................................................................................

..........................................................................................

ਹਮਲਾ ..........................................................................................

..........................................................................................

ਮੁਖੀ ..........................................................................................

..........................................................................................

ਕਰਨਲ ..........................................................................................

..........................................................................................

ਵਿਉਂਤ ..........................................................................................

..........................................................................................

ਮੁਕਾਬਲਾ ..........................................................................................

..........................................................................................

ਸ਼ਹੀਦ ..........................................................................................

..........................................................................................



Downloaded from https:// www.studiestoday.com

Downloaded from https:// www.studiestoday.com

ਸ. ਸਾਰਾਗੜ੍ਹੀ ਦੀ ਲੜਾਈ ਬਾਰੇ ਕੁਝ ਸਤਰਾਂ ਲਿਖੋ :

.......................................................................................................

.......................................................................................................

.......................................................................................................

.......................................................................................................

.......................................................................................................

.......................................................................................................

.......................................................................................................

.......................................................................................................

**ਅਧਿਆਪਕ ਲਈ ਅਗਵਾਈ-ਲੀਹਾਂ:੦**

ਤਾਰ (ਇੱਕ ਟੈਲੀਗ੍ਰਾਮ-ਸੇਵਾ) ਇਸ ਨਾਲ਼ ਜਲਦੀ ਭੇਜਣ ਵਾਲ਼ੇ ਸੁਨੇਹੇ ਇੱਕ ਥਾਂ ਤੋਂ ਦੂਜੀ ਥਾਂ ਤੱਕ ਪਹੁੰਚਾਏ ਜਾਂਦੇ ਸਨ। ਚੰਗੇ-ਮਾੜੇ ਸੁਨੇਹੇ ਜਿਵੇਂ ਜਨਮ, ਮੌਤ, ਵਿਆਹ, ਨੌਕਰੀ, ਯੁੱਧ, ਦੁਰਘਟਨਾ ਆਦਿ।

- ਈਸਟ ਇੰਡੀਆ ਕੰਪਨੀ ਨੇ ਦੇਸ ਵਿੱਚ 1851 ਈਸਵੀ ਤੋਂ 1854 ਈਸਵੀ ਤੱਕ ਟੈਲੀਗ੍ਰਾਮ ਲਾਈਨਾਂ ਵਿਛਾਈਆਂ ਸਨ।
- ਈਸਟ ਇੰਡੀਆ ਕੰਪਨੀ ਨੇ ਹੀ ਇਹ ਸਹੂਲਤ 1854 ਈਸਵੀ ਵਿੱਚ ਆਮ ਲੋਕਾਂ ਲਈ ਖੋਲ੍ਹੀ ਸੀ।
- ਭਾਰਤ ਵਿੱਚ ਪਹਿਲੀ ਤਾਰ 27 ਅਪਰੈਲ, 1854 ਈਸਵੀ ਨੂੰ ਮੁੰਬਈ ਤੋਂ ਪੁਣੇ ਭੇਜੀ ਗਈ ਸੀ।
- ਤਾਰ ਦੀ ਸਹੂਲਤ ਤਕਨੀਕ ਵਿਕਸਿਤ ਹੋਣ ਕਾਰਨ 160 ਸਾਲ ਬਾਅਦ 15 ਜੁਲਾਈ, 2013 ਈਸਵੀ ਨੂੰ ਬੰਦ ਕਰ ਦਿੱਤੀ ਗਈ ਸੀ।



Downloaded from https:// www.studiestoday.com

Downloaded from https:// www.studiestoday.com

ਪਾਠ - 21

# ਅਸਲੀ ਸਿੱਖਿਆ

ਸਵੇਰ ਤੋਂ ਮੀਂਹ ਪੈ ਰਿਹਾ ਸੀ। ਬੱਦਲ਼ ਅਜੇ ਵੀ ਘੁਲ਼ੇ ਹੋਏ ਸਨ। ਲੱਗਦਾ ਸੀ ਕਿ ਅਜੇ ਹੋਰ ਵੀ ਮੀਂਹ ਪਵੇਗਾ।

ਨਦੀ ਵਿੱਚ ਕਾਫ਼ੀ ਪਾਣੀ ਆ ਗਿਆ ਸੀ। ਪਾਣੀ ਦਾ ਵਹਾਅ ਤੇਜ਼ ਸੀ। ਇਹ ਕਿਸੇ ਨੂੰ ਪਤਾ ਨਹੀਂ ਸੀ ਕਿ ਨਦੀ ਦਾ ਪਾਣੀ ਲੰਘਣ ਵਾਲ਼ਿਆਂ ਨੂੰ ਵੀ ਰੋੜ੍ਹ ਕੇ ਲੈ ਜਾਵੇਗਾ। ਅੱਗੇ ਵੀ ਇਵੇਂ ਹੀ ਹੁੰਦਾ ਸੀ। ਜਦੋਂ ਬਾਰਸ਼ ਜ਼ਿਆਦਾ ਹੋ ਜਾਏ ਤਾਂ ਨਦੀ ਵਿੱਚ ਪਾਣੀ ਦਾ ਵਹਾਅ ਵਧ ਜਾਂਦਾ ਸੀ। ਉਦੋਂ ਡ੍ਰਾਈਵਰ ਬੱਸਾਂ ਪਿੰਡ ਤੱਕ ਨਹੀਂ ਸੀ ਲਿਆਉਂਦੇ। ਨਦੀ ਤੋਂ ਪਾਰ ਉੱਚੀ ਥਾਂ ਖੜ੍ਹੀਆਂ ਕਰ ਦਿੰਦੇ ਸਨ। ਜਿਨ੍ਹਾਂ ਸਵਾਰੀਆਂ ਨੇ ਬੱਸ ਲੈਣੀ ਹੁੰਦੀ ਸੀ, ਉਹਨਾਂ ਨੂੰ ਨਦੀ ਪਾਰ ਕਰਨੀ ਪੈਂਦੀ ਸੀ। ਨਦੀ ਪਾਰ ਕਰ ਕੇ ਬੱਸ ਤੱਕ ਜਾਂ ਪਿੰਡ ਪੁੱਜਣਾ ਪੈਂਦਾ ਸੀ। ਕਦੇ-ਕਦੇ ਜਦੋਂ ਬਰਸਾਤ ਬਹੁਤੀ ਹੋਵੇ ਅਤੇ ਨਦੀ ਵਿੱਚ ਜ਼ਿਆਦਾ ਪਾਣੀ ਆ ਜਾਏ ਤਾਂ ਕਈ-ਕਈ ਘੰਟੇ ਉਡੀਕਣਾ ਵੀ ਪੈ ਜਾਂਦਾ ਸੀ।

ਅੱਜ ਨਦੀ ਵਿੱਚ ਬਹੁਤ ਪਾਣੀ ਸੀ। ਲੋਕ ਟੋਲੀਆਂ ਬਣਾ-ਬਣਾ ਨਦੀ ਪਾਰ ਕਰ ਰਹੇ ਸਨ। ਨਿੱਕੇ ਬਾਲਾਂ ਨੂੰ ਵੱਡਿਆਂ ਨੇ ਮੋਢਿਆਂ ਉੱਤੇ ਚੁੱਕਿਆ ਹੋਇਆ ਸੀ। ਬੱਚੇ ਸਗੋਂ ਨਦੀ ਵਿੱਚ ਤੇਜ਼ ਵਗਦਾ ਪਾਣੀ ਵੇਖ ਕੇ ਚਾਂਭਲ਼ ਰਹੇ ਸਨ। ਕਿਸੇ ਨੇ ਸਾਈਕਲ ਦੇ ਕੈਰੀਅਰ 'ਤੇ ਦੁੱਧ ਵਾਲ਼ੇ ਢੋਲ ਵੀ ਲੱਦੇ ਹੋਏ ਸਨ। ਜਿੱਥੇ ਤੱਕ ਨਜ਼ਰ ਜਾਂਦੀ, ਨਦੀ ਪਾਰ ਕਰ ਰਹੇ ਲੋਕ ਵਿਖਾਈ ਦਿੰਦੇ ਸਨ।



ਜੇਕਰ ਕੋਈ ਜਣਾ ਪਾਣੀ ਵਿੱਚ ਖਲੋ ਜਾਂਦਾ ਸੀ ਤਾਂ ਪੈਰਾਂ ਹੇਠੋਂ ਰੇਤ ਖਿਸਕ-ਖਿਸਕ ਜਾਂਦੀ ਸੀ। ਸਾਰਿਆਂ ਨੇ ਇੱਕ-ਦੂਜੇ ਦੇ ਹੱਥ ਫੜੇ ਹੋਏ ਸਨ ਤੇ ਉਹ ਹੌਲ਼ੀ-ਹੌਲ਼ੀ ਨਦੀ ਪਾਰ ਕਰ ਰਹੇ ਸਨ।



Downloaded from https:// www.studiestoday.com

Downloaded from https:// www.studiestoday.com

ਉੱਧਰ ਸਕੂਲ ਵਿੱਚ ਛੁੱਟੀ ਹੋ ਗਈ ਸੀ। ਵਿਦਿਆਰਥੀ ਅਤੇ ਅਧਿਆਪਕ ਘਰਾਂ ਨੂੰ ਤੁਰ ਪਏ ਸਨ। ਉਹਨਾਂ ਵਿੱਚੋਂ ਕਈਆਂ ਨੂੰ ਇਹ ਨਦੀ ਪਾਰ ਕਰਨੀ ਪੈਣੀ ਸੀ। ਉਹ ਵੀ ਲੋਕਾਂ ਵਾਂਗ ਨਦੀ ਵਿੱਚ ਵੜ ਗਏ। ਉਸ ਵੇਲ਼ੇ ਪਿੱਛੇ ਆ ਰਹੇ ਵਿਦਿਆਰਥੀਆਂ ਨੇ ਵੇਖਿਆ ਕਿ ਸ਼ਾਰਦਾ ਭੈਣ ਜੀ ਦਾ ਹੱਥ ਮਨਜੀਤ ਭੈਣ ਜੀ ਦੇ ਹੱਥੋਂ ਛੁੱਟ ਗਿਆ ਸੀ ਤੇ ਉਹ ਨਦੀ ਵਿੱਚ ਰੁੜ੍ਹਨ ਲੱਗੇ ਸਨ। ਚਾਰੇ ਪਾਸੇ ਹਾਏ - ਤੌਬਾ ਮੱਚ ਗਈ। ਨੌਂਵੀਂ ਜਮਾਤ ਦਾ ਇੱਕ ਵਿਦਿਆਰਥੀ ਹਰਦੀਪ ਇਹ ਸਭ ਵੇਖ ਰਿਹਾ ਸੀ। ਹਰਦੀਪ ਨੇ ਇੱਕ ਪਲ ਵੀ ਨਾ ਉਡੀਕਿਆ। ਉਸ ਨੇ ਆਪਣਾ ਬਸਤਾ ਆਪਣੇ ਸਾਥੀ ਨੂੰ ਫੜਾਇਆ ਅਤੇ ਸ਼ਾਰਦਾ ਭੈਣ ਜੀ ਨੂੰ ਬਚਾਉਣ ਲਈ ਪਾਣੀ ਵਿੱਚ ਛਾਲ਼ ਮਾਰ ਦਿੱਤੀ। ਉਹ ਬਿਜਲੀ ਦੀ ਫੁਰਤੀ ਨਾਲ਼ ਤਰਦਾ ਹੋਇਆ ਸ਼ਾਰਦਾ ਭੈਣ ਜੀ ਵੱਲ ਵਧਿਆ। ਉਹਨਾਂ ਨੂੰ ਫੜ ਕੇ ਡੂੰਘੇ ਪਾਣੀ ਵਿੱਚੋਂ ਘੱਟ ਪਾਣੀ ਵੱਲ ਲੈ ਆਇਆ। ਘਬਰਾਹਟ ਨਾਲ਼ ਸ਼ਾਰਦਾ ਭੈਣ ਜੀ ਦਾ ਬੁਰਾ ਹਾਲ ਸੀ ਪਰ ਉਹਨਾਂ ਦਾ ਬਚਾਅ ਹੋ ਗਿਆ ਸੀ।

ਸਾਰੇ ਅਧਿਆਪਕ-ਅਧਿਆਪਕਾਵਾਂ, ਵਿਦਿਆਰਥੀ ਅਤੇ ਹੋਰ ਲੋਕ ਹਰਦੀਪ ਦੀ ਹਿੰਮਤ ਦੀ ਪ੍ਰਸੰਸਾ ਕਰ ਰਹੇ ਸਨ।

ਅਗਲੇ ਦਿਨ ਜਦੋਂ ਸਵੇਰ ਦੀ ਸਭਾ ਹੋ ਰਹੀ ਸੀ ਤਾਂ ਪ੍ਰਾਰਥਨਾ ਤੋਂ ਬਾਅਦ ਮੁੱਖ ਅਧਿਆਪਕ ਜੀ ਨੇ ਹਰਦੀਪ ਦੀ ਬੜੀ ਤਾਰੀਫ਼ ਕੀਤੀ। ਸਾਰਿਆਂ ਨੇ ਹਰਦੀਪ ਦੇ ਸਨਮਾਨ ਵਿੱਚ ਤਾੜੀਆਂ ਮਾਰੀਆਂ। ਹਰਦੀਪ ਵੀ ਬੜਾ ਖ਼ੁਸ਼ ਸੀ।

ਇਸ ਗੱਲ ਨੂੰ ਦੋ-ਤਿੰਨ ਮਹੀਨੇ ਲੰਘ ਗਏ। ਸਕੂਲ ਵਿੱਚ ਸਲਾਨਾ ਪਰੀਖਿਆ ਹੋ ਰਹੀ ਸੀ। ਇੱਕ ਦਿਨ ਨੌਂਵੀਂ ਜਮਾਤ ਦਾ ਅੰਗਰੇਜ਼ੀ ਦਾ ਪਰਚਾ ਸੀ। ਹਰਦੀਪ ਵੀ ਪਰੀਖਿਆ ਦੇ ਰਿਹਾ ਸੀ। ਉਸ ਨੇ ਜਦੋਂ ਵੇਖਿਆ ਕਿ ਉਸ ਦਿਨ ਉਹਨਾਂ ਦੀ ਸ਼੍ਰੇਣੀ ਵਿੱਚ ਪਰੀਖਿਆ ਦੀ ਨਿਗਰਾਨੀ ਸ਼ਾਰਦਾ ਭੈਣ ਜੀ ਕਰ ਰਹੇ ਹਨ ਤਾਂ ਹਰਦੀਪ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਹ ਪੜ੍ਹਾਈ ਵਿੱਚ ਬਹੁਤਾ ਹੁਸ਼ਿਆਰ ਨਹੀਂ ਸੀ। ਉਸ ਨੇ ਸੋਚਿਆ ਕਿ ਬਾਕੀ ਪਰਚਿਆਂ ਵਿੱਚੋਂ ਭਾਵੇਂ ਰਹਿ ਜਾਏ, ਅੰਗਰੇਜ਼ੀ ਵਿੱਚੋਂ ਉਹ ਪਾਸ ਹੋ ਹੀ ਜਾਵੇਗਾ। ਸ਼ਾਰਦਾ ਭੈਣ ਜੀ ਅੰਗਰੇਜ਼ੀ ਦੇ ਪਰਚੇ ਵਿੱਚ ਉਸ ਨੂੰ ਨਕਲ ਕਰਨ ਤੋਂ ਰੋਕਣਗੇ ਨਹੀਂ। ਉਸ ਨੂੰ ਯਾਦ ਆਇਆ ਕਿ ਉਸ ਨੇ ਨਦੀ ਵਿੱਚ ਰੁੜ੍ਹੇ ਜਾ ਰਹੇ ਸ਼ਾਰਦਾ ਭੈਣ ਜੀ ਦੀ ਜਾਨ ਬਚਾਈ ਸੀ। ਉਸ ਨੇ ਕਿਤਾਬ ਖੋਲ੍ਹ ਕੇ ਆਪਣੇ ਗੱਤੇ ਹੇਠ ਰੱਖ ਲਈ। ਉਹ ਕਿਤਾਬ ਵਿੱਚੋਂ ਵੇਖ-ਵੇਖ ਕੇ ਸਵਾਲਾਂ ਦੇ ਜਵਾਬ ਲਿਖਣ ਲੱਗਾ। ਸ਼ਾਰਦਾ ਭੈਣ ਜੀ ਨੇ ਉਸ ਨੂੰ ਨਕਲ ਕਰਦੇ ਨੂੰ ਵੇਖ ਲਿਆ। ਉਹ ਉਸ ਕੋਲ਼ ਆਏ ਅਤੇ ਖਲੋ ਗਏ । ਉਹ ਹਰਦੀਪ ਨੂੰ ਕਿਤਾਬ ਵਿੱਚੋਂ ਨਕਲ ਕਰਦਿਆਂ ਦੇਖ ਕੇ ਕਹਿਣ ਲੱਗੇ, "ਬੇਟਾ ਹਰਦੀਪ ! ਤੂੰ ਇਹ ਕੀ ਕਰ ਰਿਹਾ ਹੈਂ ? ਆਹ ਤੇਰੇ ਗੱਤੇ ਹੇਠ ਕੀ ਏ ?"

ਸ਼ਾਰਦਾ ਭੈਣ ਜੀ ਨੇ ਉਸ ਦੇ ਗੱਤੇ ਹੇਠ ਰੱਖੀ ਕਿਤਾਬ ਫੜ ਲਈ। ਹਰਦੀਪ ਉਹਨਾਂ ਦੇ ਤਰਲੇ ਕਰਨ ਲੱਗਾ, "ਕਰਨ ਦੇਵੋ ਨਾ, ਭੈਣ ਜੀ, ਮੈਨੂੰ ਨਕਲ !" ਉਸ ਨੇ ਸੋਚਿਆ ਕਿ ਸ਼ਾਇਦ ਸ਼ਾਰਦਾ ਭੈਣ ਜੀ ਉਸ ਦਿਨ ਦੇ ਬਦਲੇ ਵਿੱਚ ਉਸ ਨੂੰ ਨਕਲ ਕਰਨ ਦੇਣਗੇ।

ਸ਼ਾਰਦਾ ਭੈਣ ਜੀ ਨੇ ਉਸ ਨੂੰ ਕਿਤਾਬ ਨਾ ਦਿੱਤੀ । ਉਸ ਨੇ ਕਿਹਾ, "ਭੈਣ ਜੀ ! ਮੈਂ ਤੁਹਾਨੂੰ ਉਸ ਦਿਨ ਰੁੜ੍ਹਨ ਤੋਂ ਬਚਾਇਆ ਸੀ। ਭੁੱਲ ਗਿਐ, ਤੁਹਾਨੂੰ ?"



Downloaded from https:// www.studiestoday.com

Downloaded from https:// www.studiestoday.com



ਸ਼ਾਰਦਾ ਭੈਣ ਜੀ ਨੇ ਬੜੇ ਠਰ੍ਹੰਮੇ ਨਾਲ਼ ਉਸ ਨੂੰ ਕਿਹਾ, "ਬੇਟਾ ਮੈਂ ਵੀ ਤਾਂ ਤੈਨੂੰ ਰੁੜ੍ਹੇ ਜਾਂਦੇ ਨੂੰ ਹੀ ਬਚਾ ਰਹੀ ਹਾਂ। ਮੈਂ ਤਾਂ ਉਸ ਦਿਨ ਨਦੀ ਦੇ ਪਾਣੀ ਵਿੱਚ ਰੁੜ੍ਹਨ ਲੱਗੀ ਸਾਂ ਪਰ ਤੂੰ ਜਿਹੜੀ ਨਕਲ ਵਾਲ਼ੀ ਨਦੀ ਵਿੱਚ ਰੁੜ੍ਹਨ ਲੱਗਾ ਏਂ, ਇਹ ਉਸ ਤੋਂ ਵੀ ਵੱਧ ਮਾਰੂ ਏ। ਤੂੰ ਠੀਕ ਢੰਗ ਨਾਲ਼ ਪੜ੍ਹ ਕੇ ਹੀ ਜ਼ਿੰਦਗੀ ਦੀ ਨਦੀ ਪਾਰ ਕਰ ਸਕੇਂਗਾ। ਬੱਸ, ਇਹੋ ਜ਼ਿੰਦਗੀ ਦੀ ਅਸਲ ਸਿੱਖਿਆ ਏ, ਇਹੋ ਪੜ੍ਹਾਈ ਏ।"

ਹਰਦੀਪ ਨੂੰ ਲੱਗਾ ਜਿਵੇਂ ਸ਼ਾਰਦਾ ਭੈਣ ਜੀ ਸੌ ਫ਼ੀਸਦੀ ਸੱਚ ਆਖ ਰਹੇ ਹਨ। ਉਹ ਆਪਣੇ-ਆਪ ਆਪਣਾ ਪਰਚਾ ਹੱਲ ਕਰਨ ਲੱਗਾ।

## ਔਖੇ ਸ਼ਬਦਾਂ ਦੇ ਅਰਥ

| | | | | | |
|---|---|---|---|---|---|
| **ਬਾਲਾਂ** | : | ਬੱਚਿਆਂ | **ਚਾਂਭਲ਼ਨਾ** | : | ਸ਼ਰਾਰਤਾਂ ਕਰਨਾ |
| **ਠਰ੍ਹੰਮੇ ਨਾਲ਼** | : | ਧੀਰਜ ਨਾਲ਼ | **ਮਾਰੂ** | : | ਖ਼ਤਰਨਾਕ |
| **ਸੌ ਫ਼ੀਸਦ** | : | ਸੌ ਵਿੱਚੋਂ ਸੌ (ਸੌ ਪ੍ਰਤਿਸ਼ਤ) | | | |



## ਕੁਝ ਹੋਰ ਯਾਦ ਰੱਖਣ ਯੋਗ ਗੱਲਾਂ

- ਹਮੇਸ਼ਾਂ ਵੱਡਿਆਂ ਦਾ ਸਤਿਕਾਰ ਤੇ ਛੋਟਿਆਂ ਨਾਲ਼ ਪਿਆਰ ਕਰੋ।
- ਕਿਸੇ ਵੀ ਕੰਮ ਨੂੰ ਛੋਟਾ ਨਾ ਸਮਝੋ।
- ਲੋੜਵੰਦਾਂ ਦੀ ਹਮੇਸ਼ਾਂ ਮਦਦ ਕਰੋ।
- ਮਿਹਨਤ ਦਾ ਪੱਲਾ ਨਾ ਛੱਡੋ।
- ਸਮੇਂ ਦੀ ਕਦਰ ਕਰੋ।



Downloaded from https:// www.studiestoday.com

Downloaded from https:// www.studiestoday.com

## ਪਾਠ-ਅਭਿਆਸ



### ੳ. ਜ਼ਬਾਨੀ ਅਭਿਆਸ:

(1) ਬਾਰਸ਼ ਜ਼ਿਆਦਾ ਹੋਣ ਨਾਲ਼ ਨਦੀ ਵਿੱਚ ਕੀ ਹੁੰਦਾ ਸੀ ?

(2) ਜਦੋਂ ਕੋਈ ਜਣਾ ਪਾਣੀ ਵਿੱਚ ਖਲੋ ਜਾਂਦਾ ਸੀ ਤਾਂ ਕੀ ਹੁੰਦਾ ਸੀ ?

(3) ਹਰਦੀਪ ਸ਼ਾਰਦਾ ਭੈਣ ਜੀ ਦੇ ਤਰਲੇ ਕਿਉਂ ਕਰ ਰਿਹਾ ਸੀ ?

(4) ਇਸ ਕਹਾਣੀ ਦੀ ਅਸਲੀ ਸਿੱਖਿਆ ਕੀ ਹੈ ?

### ਅ. ਕਹਾਣੀ ਵਿੱਚੋਂ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:

- **ਉੱਧਰ ਸਕੂਲ ਵਿੱਚ ਛੁੱਟੀ ਹੋ ਗਈ ਸੀ। .................. ਬਚਾਅ ਹੋ ਗਿਆ ਸੀ।**

(1) ਸ਼ਾਰਦਾ ਭੈਣ ਜੀ ਦਾ ਹੱਥ ਕਿਸ ਨੇ ਫੜਿਆ ਹੋਇਆ ਸੀ ?

..........................................................................................

..........................................................................................

..........................................................................................

(2) ਸ਼ਾਰਦਾ ਭੈਣ ਜੀ ਨਦੀ ਵਿੱਚ ਕਿਉਂ ਰੁੜ੍ਹਨ ਲੱਗੇ ਸਨ ?

..........................................................................................

..........................................................................................

..........................................................................................

(3) ਹਰਦੀਪ ਕਿਸ ਜਮਾਤ ਵਿੱਚ ਪੜ੍ਹਦਾ ਸੀ ?

..........................................................................................

..........................................................................................

..........................................................................................



Downloaded from https:// www.studiestoday.com

Downloaded from https:// www.studiestoday.com

(4) ਹਰਦੀਪ ਨੇ ਸ਼ਾਰਦਾ ਭੈਣ ਜੀ ਨੂੰ ਕਿਵੇਂ ਬਚਾਇਆ ?

..............................................................................................

..............................................................................................

..............................................................................................

## ੲ. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:

ਨਦੀ ..............................................................................................

ਪਾਣੀ ..............................................................................................

ਸਨਮਾਨ ..............................................................................................

ਹੁਸ਼ਿਆਰ ..............................................................................................

ਨਕਲ ..............................................................................................

## ਸ. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:

| | | | |
|---|---|---|---|
| ਵੱਧ | ਘੱਟ | ਹੁਸ਼ਿਆਰ | ................ |
| ਨਿੱਕਾ | ................ | ਪਾਸ | ................ |
| ਉੱਚਾ | ................ | ਬਹੁਤਾ | ................ |
| ਹੌਲ਼ੀ | ................ | ਹੇਠ | ................ |
| ਡੁੱਬਣਾ | ................ | ਜ਼ਿੰਦਗੀ | ................ |

## ਹ. ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਢੁਕਵੇਂ ਵਿਸ਼ੇਸ਼ਣ ਚੁਣ ਕੇ ਖ਼ਾਲੀ ਥਾਂਵਾਂ ਭਰੋ:

(ਹੌਲ਼ੀ-ਹੌਲ਼ੀ, ਉੱਚੀ, ਨੌਂਵੀਂ, ਹੁਸ਼ਿਆਰ, ਬਹੁਤਾ,ਵਧ)

1. ਅੱਜ ਨਦੀ ਵਿੱਚ ....................... ਪਾਣੀ ਸੀ।

2. ਡ੍ਰਾਈਵਰ ਬੱਸਾਂ ....................... ਥਾਂ ਖੜ੍ਹੀਆਂ ਕਰ ਦਿੰਦੇ ਸਨ।



Downloaded from https:// www.studiestoday.com

Downloaded from https:// www.studiestoday.com

3. ਪਾਣੀ ਦਾ ਵਹਾਅ ...................... ਜਾਂਦਾ ਸੀ।

4. ਉਹ ...................... ਨਦੀ ਪਾਰ ਕਰ ਰਹੇ ਸਨ।

5. ਇੱਕ ਦਿਨ ...................... ਜਮਾਤ ਦਾ ਅੰਗਰੇਜ਼ੀ ਦਾ ਪਰਚਾ ਸੀ।

6. ਉਹ ਪੜ੍ਹਾਈ ਵਿੱਚ ਬਹੁਤ ...................... ਨਹੀਂ ਸੀ।

**ਕ. ਹੇਠ ਲਿਖੇ ਵਾਕਾਂ ਨੂੰ ਵਚਨ ਬਦਲ ਕੇ ਲਿਖੋ :**

1. ਬੱਸ ਪਿੰਡ ਤੱਕ ਨਹੀਂ ਆਈ।

2. ਬਾਲ ਨੂੰ ਵੱਡੇ ਨੇ ਚੁੱਕਿਆ ਹੋਇਆ ਸੀ।

**ਖ. ਇਸ ਕਹਾਣੀ ਤੋਂ ਸਾਨੂੰ ਜੋ ਸਿੱਖਿਆ ਮਿਲ਼ਦੀ ਹੈ, ਉਸ ਨੂੰ ਸੰਖੇਪ ਕਰ ਕੇ ਲਿਖੋ :**

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

**ਅਧਿਆਪਕ ਲਈ ਅਗਵਾਈ-ਲੀਹਾਂ:**

- ਵਿਦਿਆਰਥੀਆਂ ਨੂੰ ਵਿਸ਼ੇਸ਼ਣ ਦਾ ਸੰਕਲਪ ਕਰਵਾਇਆ ਜਾਵੇ।



Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

# ਪੰਜਾਬੀ ਪੁਸਤਕ-5

## ਪੰਜਵੀਂ ਜਮਾਤ

ਦੂਜੀ ਭਾਸ਼ਾ

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

Downloaded from https:// www.studiestoday.com

Downloaded from https:// www.studiestoday.com

© ਪੰਜਾਬ ਸਰਕਾਰ

**ਦੂਜਾ ਐਡੀਸ਼ਨ 2016......... 20,000 ਕਾਪੀਆਂ**
**ਤੀਜਾ ਐਡੀਸ਼ਨ 2019......... 29,000 ਕਾਪੀਆਂ**

All rights, including those of translation, reproduction and annotation etc., are reserved by the Punjab Government.

## ਚਿਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦ-ਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।
(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਮੁੱਲ :

**ਸਕੱਤਰ,** ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ **ਸਾਹਨੀ ਪ੍ਰਿੰਟਰਜ਼, ਜਲੰਧਰ** ਰਾਹੀਂ ਛਾਪੀ ਗਈ।

Downloaded from https:// www.studiestoday.com

Downloaded from https:// www.studiestoday.com

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ ਰਾਜ ਦੀ ਸਕੂਲ-ਸਿੱਖਿਆ ਸੰਬੰਧੀ ਜਿਹੜਾ ਬਹੁਪੱਖੀ ਵਿੱਦਿਅਕ ਕਾਰਜ ਕਰਦਾ ਹੈ, ਉਹਨਾਂ ਵਿੱਚੋਂ ਇੱਕ ਮਹੱਤਵਪੂਰਨ ਕਾਰਜ ਸਿੱਖਿਆ-ਕ੍ਰਮ ਅਤੇ ਪਾਠ-ਕ੍ਰਮ ਬਣਾ ਕੇ, ਇਹਨਾਂ ਮੁਤਾਬਕ ਪਾਠ-ਪੁਸਤਕਾਂ ਤਿਆਰ ਕਰਕੇ ਵਿਦਿਆਰਥੀਆਂ ਤੱਕ ਪਹੁੰਚਾਉਣਾ ਹੈ।

ਹਥਲੀ ਪਾਠ-ਪੁਸਤਕ ਪੰਜਵੀਂ ਸ਼੍ਰੇਣੀ (ਦੂਜੀ ਭਾਸ਼ਾ) ਦੇ ਵਿਦਿਆਰਥੀਆਂ ਲਈ ਐੱਨ. ਸੀ. ਐੱਫ਼. 2005 ਅਤੇ ਪੀ. ਸੀ. ਐੱਫ਼. 2013 ਦੀਆਂ ਸਿਫ਼ਾਰਸ਼ਾਂ ਨੂੰ ਮੱਦੇਨਜ਼ਰ ਰੱਖਦਿਆਂ ਤਿਆਰ ਕੀਤੀ ਗਈ ਹੈ। ਇਹਨਾਂ ਪਾਠ-ਪੁਸਤਕਾਂ ਨੂੰ ਸਮੇਂ-ਸਮੇਂ 'ਤੇ ਸੋਧਿਆ ਜਾਂਦਾ ਹੈ ਅਤੇ ਇੱਕ ਅੰਤਰਾਲ ਪਿੱਛੋਂ ਦੇਸ ਤੇ ਸਮਾਜ ਵਿੱਚ ਹੋਈ ਤਰੱਕੀ ਅਤੇ ਤਬਦੀਲੀਆਂ ਦੇ ਸਨਮੁੱਖ ਨਵੀਂਆਂ ਪਾਠ-ਪੁਸਤਕਾਂ ਤਿਆਰ ਕੀਤੀਆਂ ਜਾਂਦੀਆਂ ਹਨ। ਇਹ ਇੱਕ ਨਿਰੰਤਰ ਪ੍ਰਕਿਰਿਆ ਹੈ।

ਪੰਜਾਬੀ ਵਿਸ਼ੇ ਦੀਆਂ ਪਾਠ-ਪੁਸਤਕਾਂ (ਦੂਜੀ ਭਾਸ਼ਾ) ਵਿੱਚ ਵਿਦਿਆਰਥੀਆਂ ਦੀਆਂ ਰੁਚੀਆਂ ਅਤੇ ਵਿਕਾਸ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਡੇ ਅਮੀਰ ਸੱਭਿਆਚਾਰਿਕ ਵਿਰਸੇ ਅਤੇ ਸਮਾਜਿਕ ਵਿਕਾਸ ਨੂੰ ਪ੍ਰਗਟਾਉਂਦੀ ਅਜਿਹੀ ਪਾਠ-ਸਮਗਰੀ ਦੇਣ ਦੀ ਕੋਸ਼ਸ਼ ਕੀਤੀ ਗਈ ਹੈ ਜਿਸ ਨਾਲ਼ ਵਿਦਿਆਰਥੀਆਂ ਨੂੰ ਭਾਸ਼ਾ ਸਿਖਾਉਣ ਦੇ ਨਾਲ਼-ਨਾਲ਼ ਉਸਾਰੂ ਕਦਰਾਂ-ਕੀਮਤਾਂ ਦਾ ਧਾਰਨੀ ਵੀ ਬਣਾਇਆ ਜਾ ਸਕੇ। ਹਥਲੀ ਪਾਠ-ਪੁਸਤਕ ਵਿੱਚ ਪਾਠ-ਸਮਗਰੀ ਨੂੰ ਵਿਦਿਆਰਥੀਆਂ ਦੇ ਸਮਾਜਿਕ ਤੇ ਪ੍ਰਕਿਰਤਿਕ ਵਾਤਾਵਰਨ ਅਨੁਸਾਰ ਢਾਲ਼ਿਆ ਗਿਆ ਹੈ।

ਇਸ ਪਾਠ-ਪੁਸਤਕ ਨੂੰ ਦਫ਼ਤਰੀ ਪੱਧਰ 'ਤੇ ਡਾਇਰੈਕਟਰ ਅਕਾਦਮਿਕ ਸ੍ਰੀਮਤੀ ਮਨਜੀਤ ਕੌਰ ਜੀ ਦੀ ਨਿਗਰਾਨੀ ਹੇਠ ਸ੍ਰੀਮਤੀ ਪਰਮਿੰਦਰ ਕੌਰ ਵਿਸ਼ਾ-ਮਾਹਰ ਨੇ ਤਿਆਰ ਕੀਤਾ ਹੈ। ਇਸ ਨੂੰ ਤਿਆਰ ਕਰਦਿਆਂ ਖੇਤਰ ਵਿੱਚੋਂ ਡਾ. ਵਰਿੰਦਰਜੀਤ ਵਾਤਿਸ਼, ਸ੍ਰੀ ਮਨਮੋਹਨ ਸਿੰਘ ਦਾਊਂ, ਸ੍ਰੀ ਜਸਵੀਰ ਸਿੰਘ ਲੰਗੜੋਆ ਅਤੇ ਸ: ਅਮਰੀਕ ਸਿੰਘ ਦਿਆਲ ਨੇ ਯੋਗਦਾਨ ਪਾਇਆ ਹੈ। ਇਸ ਪਾਠ-ਪੁਸਤਕ ਦੇ ਚਿੱਤਰ ਸ੍ਰੀ ਅਮਰਜੀਤ ਸਿੰਘ ਵਾਲੀਆ ਨੇ ਤਿਆਰ ਕੀਤੇ ਹਨ।

ਜਿਹੜੇ ਲੇਖਕਾਂ ਦੀਆਂ ਰਚਨਾਵਾਂ ਇਸ ਪਾਠ-ਪੁਸਤਕ ਵਿੱਚ ਸ਼ਾਮਲ ਕੀਤੀਆਂ ਹਨ, ਬੋਰਡ ਵੱਲੋਂ ਉਹਨਾਂ ਦਾ ਧੰਨਵਾਦ ਕੀਤਾ ਜਾਂਦਾ ਹੈ।

ਇਸ ਪਾਠ-ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਅਧਿਆਪਕਾਂ ਅਤੇ ਮਾਪਿਆਂ ਦੇ ਸੁਝਾਵਾਂ ਦਾ ਸੁਆਗਤ ਕੀਤਾ ਜਾਵੇਗਾ।

**ਚੇਅਰਪਰਸਨ**
**ਪੰਜਾਬ ਸਕੂਲ ਸਿੱਖਿਆ ਬੋਰਡ**

Downloaded from https:// www.studiestoday.com

Downloaded from https:// www.studiestoday.com

# ਤਤਕਰਾ


| ਲੜੀ ਨੰ. | ਵਿਸ਼ਾ | | ਲੇਖਕ | ਪੰਨਾ ਨੰ. |
|---|---|---|---|---|
| 1. | ਸਾਡਾ ਦੇਸ ਮਹਾਨ | ਕਵਿਤਾ | ਸ਼ਿਵ ਕੁਮਾਰ ਬਟਾਲਵੀ | 01 |
| 2. | ਆਲ੍ਹਣਿਆਂ ਦੀ ਰਾਖੀ | ਕਹਾਣੀ | ਬਲਜਿੰਦਰ ਮਾਨ | 04 |
| 3. | ਮੇਰੀ ਪਿਆਰੀ ਮਾਂ | ਕਵਿਤਾ | ਸੁਨੀਲਮ ਮੰਡ | 08 |
| 4. | ਕਿੱਕਲੀ | ਲੇਖ | ਸੁਖਦੇਵ ਮਾਦਪੁਰੀ | 11 |
| 5. | ਦੋ ਕੀੜੀਆਂ | ਕਹਾਣੀ | ਡਾ. ਵਰਿੰਦਰਜੀਤ ਵਾਤਿਸ਼ | 15 |
| 6. | ਕੌਮ ਦੀ ਸੇਵਾਦਾਰ | ਕਵਿਤਾ | ਧਨਵੰਤ ਸਿੰਘ ਸੀਤਲ | 19 |
| 7. | ਵਿੱਦਿਆ ਦਾ ਫਲ਼ | ਜੀਵਨੀ | ਡਾ. ਜਾਗੀਰ ਸਿੰਘ | 23 |
| 8. | ਹਿੰਮਤ ਅਤੇ ਸਿਆਣਪ | ਕਵਿਤਾ | ਜਸਵੀਰ ਸਿੰਘ ਲੰਗੜੋਆ | 27 |
| 9. | ਜੇ ਬਾਲਣ ਮੁੱਕ ਜਾਵੇ | ਕਹਾਣੀ | ਗੁਰਦਿਆਲ ਸਿੰਘ | 30 |
| 10. | ਸਾਡੀਆਂ ਸਬਜ਼ੀਆਂ | ਲੇਖ | ਕੁਲਵੰਤ ਸਿੰਘ ਵਿਰਕ | 35 |
| 11. | ਪੰਛੀਆਂ ਦਾ ਗੀਤ | ਕਵਿਤਾ | ਦਰਸ਼ਨ ਸਿੰਘ ਬਨੂੜ | 39 |
| 12. | ਗੁਲਾਬ ਦਾ ਆੜੀ | ਕਹਾਣੀ | ਤਰਸੇਮ | 41 |
| 13. | ਮੈਂ ਸੋਹਣਾ-ਸੋਹਣਾ ਲਿਖਾਂਗੀ | ਲੇਖ | ਡਾ. ਕਰਨੈਲ ਸਿੰਘ ਸੋਮਲ | 46 |
| 14. | ਗੁਰੂ ਤੇਗ਼ ਬਹਾਦਰ ਜੀ | | | 50 |
| 15. | ਚੰਦਰੀ ਲੂੰਬੜੀ | ਕਹਾਣੀ | ਜਸਬੀਰ ਭੁੱਲਰ | 54 |
| 16. | ਸ਼ਹੀਦੀ ਜੋੜ-ਮੇਲਾ | ਲੇਖ | ਡਾ. ਗੁਰਮੀਤ ਸਿੰਘ ਬੈਦਵਾਣ | 59 |
| 17. | ਸਾਡਾ ਸਕੂਲ | ਕਵਿਤਾ | ਡਾ. ਧਰਮ ਚੰਦ ਵਾਤਿਸ਼ | 62 |
| 18. | ਸੋਨੇ ਦੀ ਪਾਲਕੀ | ਕਹਾਣੀ | ਰਾਬਿੰਦਰਨਾਥ ਟੈਗੋਰ | 65 |
| 19. | ਉੱਡਣਾ ਸਿੱਖ-ਮਿਲਖਾ ਸਿੰਘ | ਜੀਵਨੀ | ਡਾ. ਜਾਗੀਰ ਸਿੰਘ | 70 |
| 20. | ਦਾਦੀ ਮਾਂ ਦਾ ਗੀਤ | ਕਵਿਤਾ | ਕਰਮਜੀਤ ਸਿੰਘ ਗਰੇਵਾਲ | 74 |


Downloaded from https:// www.studiestoday.com

Downloaded from https:// www.studiestoday.com

ਪਾਠ-1

# ਸਾਡਾ ਦੇਸ ਮਹਾਨ



ਸਾਡਾ ਭਾਰਤ ਦੇਸ ਮਹਾਨ।
ਨਾ ਕੋਈ ਹਿੰਦੂ, ਸਿੱਖ, ਈਸਾਈ,
ਨਾ ਕੋਈ ਮੁਸਲਮਾਨ,
ਸਾਡਾ ਭਾਰਤ ਦੇਸ ਮਹਾਨ।

ਰੰਗ, ਨਸਲ ਤੇ ਜਾਤ, ਧਰਮ ਵਿੱਚ, ਨਾ ਕੋਈ ਵੱਖ-ਵਖੇਵਾਂ,
ਸਭ ਦੇ ਤਨ ਨੂੰ ਕੱਪੜਾ ਲੱਭੇ, ਪੇਟ ਨੂੰ ਅੰਨ ਰਜੇਵਾਂ।
ਇੱਕ ਨੂਰ ਤੇ ਸਭ ਜੱਗ ਉਪਜਿਆ।
ਇੱਕੋ -ਜਿਹੇ ਇਨਸਾਨ।
ਸਾਡਾ ਭਾਰਤ ਦੇਸ ਮਹਾਨ।

ਗੁਜਰਾਤੀ, ਮਦਰਾਸੀ, ਉੜੀਆ; ਪੰਜਾਬੀ, ਬੰਗਾਲੀ,
ਹਰ ਹਿਰੀ ਦੇ ਮੂੰਹ ਤੋਂ ਟਪਕੇ , ਦੇਸ- ਪ੍ਰੇਮ ਦੀ ਲਾਲੀ।
ਕੋਈ ਡੋਗਰਾ, ਕੋਈ ਮਰਹੱਟਾ
ਭਾਵੇਂ ਕੋਈ ਚੌਹਾਨ।



Downloaded from https:// www.studiestoday.com

Downloaded from https:// www.studiestoday.com

ਸਾਡਾ ਭਾਰਤ ਦੇਸ ਮਹਾਨ।

ਭਾਵੇਂ ਵੱਖਰੇ-ਵੱਖਰੇ ਸੂਬੇ, ਵੱਖੋ- ਵੱਖਰੀ ਬੋਲੀ,
ਭਾਰਤ ਮਾਂ ਦੇ ਪੁੱਤਰ ਸਾਰੇ; ਹਮਸਾਏ, ਹਮਜੋਲੀ।
ਹਰ ਕੋਈ ਇੱਕ-ਦੂਜੇ ਉੱਤੇ,
ਘੋ ਘੁਮਾਵੇ ਜਾਨ,
ਸਾਡਾ ਭਾਰਤ ਦੇਸ ਮਹਾਨ।

ਨਾ ਕੋਈ ਹਿੰਦੂ, ਸਿੱਖ, ਈਸਾਈ,
ਨਾ ਕੋਈ ਮੁਸਲਮਾਨ,
ਸਾਡਾ ਭਾਰਤ ਮਹਾਨ।

**ਔਖੇ ਬਦਾਂ ਦੇ ਅਰਥ:-**

ਨਸਲ - ਕੁਲ, ਬੰਸ, ਜੱਦ। ਰਜੇਵਾਂ - ਰੱਜ, ਤ੍ਰਿਪਤੀ। ਉਪਜਿਆ - ਪੈਦਾ ਹੋਇਆ। ਟਪਕੇ - ਚੋਵੇ, ਦਿਖਾਈ ਦੇਵੇ। ਹਮਸਾਏ - ਗੁਆਂਢੀ। ਘੋ - ਘੁਮਾਵੇ ਸਦਕੇ ਜਾਵੇ, ਕੁਰਬਾਨ ਹੋਵੇ। ਹਮਜੋਲੀ - ਬਚਪਨ ਦੇ ਮਿੱਤਰ।

**ਪਾਠ-ਅਭਿਆਸ**

**1. ਾਲੀ ਸਥਾਨ ਭਰੋ:-**

ੳ. ਸਾਡਾ.................... ਦੇਸ ਮਹਾਨ।
ਅ. ਕੋਈ ਡੋਗਰਾ, ਕੋਈ ਮਰਹੱਟਾ ਭਾਵੇਂ ਕੋਈ ...........।
ੲ. ਭਾਰਤ ਮਾਂ ਦੇ ਪੁੱਤਰ ਸਾਰੇ ........... ਹਮਜੋਲੀ।
ਸ. ਨਾ ਕੋਈ ਹਿੰਦੂ, ਸਿੱਖ, ਈਸਾਈ ਨਾ ਕੋਈ .............।
ਹ. ਭਾਵੇਂ ਵੱਖਰੇ -ਵੱਖਰੇ ਸੂਬੇ ............ ਬੋਲੀ।

**2. ਸੰਖੇਪ ਵਿੱਚ ਉੱਤਰ ਦਿਓ-**

ੳ. ਇਸ ਕਵਿਤਾ ਵਿੱਚ ਕਿਸ ਦੇਸ ਨੂੰ ਮਹਾਨ ਕਿਹਾ ਗਿਆ ਹੈ?
ਅ. ਹਰ ਹਿਰੀ ਦੇ ਮੂੰਹ ਤੋਂ ਕਿਹੜੀ ਲਾਲੀ ਟਪਕਦੀ ਹੈ?
ੲ. ਸਾਰਾ ਜੱਗ ਕਿਸ ਤੋਂ ਉਪਜਿਆ ਹੈ?
ਸ. ਇਸ ਕਵਿਤਾ ਵਿੱਚ ਸਾਰੇ ਭਾਰਤਵਾਸੀਆਂ ਨੂੰ ਕਿਸ ਦੇ ਪੁੱਤਰ ਕਿਹਾ ਗਿਆ ਹੈ?
ਹ. ਭਾਰਤਵਾਸੀ ਇੱਕ- ਦੂਜੇ ਲਈ ਕੀ ਘੋ ਘੁਮਾਉਂਦੇ ਹਨ?

**3. ਹੇਠ ਲਿਖੇ ਪੰਜਾਬੀ ਬਦਾਂ ਨੂੰ ਹਿੰਦੀ ਵਿੱਚ ਲਿਖੋ:-**

ਭਾਰਤ, ਦੇਸ-ਪ੍ਰੇਮ, ਵੱਖ-ਵਖੇਵਾਂ, ਪੁੱਤਰ, ਹਮਜੋਲੀ



Downloaded from https:// www.studiestoday.com

Downloaded from https:// www.studiestoday.com

4. **ਹੇਠਾਂ ਇੱਕ ਹੀ ਅਰਥ ਲਈ ਪੰਜਾਬੀ ਅਤੇ ਹਿੰਦੀ ਵਿਚ ਭਿੰਨ-ਭਿੰਨ ਬਦ ਦਿੱਤੇ ਗਏ ਹਨ। ਇਹਨਾਂ ਨੂੰ ਧਿਆਨ ਨਾ ਪੜ੍ਹੋ ਅਤੇ ਪੰਜਾਬੀ ਦੇ ਬਦਾਂ ਨੂੰ ਲਿਖੋ:**

| | |
|---|---|
| ਸਾਡਾ | हमारा |
| ਤੇ (ਤੋਂ) | से |
| ਮੂੰਹ | मुख |
| ਭਾਵੇਂ | यद्यपि |
| ਵੱਖਰੇ | भिन्न |
| ਸਾਰੇ | सभी |

5. **ਸੁੰਦਰ ਲਿਖਾਈ ਵਿੱਚ ਲਿਖੋ:-**

ਇੱਕ ਨੂਰ ਤੇ ਸਭ ਜੱਗ ਉਪਜਿਆ,
ਇਕੋ- ਜਿਹੇ ਇਨਸਾਨ।



Downloaded from https:// www.studiestoday.com

Downloaded from https:// www.studiestoday.com

**ਪਾਠ -2**

# ਆਲ੍ਹਣਿਆਂ ਦੀ ਰਾਖੀ

ਹੈਰੀ ਦੇ ਘਰ ਲਾਗੇ ਦਰ ਤਾਂ ਦਾ ਇਕ ਝੁੰਡ ਸੀ ਜਿਸ ਵਿੱਚ ਫ ਦਾਰ ਅਤੇ ਛਾਂਦਾਰ ਰੁੱਖ ਲੱਗੇ ਹੋਏ ਸਨ। ਉਹ ਸਾਰਾ ਦਿਨ ਟੀ. ਵੀ. ਦੇਖਦਾ ਰਹਿੰਦਾ ਸੀ ਜਿਸ ਕਾਰਨ ਉਸ ਦੀਆਂ ਅੱਖਾਂ ਵਿੱਚ ਰੜਕ ਪੈਣ ਲੱਗ ਪਈ। ਇੱਕ ਦਿਨ ਉਸ ਦੇ ਡਾਕਟਰ ਮਾਮਾ ਜੀ ਆਏ ਤਾਂ ਉਹਨਾਂ ਨੇ ਹੈਰੀ ਨੂੰ ਸਮਝਾਇਆ , ਬੇਟੇ! ਦੇਖ, ਨੀਮ ਪਹਾੜੀ ਇਲਾਕੇ ਵਿੱਚ ਰਹਿਣ ਦੀਆਂ ਤੈਨੂੰ ਕਿੰਨੀਆਂ ਮੌਜਾਂ ਨੇ! ਆ -ਦੁਆ ਕਿੰਨੇ ਸੋਹਣੇ ਨ ਾਰੇ ਹਨ! ਚੜ੍ਹਦੇ ਪਾਸੇ ਿ ਵਾਲਿਕ ਦੀਆਂ ਪਹਾੜੀਆਂ, ਇੱਧਰ ਬਾ ਤੇ ਦੂਜੇ ਪਾਸੇ ਵਿ ਾਲ ਮੈਦਾਨ । ਤੂੰ ਫਿਰ ਵੀ ਟੀ. ਵੀ. ਨਾ ਚਿੰਬੜਿਆ ਰਹਿਨੈਂ।

ਮੈਂ ਇਹਨਾਂ ਦਾ ਕੀ ਕਰਾਂ? ਹੈਰੀ ਨੇ ਪੁੱਛਿਆ।

ਹਾਂ ਬੇਟਾ, ਾਇਦ ਤੈਨੂੰ ਇਹੀ ਨ੍ਹੀਂ ਪਤਾ ਕਿ ਸਾਨੂੰ ਇਹਨਾਂ ਦਾ ਕੀ ਲਾਭ ਹੈ। ਦੂਰ-ਦੁਰਾਡੇ ਵੱਸਦੇ ਲੋਕ ਕੁਦਰਤੀ ਨ ਾਰੇ ਦੇਖਣ ਲਈ ਕਿੰਨਾ ਸੰਰ ਕਰਦੇ ਨੇ!

ਹਾਂ ਮਾਮਾ ਜੀ, ਉਹਨਾਂ ਨੂੰ ਤਾਂ ਬਹੁਤ ਲੰਮਾ ਸੰਰ ਕਰਨਾ ਪੈਂਦਾ ਹੋਵੇਗਾ, ਕੁੱਲੂ ਤੇ ਮਨਾ ੀ ਜਾਣ ਨੂੰ, ਹੈਰੀ ਨੇ ਜਵਾਬ ਦਿੱਤਾ।

ਹਾਂ ਬੇਟੇ, ਤੇਰੇ ਤਾਂ ਬਿਲਕੁਲ ਕੋ ਹੀ ਮਨਾਲੀ ਹੈ। ਪਹਾੜ ਵੀ ਨੇ, ਬਾ ਵੀ ਨੇ ਤੇ ਇੱਧਰ ਜੰਗ ਵੀ। ਫਿਰ ਤੂੰ ਦੇਖ ਕਿੰਨਾ ਭਾਗਾਂ ਵਾ ਾ ਹੈਂ! ਮਾਮਾ ਜੀ ਨੇ ਗੱਲ ਸਮਝਾਈ।

ਮਾਮਾ ਜੀ, ਮੈਂ ਭਾਗਾਂ ਵਾ ਾ ਕਿਵੇਂ ਬਣ ਗਿਆ?

ਦੇਖ ਬੇਟਾ, ਭਾਗਾਂ ਵਾ ਾ ਉਹ ਹੁੰਦੈ ਜਿਸ ਕੋਲ ਕੁਦਰਤੀ ਸਰਮਾਇਆ ਹੋਵੇ ਤੇ ਇਹ ਸਾਰਾ ਕੁਝ ਕੁਦਰਤੀ ਸਰਮਾਇਆ ਹੀ ਤਾਂ ਹੈ। ਹੋਇਆ ਨਾ, ਤੂੰ ਭਾਗਾਂ ਵਾ ਾ! ਜਿਹੜੇ ਇਹਨਾਂ ਤੋਂ ਦੂਰ ਬੈਠੇ ਨੇ, ਉਹ ਇਹਨਾਂ ਵਾਸਤੇ ਤਰਸ ਰਹੇ ਨੇ ਤੇ ਤੂੰ ਕੋ ਹੋਣ ਕਰਕੇ ਇਹਨਾਂ ਦੇ ਨ ਾਰੇ ਲੁੱਟ ਸਕਦਾ ਹੈਂ।





Downloaded from https:// www.studiestoday.com

Downloaded from https:// www.studiestoday.com

ਗੱਲ ਤਾਂ ਤੁਹਾਡੀ ਸੱਚੀ ਐ। ਪਰ ਮੈਂ ਤਾਂ ਇਸ ਬਾਰੇ ਕਦੀ ਸੋਚਿਆ ਈ ਨਹੀਂ ਸੀ।

ਬੇਟੇ ! ਤੇਰੇ ਪਾਪਾ ਤੈਨੂੰ ਰੋ ਇਹੀ ਗੱਲ ਸਮਝਾਉਂਦੇ ਨੇ, ਬਈ ਕੁਦਰਤ ਦੀ ਗੋਦੀ ਦਾ ਨਿੱਘ ਮਾਣੋ। ਇਸ ਨਾ ਤਨ, ਮਨ ਤੇ ਬੁੱਧੀ ਨੂੰ ਬਲ ਮਿ ਦਾ ਹੈ।

ਜਦੋਂ ਅਸੀ_ ੱਧ ਹਵਾ ਲੈਂਦੇ ਹਾਂ ਤਾਂ ਸਾਡੇ ਅੰਦਰੋਂ ਆਕਸੀਜਨ ਦੀ ਕਮੀ ਦੂਰ ਹੋ ਜਾਂਦੀ ਹੈ। ਇਸ ਨਾ ਸਾਡੀ ਸਰੀਰਿਕ, ਮਾਨਸਿਕ ਅਤੇ ਬੌਧਿਕ ਸਮਰੱਥਾ ਵਧਦੀ ਹੈ। ਇਹਨਾਂ ਦੇ ਫ ਸਾਡੇ ਲਈ ਕਿੰਨੇ ਲਾਭਕਾਰੀ ਹਨ। ਫਿਰ ਇੱਥੋਂ ਦੇ ਸੁੰਦਰ ਦ੍ਿ ਮਨ ਨੂੰ ਮੋਹ ਲੈਂਦੇ ਹਨ। ਜਦੋਂ ਸਾਡਾ ਮਨ_ ਹੁੰਦਾ ਹੈ ਤਾਂ ਸਾਡੀਆਂ ਮਾਸਪੇ ੀਆਂ ਬੜਾ ਕੰਮ ਕਰਦੀਆਂ ਨੇ। ਇੰਞ ਸਾਡੀ ਸਿਹਤ ਤੰਦਰੁਸਤ ਰਹਿੰਦੀ ਹੈ........ ਤੇ ਤੂੰ ਸਾਰਾ ਦਿਨ ਟੀ. ਵੀ. ਨਾ ਚਿੰਬੜ ਕੇ ਇਹ ਸਾਰਾ ਕੁਝ ਗੁਆਈ ਜਾ ਰਿਹੈਂ। ਮਾਮਾ ਜੀ ਨੇ ਉਸ ਨੂੰ ਫਿਰ ਹਲੂਣਿਆ।

ਮਾਮਾ ਜੀ, ਮੈਂ ਕੀ ਗੁਆਈ ਜਾ ਰਿਹਾਂ ? ਹੈਰੀ ਨੇ ਹੈਰਾਨ ਹੁੰਦਿਆਂ ਪੁੱਛਿਆ।

ਬੇਟੇ, ਜੋ ਇਸ ਅਖਾਉਤ ਅਨੁਸਾਰ ਮੈਂ ਤੈਨੂੰ ਦੱਸੀਆਂ ਨੇ, ਤੂੰ ਉਹ ਸਾਰੀਆਂ ਗੁਆਈ ਜਾ ਰਿਹੈਂ। ਕਹਿੰਦੇ ਨੇ ਜੇ ਅੱਖਾਂ ਦੀ ਰੋ ਨੀ ਚਲੀ ਜਾਵੇ ਤਾਂ ਸਾਰਾ ਜਹਾਨ ਹੀ ਚਲਿਆ ਜਾਂਦਾ ਹੈ। ਇਸ ਅਖਾਉਤ ਅਨੁਸਾਰ ਸਭ ਤੋਂ ਪਹਿਲਾਂ ਤਾਂ ਤੂੰ ਆਪਣੀ ਸਿਹਤ ਦਾ ਹੀ ਨੁਕਸਾਨ ਕਰ ਰਿਹੈਂ ਫਿਰ ਆਪਣੀ ਪੜ੍ਹਾਈ ਦਾ। ਇਸ ਤਰ੍ਹਾਂ ਤੂੰ ਸਭ ਕੁਝ ਹੀ ਗੁਆਈ ਜਾ ਰਿਹੈਂ।

ਮਾਮਾ ਜੀ ਏਨੀਆਂ ਗੱਲਾਂ ਕਰਕੇ ਦੂਸਰੇ ਕਮਰੇ ਵਿੱਚ ਹੈਰੀ ਦੇ ਪਾਪਾ ਜੀ ਨਾ ਗੱਲਾਂ ਵਿੱਚ ਮਸਤ ਹੋ ਗਏ । ਹੈਰੀ ਨੇ ਮਾਮਾ ਜੀ ਦੀਆਂ ਗੱਲਾਂ ਤੋਂ ਪ੍ਰਭਾਵਿਤ ਹੋ ਕੇ ਬਾਹਰ ਬਾ ਵਿੱਚ ਜਾਣ ਦਾ ਮਨ ਬਣਾ ਲਿਆ। ਉਸ ਦੇ ਸਾਥੀ ਪ੍ਰਿਅੰਕਾ, ਨੈਨਸੀ, ਸੁਰ ਾਬ, ਤਨੂੰ, ਬੱਬੂ ਤੇ ਪ੍ਰਿੰਸ ਵੀ ਨਾ ਸਨ। ਉਹਨਾਂ ਨੂੰ ਬਾ ਵਿੱਚ ਘੁੰਮਣ ਨਾ ਬੜਾ ਅਨੰਦ ਮਿ ਆ। ਕਿਤੇ ਅੰਬਾਂ ਨਾ ਲੱਦੇ ਬੂਟੇ, ਕਿਤੇ ਜਾਮਣਾਂ ਦੀ ਠੰਢੀ ਛਾਂ ! ਸਾਰੇ ਬਾ ਵਿੱਚ ਹਰਿਆਲੀ ਅਤੇ ਏ. ਸੀ. ਵਾ ੀ ਠੰਢਕ ਮਹਿਸੂਸ ਕਰਕੇ ਬੱਚੇ ਟੀ. ਵੀ. ਦੇਖਣਾ ਵੀ ਭੁੱਲ ਗਏ ਸਨ।

ਬਾ ਵਿੱਚ ਉਹਨਾਂ ਦੇਖਿਆ ਕਿ ਇੱਕ ਕਿਨਾਰੇ ਲੱਗੀ ਜਾਮਣ ਤੇ ਕਈ ਪੰਛੀਆਂ ਨੇ ਆਲ੍ਹਣੇ ਪਾਏ ਹੋਏ ਨੇ। ਪੰਛੀ ਆਪਣੀ ਮਸਤੀ ਵਿੱਚ ਗੀਤ ਗਾ ਰਹੇ ਸਨ। ਜਦੋਂ ਉਹਨਾਂ ਬਾ ਵਿੱਚ ਏਨੇ ਪੰਛੀ ਘੁੰਮਦੇ ਦੇਖੇ ਤਾਂ ਉਹਨਾਂ ਦੀ ਆਮਦ ਦੀ_ ੀ ਵਿੱਚ ਸਾਰੇ ਗੀਤ ਗਾਉਣ ਲੱਗ ਪਏ। ਹੈਰੀ ਹੋਰੀਂ ਵੀ ਉਹਨਾਂ ਦੇ ਗੀਤ ਸੁਣ ਕੇ ਲੁੱਡੀਆਂ ਪਾਉਣ ਲੱਗੇ । ਤਰ੍ਹਾਂ-ਤਰ੍ਹਾਂ ਦੇ ਖੰਭਾਂ ਵਾ ਪੰਛੀ ਜਦੋਂ ਉਹਨਾਂ ਕੋ ਂ ਉਡਾਰੀ ਮਾਰਦੇ ਤਾਂ ਬੱਚਿਆਂ ਦੇ ਮਨਾਂ ਵਿੱਚ ਵੀ ਉਹਨਾਂ ਵਾਂਗ ਉਡਾਰੀਆਂ ਮਾਰਨ ਨੂੰ ਜੀਅ ਕਰਦਾ। ਉਹ ਸਾਰਾ ਦਿਨ ਉੱਥੇ ਹੀ ਘੁੰਮਦੇ ਰਹੇ। ਜਦੋਂ ਘਰ ਵਾਪਸ ਆਏ ਤਾਂ ਉਹਨਾਂ ਦੇ ਮਾਤਾ ਜੀ ਨੇ ਪੁੱਛਿਆ, ਬਈ, ਅੱਜ ਕਿਧਰ ਰਹੇ?

ਹੈਰੀ ਨੇ ਬੜੀ_ ੀ ਨਾ ਜਵਾਬ ਦਿੱਤਾ, ਮੰਮੀ ਜੀ, ਅੱਜ ਤਾਂ ਕਮਾਲ ਹੋ ਗਿਆ ! ਅਸੀਂ ਬੜੇ ਨ ਾਰੇ ਲੁੱਟੇ। ਹੁਣ ਤਾਂ ਅਸੀਂ ਰੋ ਬਾ ਵਿੱਚ ਜਾਇਆ ਕਰਾਂਗੇ। ਮਾਮਾ ਜੀ ਸਭ ਕੁਝ ਠੀਕ ਹੀ ਕਹਿੰਦੇ ਸਨ। ਅੱਛਾ ਜੀ ! ਲੱਗਦੈ, ਤੁਸੀਂ ਹੁਣ ਡਾਕਟਰ ਮਾਮਾ ਜੀ ਦੀ ਗੱਲ ਮੰਨ ਲਈ !

ਹਾਂ, ਅਸੀਂ ਅੰਦਰ ਵੜ ਕੇ ਟੀ. ਵੀ. ਨ੍ਹੀਂ ਦੇਖਣਾ ਸਗੋਂ ਕੁਦਰਤੀ ਨ ਾਰਿਆਂ ਦਾ ਅਨੰਦ ਲੈਣਾ ਹੈ। ਉੱਥੇ ਬੜੇ ਮ ਨੇ ਹੈਰੀ ਨੇ ਕਿਹਾ।

ਪਰ ਇੱਕ ਦਿਨ ਜਦੋਂ ਹੈਰੀ ਦੀ ਟੋਲੀ ਬਾ ਵਿੱਚ ਪਹੁੰਚੀ ਤਾਂ ਪੰਛੀਆਂ ਨੇ ਉੱਥੇ ਬੜਾ ਰੌ ਾ ਪਾਇਆ ਹੋਇਆ ਸੀ। ਉਹ ਹੈਰਾਨ ਸਨ ਕਿ ਅੱਜ ਪੰਛੀ ਗੀਤ ਕਿਉਂ ਨਹੀਂ ਗਾਉਂਦੇ? ਜਦੋਂ ਉਹ ਬਾ ਦੇ ਦੂਜੇ ਕਿਨਾਰੇ ਪਹੁੰਚੇ ਤਾਂ ਕੁਝ ਆਦਮੀ ਜਾਮਣ ਦੇ ਉਸ ਰੁੱਖ ਨੂੰ ਵੱਢਣ ਲਈ ਟੋਇਆ ਪੁੱਟ ਰਹੇ ਸਨ ਜਿਸ ਉੱਤੇ ਕਿ ਕਈ ਪੰਛੀਆਂ ਨੇ ਆਪਣੇ ਆਲ੍ਹਣੇ ਪਾਏ ਹੋਏ ਸਨ। ਇਸ ਕਰਕੇ ਪੰਛੀ ਅੱਜ ਬਹੁਤ ਰੌ ਾ ਪਾ ਰਹੇ ਸਨ। ਉਹਨਾਂ ਦੀ ਪੂਰੀ ਬਸਤੀ ਉਸ ਰੁੱਖ ਉੱਤੇ ਆ ਬੈਠੀ ਜਾਪਦੀ ਸੀ।



Downloaded from https:// www.studiestoday.com

Downloaded from https:// www.studiestoday.com

ਕੁਝ ਪੰਛੀਆਂ ਨੇ ਬੱਚਿਆਂ ਦੇ ਕੋ ਆ ਕੇ ਚੀਂ-ਚੀਂ ਕੀਤੀ, ਜਿਵੇਂ ਉਹ ਬੱਚਿਆਂ ਨੂੰ ਕਹਿ ਰਹੇ ਹੋਣ ਕਿ ਇਹਨਾਂ ਨੂੰ ਰੋਕੋ। ਦਰ ਤ ਵੱਢ ਹੁੰਦੇ ਦੇਖ ਕੇ ਬੱਚੇ ਬੜੇ ਦੁਖੀ ਹੋਏ। ਉਹਨਾਂ ਨੇ ਸੋਚਿਆ ਕਿ ਇਹਨਾਂ ਨੂੰ ਕਿਸੇ ਤਰ੍ਹਾਂ ਰੋਕਿਆ ਜਾਵੇ। ਹੈਰੀ ਨੂੰ ਇੱਕ ਸਕੀਮ ਸੁੱਝੀ। ਇਹ ਬਾ ਉਸ ਦੇ ਤਾਏ ਦਾ ਹੀ ਸੀ ਇਸ ਲਈ ਉਸ ਨੇ ਆਪਣੇ ਤਾਏ ਨਾ ਗੱਲ ਕਰਨੀ ਚਾਹੀ ਜਿਹੜਾ ਕਿ ਦਰ ਤ ਵਢਵਾ ਰਿਹਾ ਸੀ।

ਤਾਇਆ ਜੀ, ਤੁਸੀਂ ਇਹਨਾਂ ਦਰ ਤਾਂ ਨੂੰ ਕਿਉਂ ਵੱਢ ਰਹੇ ਹੋ? ਉਸ ਨੇ ਆਪਣੇ ਤਾਏ ਨੂੰ ਪੁੱਛਿਆ।

ਬੇਟਾ, ਮੈਨੂੰ ਥੋੜ੍ਹੇ ਪੈਸੇ ਚਾਹੀਦੇ ਨੇ। ਮੈਂ ਕੁਝ ਰੁੱਖ ਵੱਢ ਕੇ ਲੱਕੜ ਵੇਚਣੀ ਹੈ। ਇਸ ਲਈ ਵਢਵਾ ਰਿਹਾਂ।

ਹੈਰੀ ਉਸੇ ਵੇ ਭੱਜਿਆ- ਭੱਜਿਆ ਆਪਣੇ ਪਾਪਾ ਕੋ ਆਇਆ ਤੇ ਕਹਿਣ ਲੱਗਾ, ਪਾਪਾ ਜੀ! ਕੁਝ ਬੰਦੇ ਬਾ ਵਿੱਚ ਰੁੱਖ ਵੱਢ ਰਹੇ ਨੇ । ਉੱਥੇ ਪੰਛੀਆਂ ਦੇ ਆਲ੍ਹਣਿਆਂ ਵਿੱਚ ਆਂਡੇ------ਬੱਚੇ----!" ਉਹ ਇੱਕੋ-ਸਾਹੇ ਬੋਲੀ ਜਾ ਰਿਹਾ ਸੀ।

ਪਿਤਾ ਨੇ ਉਸ ਨੂੰ ਆਪਣੇ ਕ ਾਵੇ ਵਿੱਚ ਲਿਆ ਤੇ ਪਿਆਰ ਨਾ ਪੁੱਛਿਆ, ਬੇਟੇ, ਸਾਹੋ-ਸਾਹ ਕਿਉਂ ਹੋਇਆ ਪਿਐਂ?

ਉਹ...... ਬੱਚੇ ਬਚਾਓ..... ਆਲ੍ਹਣੇ ਤੇ ...... ਪੰਛੀ ਵੀ। ਅਸੀਂ ਉਹਨਾਂ ਨਾ ਰੋ ਖੇਡਦੇ ਹਾਂ। ਤੁਸੀਂ ਤਾਇਆ ਜੀ ਨੂੰ ਸਮਝਾਓ, ਹੈਰੀ ਬੋਲਿਆ।

ਅੱਛਾ! ਇਹ ਗੱਲ ਹੈ? ....... ਜਾਹ, ਜਾ ਕੇ ਆਪਣੇ ਤਾਏ ਨੂੰ ਆਖ ਦੇ ਕਿ ਜਿੰਨੇ ਪੈਸਿਆਂ ਦੀ ਉਸ ਨੂੰ ਲੋੜ ਹੈ, ਮੈਥੋਂ ਲੈ ਲਵੇ ਤੇ ਜਦੋਂ ਚਾਹੇ ਵਾਪਸ ਕਰ ਦੇਵੇ ਪਰ ਇਹਨਾਂ ਦਰ ਤਾਂ ਨੂੰ ਨਾ ਵੱਢੇ।"

ਬੱਚਿਆਂ ਦਾ ਰੌ ਾ ਸੁਣ ਕੇ ਟੋਇਆ ਪੁੱਟਣ ਵਾ ਸਾਰੇ ਜਣੇ ਰੁਕ ਗਏ। ਤਾਇਆ ਜੀ ਨੇ ਪੁੱਛਿਆ, ਹਾਂ ਬਈ ਕੀ ਹੋ ਗਿਆ?"

ਹੈਰੀ ਨੇ ਅੱਗੇ ਹੋ ਕੇ ਆਪਣੇ ਤਾਏ ਦੀ ਬਾਂਹ ਫੜ ਲਈ ਤੇ ਕਿਹਾ, ਤਾਇਆ ਜੀ ਚੱਲੋ, ਜਿੰਨੇ ਪੈਸੇ ਤੁਹਾਨੂੰ ਚਾਹੀਦੇ ਹਨ, ਮੇਰੇ ਪਾਪਾ ਜੀ ਕੋ ਲੈ ਲਵੋ ਤੇ ਇਹਨਾਂ ਨੂੰ ਨਾ ਵੱਢੋ। ਪਾਪਾ ਜੀ ਤੁਹਾਨੂੰ ਉਡੀਕ ਰਹੇ ਨੇ।"

ਚਲੋ ਬਈ, ਠੀਕ ਐ। ਆਪਾਂ ਨੂੰ ਤਾਂ ਪੈਸੇ ਹੀ ਚਾਹੀਦੇ ਨੇ। ਇਹ ਕੰਮ ਫਿਰ ਕਦੇ ਸਹੀ। ਜਾਓ ਬਈ, ਮੁੰਡਿਓ! ਆਪਾਂ ਅਜੇ ਨੀਂ ਹੁਣ ਇਹ ਰੁੱਖ ਵੱਢਣੇ।

ਇਹ ਬਦ ਸੁਣ ਕੇ ਸਾਰੇ ਬੱਚਿਆਂ ਨੇ ਤਾੜੀਆਂ ਵਜਾਈਆਂ ਤੇ_ਬ ਲੁੱਡੀਆਂ ਪਾਈਆਂ। ਕਹੀਆਂ ਤੇ ਕੁਹਾੜੀਆਂ ਲਈ ਵਾਪਸ ਜਾਂਦੇ ਆਦਮੀਆਂ ਨੂੰ ਦੇਖ ਕੇ ਪੰਛੀ ਵੀ ਸਮਝ ਗਏ ਸਨ ਕਿ ਇਹ ਰੁੱਖ ਹੁਣ ਨਹੀਂ ਵੱਢ ਹੋਣਗੇ। ਉਹ ਵੀ_ ੀ ਨਾ ਗੀਤ ਗਾਉਂਦੇ ਹੋਏ, ਜਾਣੋ ਬੱਚਿਆਂ ਦਾ ਧੰਨਵਾਦ ਕਰਨ ਲੱਗੇ।

**ਔਖੇ ਬਦਾਂ ਦੇ ਅਰਥ:-**

| | | |
|---|---|---|
| ਵਿ ਾਲ | - | ਵੱਡੇ, ਖੁੱਲ੍ਹੇ |
| ਨ ਾਰੇ | - | ਦ੍ਰਿ , ਅਨੰਦ |
| ਸਕੀਮ | - | ਜੁਗਤ, ਉਪਾਅ, ਵਿਓਂਤ |
| ਆਮਦ | - | ਆਉਣ ਦਾ ਭਾਵ, ਆ ਜਾਣਾ |
| ਲੁੱਡੀਆਂ ਪਾਉਣਾ | - | _ ੀਆਂ ਮਨਾਉਣਾ, _ ੀ ਵਿੱਚ ਨੱਚਣਾ-ਟੱਪਣਾ |



Downloaded from https:// www.studiestoday.com

Downloaded from https:// www.studiestoday.com

## ਪਾਠ-ਅਭਿਆਸ

1. **ਾਲੀ ਸਥਾਨ ਭਰੋ :-**

(ੳ) ਹੈਰੀ ਦੇ ਘਰ ਦੇ ਲਾਗੇ ਦਰ ਤਾਂ ਦਾ ਇੱਕ __________ਸੀ।

(ਅ) ਕੁਦਰਤ ਦੀ ਗੋਦੀ ਦਾ __________ਮਾਣੋ।

(ੲ) ਜਾਮਣ ਤੇ ਕਈ ਪੰਛੀਆਂ ਨੇ__________ਪਾਏ ਹੋਏ ਸਨ।

(ਸ) ਕੁਝ __________ ਨੇ ਬੱਚਿਆਂ ਕੋ ਆ ਕੇ ਚੀਂ-ਚੀਂ ਕੀਤੀ।

(ਹ) ਮੈਂ ਕੁਝ ਰੁੱਖ ਵੱਢ ਕੇ __________ਵੇਚਣੀ ਹੈ।

2. **ਇੱਕ-ਦੋ ਬਦਾਂ ਵਿਚ ਉੱਤਰ ਦਿਓ:-**

(ੳ ਹੈਰੀ ਦੀਆਂ ਅੱਖਾਂ ਵਿੱਚ ਰੜਕ ਕਿਉਂ ਪੈਣ ਲੱਗ ਪਈ ਸੀ?

(ਅ) ਹੈਰੀ ਦੇ ਘਰ ਦੇ ਚੜ੍ਹਦੇ ਪਾਸੇ ਵੱਲ ਕਿਹੜੀਆਂ ਪਹਾੜੀਆਂ ਸਨ?

(ੲ) ਬਾ ਵਿੱਚ ਜਾ ਕੇ ਬੱਚੇ ਕਿਹੜੀ ਗੱਲ ਭੁੱਲ ਗਏ?

(ਸ) ਹੈਰੀ ਦੇ ਮਾਮਾ ਜੀ ਕੀ ਕੰਮ ਕਰਦੇ ਸਨ?

(ਹ) ਕਿਸ ਨੂੰ ਵੇਖ ਕੇ ਬੱਚਿਆਂ ਦਾ ਦਿਲ ਉਡਾਰੀ ਮਾਰਨ ਨੂੰ ਕੀਤਾ?

3. **ਉੱਤਰ ਦਿਓ:-**

(ੳ) ਇਸ ਕਹਾਣੀ ਅਨੁਸਾਰ ਭਾਗਾਂ ਵਾ ਾ ਕੌਣ ਹੁੰਦਾ ਹੈ?

(ਅ) ਕੁਦਰਤ ਦੇ ਨੇੜੇ ਰਹਿਣ ਨਾ ਕਿਸ ਨੂੰ ਬਲ ਮਿ ਦਾ ਹੈ?

(ੲ) ਹੈਰੀ ਨੇ ਆਪਣੇ ਮਾਮਾ ਜੀ ਦੀ ਕਿਹੜੀ ਗੱਲ ਮੰਨ ਲਈ?

(ਸ) ਬੱਚੇ ਕਿਉਂ ਦੁਖੀ ਹੋਏ?

(ਹ) ਹੈਰੀ ਨੇ ਆਲ੍ਹਣਿਆਂ ਦੀ ਰਾਖੀ ਕਿਵੇਂ ਕੀਤੀ?

4. **ਹੇਠ ਲਿਖੇ ਪੰਜਾਬੀ ਬਦਾਂ ਨੂੰ ਹਿੰਦੀ ਵਿੱਚ ਲਿਖੋ-**

1. ਆਲ੍ਹਣਾ -
2. ਨ ਾਰੇ -
3. ਜੰ ਗ -
4. ਪੰਛੀ -
5. ਪੁੱਟਣਾ -
6. ਕੁਹਾੜੀ -

ਆਪਣੇ ਘਰ ਦੇ ਆ -ਦੁਆ ਕੁਦਰਤੀ ਨ ਾਰਿਆਂ ਦੀ ਭਾ ਕਰੋ।



Downloaded from https:// www.studiestoday.com

Downloaded from https:// www.studiestoday.com

ਪਾਠ-3

# ਮੇਰੀ ਪਿਆਰੀ ਮਾਂ



ਠੰਢੀ-ਮਿੱਠੀ ਜਿਸ ਦੀ ਛਾਂ,
ਉਹ ਹੈ ਮੇਰੀ ਪਿਆਰੀ ਮਾਂ।

ਗੋਦੀ ਚੁੱਕ ਕੇ ਲਾਡ ਲਡਾਵੇ,
ਚੂਰੀ ਕੁੱਟ ਮੇਰੇ ਮੂੰਹ ਵਿੱਚ ਪਾਵੇ,
ਮੇਰੇ ਦਿਲ ਵਿੱਚ ਜਿਸ ਦੀ ਥਾਂ,
ਉਹ ਹੈ ਮੇਰੀ ਪਿਆਰੀ ਮਾਂ।



Downloaded from https:// www.studiestoday.com

Downloaded from https:// www.studiestoday.com

ਭੁੱਖ ਲੱਗੇ ਉਹ ਝੱਟ ਰਜਾਉਂਦੀ,
ਮਿੱਠਾ-ਮਿੱਠਾ ਦੁੱਧ ਪਿਆਉਂਦੀ,
ਦੁੱਖਾਂ ਵੇਂ ਫੜਦੀ ਬਾਂਹ,
ਉਹ ਹੈ ਮੇਰੀ ਪਿਆਰੀ ਮਾਂ।

ਮੈਂ ਅੰਮੀ ਦਾ ਲਾਡ -ਦੁਲਾਰਾ,
ਮੈਨੂੰ ਆਖੇ ਚੰਨ ਤੇ ਤਾਰਾ,
ਮੇਰਾ ਤੱਕਦੀ ਰਹਿੰਦੀ ਰਾਹ,
ਉਹ ਹੈ ਮੇਰੀ ਪਿਆਰੀ ਮਾਂ।

ਮੈਂ ਹੱਸਾਂ, ਉਹ ਖਿੜ-ਖਿੜ ਹੱਸੇ,
ਵਾ ਾਂ ਵਿੱਚ ਮੇਰੇ ਤੇਲ ਵੀ ਝੱਸੇ,
ਉਸ ਦੇ ਨਾ ਹੀ ਜਚੇ ਗਰਾਂਅ,
ਉਹ ਹੈ ਮੇਰੀ ਪਿਆਰੀ ਮਾਂ।

**ਔਖੇ ਬਦਾਂ ਦੇ ਅਰਥ :-**

| | | |
|---|---|---|
| ਬਾਂਹ -ਫੜਨਾ | - | ਆਸਰਾ ਦੇਣਾ, ਰਨ ਵਿੱਚ ਲੈਣਾ |
| ਰਾਹ-ਤੱਕਣਾ | - | ਉਡੀਕਣਾ, ਇੰਤ ਾਰ ਕਰਨਾ |
| ਝੱਸੇ | - | ਤੇਲ ਆਦਿ ਮ ਨਾ, ਮਾਲ ਕਰਨੀ |
| ਜਚੇ | - | ਚੰਗਾ ਲੱਗੇ, ਫਬੇ |
| ਗਰਾਂਅ | - | ਪਿੰਡ, ਛੋਟਾ ਨਗਰ, ਬਸਤੀ |

## ਪਾਠ-ਅਭਿਆਸ

1. **ਾਲੀ ਸਥਾਨ ਭਰੋ:-**

ੳ. ___________ਮਿੱਠੀ ਜਿਸ ਦੀ ਛਾਂ।

ਅ. ਮਿੱਠਾ-ਮਿੱਠਾ ___________ਪਿਆਉਂਦੀ।

ੲ. ਮੈਂ___________ਦਾ ਲਾਡ-ਦੁਲਾਰਾ।

ਸ. ਮੈਨੂੰ ਆਖੇ___________ਤੇ ਤਾਰਾ।

ਹ. ਮੈਂ ਹੱਸਾਂ, ਉਹ___________ਹੱਸੇ।



Downloaded from https:// www.studiestoday.com

Downloaded from https:// www.studiestoday.com

**2. ਇੱਕ-ਦੋ ਸ਼ਬਦਾਂ ਵਿੱਚ ਉੱਤਰ ਦਿਓ-**

ੳ. ਮਾਂ ਬੱਚੇ ਨਾ ਲਾਡ ਕਿਵੇਂ ਲਡਾਉਂਦੀ ਹੈ?

ਅ. ਬੱਚੇ ਦਾ ਰਾਹ ਕੌਣ ਤੱਕਦਾ ਹੈ?

ੲ. ਬੱਚੇ ਦੇ ਦੁੱਖ ਵੇਂ ਮਾਂ ਕੀ ਕਰਦੀ ਹੈ?

**3. ਹੇਠਾਂ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਦਿੱਤੇ ਸ਼ਬਦ-ਜੋੜਾਂ ਦੇ ਅੰਤਰ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਲਿਖੇ ਸ਼ਬਦਾਂ ਨੂੰ ਲਿਖੋ:-**

ਗੋਦੀ : गोद

ਪਿਆਰੀ : प्यारी

ਚੰਨ : चंद्रमा

ਰਾਹ : रास्ता

ਗਰਾਂਅ : ग्राम

**4. ਹੇਠਾਂ ਇੱਕ ਹੀ ਅਰਥ ਲਈ ਪੰਜਾਬੀ ਅਤੇ ਹਿੰਦੀ ਵਿੱਚ ਭਿੰਨ-ਭਿੰਨ ਸ਼ਬਦ ਦਿੱਤੇ ਹਨ। ਇਹਨਾਂ ਨੂੰ ਧਿਆਨ ਨਾ ਪੜ੍ਹੋ ਅਤੇ ਪੰਜਾਬੀ ਦੇ ਸ਼ਬਦਾਂ ਨੂੰ ਲਿਖੋ:-**

ਲਾਡ : प्यार

ਵਿੱਚ : में

ਤੱਕਦੀ : देखती

ਉਹ : वह

ਵੇ ` : समय

ਝੱਸੇ : मालिश करती

**ਆਪਣੇ ਮਾਤਾ ਜੀ ਦੇ ਗੁਣਾਂ ਬਾਰੇ ਪੰਜ ਵਾਕ ਲਿਖੋ।**



Downloaded from https:// www.studiestoday.com

Downloaded from https:// www.studiestoday.com

ਪਾਠ–4

# ਕਿੱਕਲੀ



ਕਿੱਕਲੀ ਪੰਜਾਬ ਦੀਆਂ ਕੁੜੀਆਂ ਦੀ ਹਰਮਨ–ਪਿਆਰੀ ਖੇਡ ਹੈ। ਇਸ ਵਿੱਚ ਦੋ–ਦੋ ਕੁੜੀਆਂ ਜੁੱਟ ਬਣਾ ਕੇ ਨੱਚਦੀਆਂ ਹਨ। ਦੋ ਕੁੜੀਆਂ ਆਮ੍ਹੋ–ਸਾਮ੍ਹਣੇ ਖਲੋ ਕੇ ਇੱਕ–ਦੂਜੀ ਦੇ ਹੱਥ ਫੜ ਕੇ ਕੰਘੀਆਂ ਪਾ ਲੈਂਦੀਆਂ ਹਨ। ਫਿਰ ਉਹ ਆਪਣੀਆਂ ਅੱਡੀਆਂ ਜੋੜ ਕੇ ਇੱਕ–ਦੂਜੀ ਦੇ ਪੈਰਾਂ ਦੀਆਂ ਉਂਗ ਾਂ ਨਾ ਉਂਗ ਾਂ ਜੋੜਦੀਆਂ ਹਨ ਅਤੇ ਬਾਂਹਾਂ ਨੂੰ ਖਿੱਚ ਕੇ ਆਪਣੇ ਪੈਰਾਂ ਉੱਪਰ ਚਕਰਚੂੰਢੇ ਵਾਂਗ ਘੁੰਮਦੀਆਂ ਹਨ। ਗੇੜੇ ਦੀ ਚਾਲ ਨਾ ਉਹ ਕਿੱਕਲੀ ਦੇ ਗੀਤ ਗਾਉਂਦੀਆਂ ਹਨ :–

ਕਿੱਕਲੀ ਕਲੀਰ ਦੀ।
ਪੱਗ ਮੇਰੇ ਵੀਰ ਦੀ।
ਦੁਪੱਟਾ ਭਰਜਾਈ ਦਾ।
ਸੋਹਣਾ ਮੂੰਹ ਜਵਾਈ ਦਾ।

ਗਈ ਸਾਂ ਮੈਂ ਗੰਗਾ।
ਚੜ੍ਹਾ ਲਿਆਈ ਵੰਗਾਂ।
ਅਸਮਾਨੀ ਮੇਰਾ ਘੱਗਰਾ।
ਮੈਂ ਕਿਹੜੀ ਕਿੱਲੀ ਟੰਗਾਂ?



Downloaded from https:// www.studiestoday.com

Downloaded from https:// www.studiestoday.com

ਨੀਂ ਮੈਂ ਐਸ ਕਿੱਲੀ ਟੰਗਾਂ।

ਨੀਂ ਮੈਂ ਔਸ ਕਿੱਲੀ ਟੰਗਾਂ।

ਕਿੱਕਲੀ ਦੇ ਗੀਤਾਂ ਵਿੱਚ ਭੈਣ ਦਾ ਵੀਰ-ਪਿਆਰ ਹੀ ਵਧੇਰੇ ਪ੍ਰਗਟ ਹੋਇਆ ਹੈ। ਭੈਣ ਦੇ ਦਿਲ ਵਿੱਚ ਆਪਣੇ ਵੀਰ ਲਈ ਕਿੰਨਾ ਚਾਅ ਹੈ ! ਵੀਰ ਦੀ ਨਵੀਂ ਵਹੁਟੀ ਘਰ ਆਉਂਦੀ ਹੈ। ਨਿੱਕੀ ਭੈਣ ਦਾ ਚਾਅ ਝੱਲਿਆ ਨਹੀਂ ਜਾਂਦਾ। ਉਹ ਗਾਉਂਦੀ ਹੈ:

ਕਿੱਕਲੀ ਕਲੀਰ ਦੀ।

ਪੱਗ ਮੇਰੇ ਵੀਰ ਦੀ।

ਵੀਰ ਮੇਰਾ ਜਾਵੇਗਾ।

ਭਾਬੋ ਨੂੰ ਲਿਆਵੇਗਾ।

ਸਹੇਲੀਆਂ ਸਦਾਵਾਂਗੀ।

ਨੱਚਾਂਗੀ ਤੇ ਗਾਵਾਂਗੀ।

ਜੰਞ ਚੜ੍ਹੀ ਵੀਰ ਦੀ।

ਕਿੱਕਲੀ ਕਲੀਰ ਦੀ।

ਵੀਰ ਬਾਰੇ ਇੱਕ ਹੋਰ ਗੀਤ ਬਹੁਤ ਸੁੰਦਰ ਬਦਾਂ ਵਿੱਚ ਬਿਆਨ ਕੀਤਾ ਹੈ:

ਹੇਠ ਵਗੇ ਦਰਿਆ,

ਉੱਤੇ ਮੈਂ ਖੜ੍ਹੀ।

ਮੇਰੇ ਵੀਰ ਨੇ ਲਾਇਆ ਬਾ ,

ਖਿੜ ਪਈ ਚੰਬਾ-ਕਲੀ।

ਚੰਬਾ-ਕਲੀ ਨਾ ਤੋੜ,

ਵੀਰ ਮੇਰਾ ਮਾਰੇਗਾ।

ਮੇਰਾ ਵੀਰ ਵੱਡਾ ਸਰਦਾਰ,

ਬਹਿੰਦਾ ਕੁਰਸੀ ਤੇ।

ਕਿੱਕਲੀ ਦੇ ਗੀਤਾਂ ਨੂੰ ਗਾਉਣ ਦਾ ਇੱਕ ਹੋਰ ਢੰਗ ਵੀ ਹੈ। ਕੁੜੀਆਂ ਧਰਤੀ ਤੇ ਬੈਠ ਕੇ ਜਾਂ ਖਲੋ ਕੇ ਇੱਕ-ਦੂਜੀ ਦੇ ਹੱਥਾਂ ਤੇ ਤਾੜੀਆਂ ਮਾਰ ਕੇ ਤਾੜੀਆਂ ਦੀ ਤਾਲ ਨਾ ਗੀਤ ਦੇ ਬੋਲ ਬੋਲਦੀਆਂ ਹਨ ਤੇ ਆ ਰੀ ਟੱਪੇ ਤੇ ਕਿੱਕਲੀ ਪਾਉਂਦੀਆਂ ਹੋਈਆਂ ਦੁਹਰਾਉਂਦੀਆਂ ਹਨ :

ਤੋਤੜਿਆ, ਤੋਤੜਿਆ,

ਤੋਤੜਿਆ, ਮਤੋਤੜਿਆ।

ਤੋਤਾ ਹੈ ਸਿਕੰਦਰ ਦਾ,

ਪਾਣੀ ਪੀਵੇ ਮੰਦਰ ਦਾ।



Downloaded from https:// www.studiestoday.com

Downloaded from https:// www.studiestoday.com

ੀ ਾ ਵੇਖੇ ਲਹਿਰੇ ਦਾ,
ਕੰਮ ਕਰੇ ਦੁਪਹਿਰੇ ਦਾ।
ਕਾਕੜਾ ਖਿਡਾਉਂਦੀ ਆਂ,
ਚਾਰ ਛੱਲੇ ਪਾਉਂਦੀ ਆਂ।
ਖੋਲ੍ਹ ਮਾਸੀ ਕੁੰਡਾ,
ਜੀਵੇ ਤੇਰਾ ਮੁੰਡਾ।

ਇੱਕ ਹੋਰ ਗੀਤ ਵਿੱਚ ਭੈਣ ਆਪਣੇ ਛੋਟੇ ਭਰਾ ਨੂੰ ਸਾਂਝੀ ਥਾਂ ਤੋਂ ਟਾਹਲੀ ਦੇ ਰੁੱਖ ਵੱਢਣੋਂ ਰੋਕਦੀ ਹੈ:

ਉੱਚੇ ਟਿੱਬੇ ਮੈਂ ਆਟਾ ਗੁੰਨ੍ਹਦੀ,
ਆਟੇ ਤੇ ਆ ਗਈ ਲਾਲੀ।
ਵੀਰਾ ਨਾ ਵੱਢ ਵੇ,
ਾਮਲਾਟ ਦੀ ਟਾਹਲੀ।
ਵੀਰਾ ਨਾ ਵੱਢ ਵੇ।

ਕਿੱਕਲੀ ਦਾ ਇੱਕ ਹੋਰ ਗੀਤ ਇਸ ਤਰ੍ਹਾਂ ਹੈ:

ਛੀ, ਛਾਂ,
ਜੀਵੇ ਮਾਂ।
ਖੱਖੜੀਆਂ, ਰਬੂੇ ਖਾਂ,
ਖਾਂਦੀ-ਖਾਂਦੀ ਕਾਬਲ ਜਾਂ।
ਗੋਰੀ ਗਾਂ, ਗੁਲਾਬੀ ਵੱਛਾ,
ਮਾਰੇ ਸਿੰਗ ਤੁੜਾਵੇ ਰੱਸਾ।

ਹਾਸਿਆਂ-ਤਮਾਂ ਿਆਂ ਭਰੇ ਬੋਲਾਂ ਨਾ ਕਿੱਕਲੀ ਪਾਉਂਦੀਆਂ ਕੁੜੀਆਂ ਇੱਕ ਰੰਗ ਬੰਨ੍ਹ ਦਿੰਦੀਆਂ ਹਨ:

ਕਿੱਕਲੀ ਕਲੀਰ ਦੀ,
ਪੱਗ ਮੇਰੇ ਵੀਰ ਦੀ।
ਦੁਪੱਟਾ ਮੇਰੀ ਭੈਣ ਦਾ,
ਘੱਗਰਾ ਭਰੈਣ ਦਾ।
ਲੈ ਮਾਮਾ ਪੀੜ੍ਹੀ,
ਪੀੜ੍ਹੀ ਹੇਠ ਕੀੜੀ।
ਭੰਬਾ ਭੰਬੀਰੀ ਦਾ,
ਵੇਖ ਤਮਾ ਾ ਕੀੜੀ ਦਾ।



Downloaded from https:// www.studiestoday.com

Downloaded from https:// www.studiestoday.com

**1. ਔਖੇ ਬਦਾਂ ਦੇ ਅਰਥ:**

ਕੰਘੀਆਂ ਪਾਉਣਾ-ਦੋਂਹਾਂ ਹੱਥਾਂ ਦੀਆਂ ਉਂਗ ਾਂ ਨੂੰ ਆਪਸ ਵਿੱਚ ਫਸਾ ਲੈਣਾ। ਬਿਆਨ ਕੀਤਾ-ਵਰਨਣ ਕੀਤਾ, ਵਿਆਖਿਆ ਕੀਤੀ। ਚਕਰਚੂੰਢਾ-ਇੱਕ ਝੂਲਾ ਜਿਸ ਦੇ ਦੋਂਹਾਂ ਸਿਰਿਆਂ ਤੇ ਬੈਠ ਕੇ ਬੱਚੇ ਝੂਟੇ ਲੈਂਦੇ ਹਨ, ਇੱਕ ਖਿਡੌਣਾ ਜੋ ਦਸਤੇ ਤੋਂ ਫੜ ਕੇ ਘੁਮਾਈਦਾ ਹੈ, ਬੀਂਡਾ।

## ਪਾਠ-ਅਭਿਆਸ

**1. ਾਲੀ ਸਥਾਨ ਭਰੋ-**

ੳ. ਕਿੱਕਲੀ---------ਦੀਆਂ ਕੁੜੀਆਂ ਦੀ ਹਰਮਨ-ਪਿਆਰੀ ਖੇਡ ਹੈ।

ਅ. ਕਿੱਕਲੀ ਦੇ ਗੀਤਾਂ ਵਿੱਚ ਭੈਣ ਦਾ-------ਹੀ ਵਧੇਰੇ ਪ੍ਰਗਟ ਹੋਇਆ ਹੈ।

ੲ. ਕਿੱਕਲੀ ਕਲੀਰ ਦੀ--------ਮੇਰੇ ਵੀਰ ਦੀ।

ਸ. ਕਿੱਕਲੀ ਪਾਉਂਦੀਆਂ ਕੁੜੀਆਂ --------ਵਾਂਗ ਘੁੰਮਦੀਆਂ ਹਨ।

ਹ. ਖੱਖੜੀਆਂ-------ਖਾਂ, ਖਾਂਦੀ-ਖਾਂਦੀ ਕਾਬਲ ਜਾਂ।

**2. ਇੱਕ-ਦੋ ਬਦਾਂ ਵਿੱਚ ਉੱਤਰ ਦਿਓ:**

ੳ. ਕਿੱਕਲੀ ਵਿੱਚ ਕਿੰਨੀਆਂ ਕੁੜੀਆਂ ਜੁੱਟ ਬਣਾ ਕੇ ਨੱਚਦੀਆਂ ਹਨ?

ਅ. ਕਿੱਕਲੀ ਦੇ ਇੱਕ ਗੀਤ ਵਿੱਚ ਭੈਣ ਆਪਣੇ ਭਰਾ ਨੂੰ ਕਿਹੜੀ ਗੱਲੋਂ ਰੋਕਦੀ ਹੈ?

ੲ. ਕਿੱਕਲੀ ਪਾਠ ਵਿੱਚ ਆਏ ਕਿਸੇ ਦੋ ਰਿ ਤਿਆਂ ਦੇ ਨਾਂ ਲਿਖੋ।

**3. ਹੇਠ ਲਿਖੇ ਬਦਾਂ ਨੂੰ ਵਾਕਾਂ ਵਿੱਚ ਵਰਤੋ : -**

ਹਰਮਨ-ਪਿਆਰਾ, ਚਕਰਚੂੰਢਾ, ਾਮਲਾਟ, ਟਾਹਲੀ, ਭੰਬੀਰੀ।

**4. ਹੇਠ ਲਿਖੇ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਦਿੱਤੇ ਬਦ-ਜੋੜਾਂ ਦੇ ਅੰਤਰ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਲਿਖੇ ਬਦਾਂ ਨੂੰ ਲਿਖੋ : -**

| | | |
|---|---|---|
| ਪੰਜਾਬ | - | पंजाब |
| ਹੱਥ | - | हाथ |
| ਪੱਗ | - | पगड़ी |
| ਬਹਿੰਦਾ | - | बैठता |
| ਸਿੰਗ | - | सींग |
| ਦੁਪੱਟਾ | - | दुपट्टा |

ਕਿੱਕਲੀ ਪਾਓ ਅਤੇ ਪਾਠ ਵਿੱਚ ਦਿੱਤੇ ਗੀਤ ਗਾ ਕੇ ਅਨੰਦ ਲਓ। ਇਹ ਨਾਚ ਤੁਹਾਨੂੰ ਕਿਹੋ-ਜਿਹਾ ਲੱਗਿਆ? ਇਸ ਸੰਬੰਧੀ ਆਪਣੀ ੍ਰੇਣੀ ਵਿੱਚ ਚਰਚਾ ਕਰੋ।



Downloaded from https:// www.studiestoday.com

Downloaded from https:// www.studiestoday.com

ਪਾਠ-5

# ਦੋ ਕੀੜੀਆਂ

ਕੁੜੇ ਅਨੀ ਾ! ਕਿਉਂ ਪਾਣੀ ਵਿੱਚ ਖੇਡਾਂ ਜਿਹੀਆਂ ਕਰੀ ਜਾਨੀ ਐਂ, ਬਿਮਾਰ ਹੋ ਜਾਏਂਗੀ...ਗਰਮੀ ਨੀ ਆਈ ਅਜੇ ...ਜਾਂਦੀ ਠੰਢ ਐ...ਆ ਜਾ ਇੱਧਰ...ਠੰਢੇ ਪਾਣੀ ਚੋਂ। ਅਨੀ ਾ ਦੀ ਨਾਨੀ ਨੇ ਪਾਣੀ ਨਾ ਖੇਡ ਰਹੀ ਆਪਣੀ ਦੋਹਤੀ ਨੂੰ ਵਰਜਿਆ।

ਨਾਨੀ ਜੀ, ਮੈਂ ਖੇਡਾਂ ਨਹੀਂ ਕਰ ਰਹੀ, ਮੈਂ ਤਾਂ ਵਿਗਿਆਨ ਦਾ ਇੱਕ ਪ੍ਰਯੋਗ ਕਰ ਕੇ ਦੇਖ ਰਹੀ ਆਂ...। ਅਨੀ ਾ ਨੇ ਗੱਲ ਪੂਰੀ ਨਹੀਂ ਸੀ ਕੀਤੀ ਕਿ ਉਸ ਦੇ ਨਾਨੀ ਜੀ ਉਹਦੇ ਕੋ ਆ ਖਲੋਤੇ ਤੇ ਬੋਲੇ,

ਕੀ ਕਰਦੀ ਐਂ?

ਅੱਜ ਸਾਡੇ ਮੈਡਮ ਨੇ ਦੱਸਿਆ ਸੀ ਕਿ ਜਿਹੜੀਆਂ ਚੀ ਾਂ ਸਾਨੂੰ ਾਲੀ ਜਾਪਦੀਆਂ ਨੇ, ਉਹਨਾਂ ਵਿੱਚ ਹਵਾ ਭਰੀ ਹੁੰਦੀ ਐ...। ਤੇ ਫੇਰ ਉਸ ਨੇ ਇੱਕ ਾਲੀ ਬੋਤਲ ਲੈ ਕੇ ਉਸ ਵਿੱਚ ਪਾਣੀ ਭਰਨ ਲਈ ਉਸ ਨੂੰ ਪਾਣੀ ਦੀ ਬਾਲਟੀ ਵਿੱਚ ਡੁਬੋਇਆ। ਗੜੂੰ-ਗੜੂੰ ਦੀ ਅਵਾ ਨਾ ਹਵਾ ਬੋਤਲ ਵਿੱਚੋਂ ਬਾਹਰ ਨਿਕ ਨ ਲੱਗੀ ਅਤੇ ਅਨੀ ਾ ਫੇਰ ਕਹਿਣ ਲੱਗੀ, ਦੇਖੋ, ਨਾਨੀ ਜੀ, ਇਹ ਬੋਤਲ ਸਾਨੂੰ ਦੇਖਣ ਲਈ ਾਲੀ ਲੱਗਦੀ ਆ ਪਰ ਆਹ ਦੇਖੋ ਬੁਲਬੁਲੇ ਨਿਕ ਰਹੇ ਨੇ, ਹਵਾ ਦੇ...।

ਬਹੁਤ ਅੱਛਾ! ਨਾਨੀ ਨੇ ਗਹੁ ਨਾ ਆਪਣੀ ਪੰਜਵੀਂ ਵਿੱਚ ਪੜ੍ਹਦੀ ਦੋਹਤੀ ਵੱਲ ਦੇਖਿਆ।

ਨਾਨੀ ਜੀ !ਨਾਨੀ ਜੀ !!ਕਿੱਥੇ ਗਏ? ਅੱਠਵੀਂ ਵਿੱਚ ਪੜ੍ਹਦੀ ਅਨੀ ਾ ਦਾ ਭਰਾ ਨਵੀਨ ਨਾਨੀ ਨੂੰ ਲੱਭ ਰਿਹਾ ਸੀ।

ਆ ਜਾ, ਪੁੱਤਰ...ਇੱਧਰ ਆਂ ਮੈਂ...।



ਨਵੀਨ ਦੇ ਹੱਥ ਵਿੱਚ ਕਾਪੀ ਤੇ ਪੈੱਨ ਸੀ। ਨਾਨੀ ਸਮਝ ਗਈ ਕਿ ਨਵੀਨ ਨੇ ਕੁਝ ਪੁੱਛਣਾ ਹੈ। ਨਵੀਨ ਹੋਰਾਂ ਦੀ



Downloaded from https:// www.studiestoday.com

Downloaded from https:// www.studiestoday.com

ਨਾਨੀ ਸੇਵਾ-ਮੁਕਤ ਸਕੂਲ-ਅਧਿਆਪਕਾ ਹੈ। ਆਪਣੀ ਇਕਲੌਤੀ ਬੇਟੀ ਦੇ ਬੱਚਿਆਂ ਦਾ ਉਹ ਬਹੁਤ ਧਿਆਨ ਰੱਖਦੀ ਹੈ।

ਹਾਂ ਬੇਟੇ ! ਦੱਸ, ਕੀ ਪੁੱਛਣੈ? ਨਾਨੀ ਨੇ ਪੁੱਛਿਆ।

ਨਾਨੀ ਜੀ ! ਸਾਡੇ ਸਕੂਲ ਵਿੱਚ ਭਾ ਣ-ਮੁਕਾਬਲਾ ਹੋਣੈ, ਨਵੀਨ ਨੇ ਕਿਹਾ।

ਅੱਛਾ, ਬੋਲਣੇ ਦਾ ਵਿ ਾ ਕਿਹੜੈ?

ਔਗੁਣਾਂ ਨੂੰ ਦੂਰ ਕਰਕੇ ਗੁਣ ਕਿਵੇਂ ਗ੍ਰਹਿਣ ਕਰੀਏ...?

ਵਿ ਾ ਸੁਣ ਕੇ ਨਾਨੀ ਜੀ ਥੋੜ੍ਹੀ ਦੇਰ ਲਈ ਗੰਭੀਰ ਹੋ ਗਏ ਤੇ ਫਿਰ ਬੋਲੇ, ਇਸ ਸੰਬੰਧ ਵਿੱਚ ਮੈਂ ਤੁਹਾਨੂੰ ਦੋ ਕੀੜੀਆਂ ਦੀ ਇੱਕ ਕਹਾਣੀ ਸੁਣਾਉਂਦੀ ਹਾਂ।

ਇੱਕ ਕੀੜੀ ਸੀ, ਮਿੱਠੋ-ਮਿੱਠੇ ਤੇ ਸੁਘੜ ਗੁਣਾਂ ਵਾ ੀ। ਉਹ ਮਿਸਰੀ ਦੇ ਪਹਾੜ ਉੱਤੇ ਰਹਿੰਦੀ ਸੀ। ਦੂਜੀ ਕੀੜੀ ਸੀ, ਸਲੂਣੋ; ਲੂਣ ਦੇ ਪਹਾੜ ਉੱਤੇ ਰਹਿੰਦੀ ਸੀ, ਉਹ। ਦੋਵੇਂ ਪਹਾੜ ਨਾ -ਨਾ ਸਨ, ਨੇੜੇ-ਨੇੜੇ। ਇੱਕ ਦਿਨ ਦੋਵੇਂ ਕੀੜੀਆਂ ਆਪੋ-ਆਪਣੇ ਪਹਾੜ ਦੇ ਸਿਖਰ ਉੱਤੇ ਘੁੰਮ-ਫਿਰ ਰਹੀਆਂ ਸਨ।

ਭੈਣ ਸਲੂਣੋ, ਕੀ ਹਾਲ ਐ, ਤੇਰਾ? ਮਿੱਠੋ ਨੇ ਮਿੱਠੀ_ਬਾਨ ਨਾ ਪੁੱਛਿਆ।

ਭੈਣ ਮਿੱਠੋ, ਹਾਲ ਕਾਹਦਾ? ਸਾਰਾ ਦਿਨ ਖਾਰਾ, ਸਲੂਣਾ...।

ਭੈਣ ਸਲੂਣੋ ! ਤੂੰ ਇਉਂ ਕਰ ਕੁਝ ਦਿਨ ਮੇਰੇ ਪਹਾੜ ਉੱਤੇ ਆ ਕੇ ਰਹਿ। ਮਿੱਠੀ-ਮਿੱਠੀ ਮਿਸਰੀ ਖਾ ਤੇ ਅਨੰਦ ਲੈ। ਜਿੰਨਾ ਚਿਰ ਤੇਰਾ ਜੀ ਕਰੇ ਰਹਿ, ਭਾਵੇਂ ਸਾਰੀ ਉਮਰ ਵੀ, ਇੱਕ ਦਿਨ ਮਿੱਠੋ ਨੇ ਕਿਹਾ।

ਚੰਗਾ ਭੈਣੇ, ਆਵਾਂਗੀ ਕਿਸੇ ਦਿਨ, ਵਿਹਲ ਕੱਢ ਕੇ..., ਸਲੂਣੋ ਨੇ ਜਵਾਬ ਦਿੱਤਾ।

ਫੇਰ ਗਈ ਸਲੂਣੋ, ਮਿਸਰੀ ਦੇ ਪਹਾੜ ਉੱਤੇ? ਨਵੀਨ ਨੇ ਪੁੱਛਿਆ।

ਲੂਣ ਛੱਡ ਕੇ ਮਿਸਰੀ ਮਿ ਖਾਣ ਨੂੰ ਹੋਰ ਕੀ ਚਾਹੀਦੈ, ਉਹ ਤਾਂ ਭੱਜੀ ਗਈ ਹੋਊ। ਜਿਵੇਂ ਆਪਾਂ ਚਾਕਲੇਟ ਦੇਖ ਕੇ ਭੱਜਦੇ ਆਂ, ਹਨਾਂ ਨਾਨੀ ਜੀ? ਅਨੀ ਾ ਵੀ ਬੋਲ ਪਈ।

ਧਿਆਨ ਨਾ ਸੁਣੋ, ਬੇਟੇ ! ਇਸ ਦੀ ਰਮ ਡੂੰਘੀ ਐ। ਆਮ ਬਾਤਾਂ ਵਰਗੀ ਨੀ ਹੈਗੀ। ਇਸ ਕਹਾਣੀ ਵਿੱਚ ਲੂਣ ਨੂੰ ਤੁਸੀਂ ਸਮਝ ਲਓ, ਜਿਵੇਂ ਔਗੁਣ ਹੋਣ ਤੇ ਮਿਸਰੀ ਨੂੰ ਸਮਝ ਲਓ ਗੁਣ; ਚੰਗੇ ਗੁਣ। ਠੀਕ ਐ ਨਾ?

ਹਾਂ, ਨਾਨੀ ਜੀ, ਨਵੀਨ ਤੇ ਅਨੀ ਾ ਇਕੱਠੇ ਬੋਲੇ।

ਸਲਾਹਾਂ ਕਰਦਿਆਂ ਸਲੂਣੋ ਨੇ ਕਈ ਦਿਨ ਲੰਘਾ ਦਿੱਤੇ। ਜਿਵੇਂ ਮਾੜੀ ਆਦਤ ਛੱਡਣ ਦੀ ਲੋਕ ਆਲਸ ਕਰ ਛੱਡਦੇ ਨੇ, ਉਵੇਂ ਹੀ। ਇੱਕ ਦਿਨ ਉਸ ਨੇ ਸਲਾਹ ਬਣਾ ਹੀ ਲਈ ਮਿਸਰੀ ਦੇ ਪਹਾੜ ਉੱਤੇ ਜਾਣ ਦੀ ਪਰ ਨਾ ਹੀ ਉਸ ਨੇ ਸੋਚਿਆ, ਮਿੱਠੋ ਦੇ ਪਹਾੜ ਦਾ ਤੇ ਮੇਰੇ ਪਹਾੜ ਦਾ ਰੰਗ ਤਾਂ ਇੱਕੋ-ਜਿਹਾ ਹੀ ਲੱਗਦੈ।

ਸੋਚ-ਸੋਚ ਕੇ ਉਹਨੇ ਲੂਣ ਦੀ ਇੱਕ ਵੱਡੀ ਡ ੀ ਆਪਣੇ ਮੂੰਹ ਵਿੱਚ ਰੱਖ ਲਈ ਤੇ ਮਨ ਹੀ ਮਨ ਕਿਹਾ, ਜੇ ਮਿੱਠੋ ਕੋ ਕੁਝ ਨਾ ਹੋਇਆ, ਘੱਟੋ-ਘੱਟ ਮੇਰੇ ਕੋ ਆਪਣਾ ਲੂਣ ਤਾਂ ਹੋਊ।

ਚਲੋ ਜੀ, ਆ ਰ ਸਲੂਣੋ ਮਿੱਠੋ ਦੇ ਪਹਾੜ ਉੱਤੇ ਪਹੁੰਚ ਹੀ ਗਈ। ਮਿੱਠੇ ਉਸ ਨੂੰ ਸਾਰਾ ਪਹਾੜ ਘੁਮਾਉਂਦੀ ਫਿਰੀ। ਤਰ੍ਹਾਂ-ਤਰ੍ਹਾਂ ਦੀ ਮਿਸਰੀ ਦੇ ਡ ਿਆਂ ਕੋ ਲਿਜਾ ਕੇ ਸਿੰਤਾਂ ਕਰਦੀ ਰਹੀ। ਸਾਰਾ ਪਹਾੜ ਘੁੰਮ-ਘੁਮਾ ਕੇ ਸਲੂਣੋ ਵਾਪਸ ਆ ਗਈ।

ਆਪਣੇ ਪਹਾੜ ਉੱਤੇ ਪਹੁੰਚ ਕੇ ਆਖਣ ਲੱਗੀ, ਐਨਾ ਲੰਮਾ-ਚੌੜਾ ਪਹਾੜ ਘੁੰਮਦੀ ਫਿਰੀ, ਪਾਗਲਾਂ ਵਾਂਗੂੰ । ਮਿਸਰੀ ਕਿਹੜੀ ਮਿ ੀ, ਉੱਥੇ? ਸੁਆਹ? ਸਲੂਣੋ ਅੱਕੀ ਪਈ ਸੀ।

ਹਾਂ ਬੇਟੇ, ਨਵੀਨ ! ਦੱਸੋ ਸਲੂਣੋ ਨੂੰ ਮਿਸਰੀ ਦਾ ਸੁਆਦ ਕਿਉਂ ਨੀ ਆਇਆ?



Downloaded from https:// www.studiestoday.com

Downloaded from https:// www.studiestoday.com

ਕਿਉਂਕਿ ਸਲੂਣੋ ਨੇ ਆਪਣੇ ਮੂੰਹ ਵਿੱਚ ਲੂਣ ਦੀ ਵੱਡੀ ਡ ੀ ਰੱਖੀ ਹੋਈ ਸੀ..., ਨਵੀਨ ਬੋਲਿਆ।

ਬਿਲਕੁਲ ਠੀਕ। ਸਾਰੇ ਰਾਹ ਉਹਦੇ ਮੂੰਹ ਵਿੱਚ ਉਹੀ ਲੂਣ ਦੀ ਡ ੀ ਖੁਰਦੀ ਰਹੀ। ਮਿਸਰੀ ਦਾ ਸੁਆਦ ਤਾਂ ਉਹ ਤਾਂ ਹੀ ਚੱਖ ਸਕਦੀ ਸੀ ਜੇ ਉਹ ਲੂਣ ਦੀ ਡ ੀ ਮੂੰਹ ਵਿੱਚੋਂ ਕੱਢਦੀ...ਆਹ ਜਿਵੇਂ ਅਨੀ ' ਪ੍ਰਯੋਗ ਕਰਦੀ ਸੀ। ਜੇ ਬੋਤਲ ਵਿੱਚੋਂ ਹਵਾ ਬਾਹਰ ਨਿਕ ਗੀ..ਤਾਂ ਹੀ ਪਾਣੀ ਅੰਦਰ ਭਰਿਆ ਜਾਊ..। ਜੇ ਔਗੁਣ ਦੂਰ ਹੋਣਗੇ ਤਾਂ ਹੀ ਉਹਨਾਂ ਦੀ ਥਾਂਵੇਂ ਗੁਣ ਗ੍ਰਹਿਣ ਕੀਤੇ ਜਾ ਸਕਣਗੇ, ਠੀਕ ਐ ਨਾ? ਨਾਨੀ ਜੀ ਨੇ ਫੇਰ ਪੁੱਛਿਆ।

ਬਿਲਕੁਲ ਠੀਕ ਪਰ ਨਾਨੀ ਜੀ, ਸਭ ਤੋਂ ਰੂਰੀ ਗੱਲ ਹੈ-ਵਿ ਵਾਸ, ਗੁਣਵਾਨ ਬੰਦੇ ਉੱਤੇ ਵਿ ਵਾਸ। ਜੇ ਸਲੂਣੋ ਕੀੜੀ ਮਿੱਠੋ ਤੇ ਵਿ ਵਾਸ ਕਰਦੀ ਤਾਂ ਲੂਣ ਦੀ ਡ ੀ ਮੂੰਹ ਵਿੱਚ ਲਿਜਾਂਦੀ ਹੀ ਕਿਉਂ? ਨਵੀਨ ਨੇ ਹੋਰ ਨੁਕਤਾ ਸਪ ਟ ਕੀਤਾ।

ਕਈ ਵਾਰ ਸਾਡੇ ਨਾ ਵੀ ਇਉਂ ਹੀ ਹੁੰਦੈ। ਅਸੀਂ ਚੰਗੇ ਲੋਕਾਂ ਦੀ ਸੰਗਤ ਕਰਦੇ ਆਂ, ਚੰਗੇ ਗੁਣ ਗ੍ਰਹਿਣ ਕਰਨ ਲਈ ਪਰ ਵਿ ਵਾਸ ਦੀ ਘਾਟ ਕਰਕੇ ਸਾਡੇ ਆਪਣੇ ਹੀ ਔਗੁਣਾਂ ਦਾ ਲੂਣ ਸਾਡੀ ਜੀਭ ਤੇ ਖੁਰਦਾ ਰਹਿੰਦੈ ਤੇ ਅਸੀਂ ਚੰਗੇ ਗੁਣਾਂ ਦੀ ਮਿਠਾਸ ਤੋਂ ਵਾਂਝੇ ਰਹਿ ਜਾਂਦੇ ਆਂ, ਨਾਨੀ ਜੀ ਨੇ ਕਿਹਾ।

_ਕਰੀਆ, ਨਾਨੀ ਜੀ। ਹੁਣ ਮੈਂ ਇਸ ਨੂੰ ਲਿਖ ਲਵਾਂ ਫੇਰ ਸੁਣਾਵਾਂਗਾ, ਤੁਹਾਨੂੰ। ਆਖ ਕੇ ਨਵੀਨ ਆਪਣੀ ਪੜ੍ਹਨ ਵਾ ੀ ਮੇ ਉੱਤੇ ਜਾ ਬੈਠਿਆ।

ਨਾਨੀ ਜੀ ਰਸੋਈ ਵਿੱਚ ਜਾ ਕੇ ਚਾਹ ਬਣਾਉਣ ਲੱਗੇ ਕਿਉਂਕਿ ਨਵੀਨ ਹੋਰਾਂ ਦੇ ਮੰਮੀ-ਪਾਪਾ ਦੰਤਰ ਤੋਂ ਆਉਣ ਵਾ ਸਨ ਤੇ ਅਨੀ ' ਮੇਨ ਗੇਟ ਉੱਤੇ ਖੜ੍ਹ ਕੇ ਆਪਣੇ ਮੰਮੀ-ਪਾਪਾ ਦਾ ਇੰਤ ਾਰ ਕਰ ਰਹੀ ਸੀ।

**ਔਖੇ ਬਦਾਂ ਦੇ ਅਰਥ:**

ਸੇਵਾ-ਮੁਕਤ - ਨੌਕਰੀਓਂ ਮੁਕਤ। ਵਾਂਝੇ - ਾਲੀ, ਸੱਖਣੇ

ਰਮ - ਇ ਾਰਾ, ਸੈਨਤ, ਭੇਤ। ਗ੍ਰਹਿਣ ਕਰਨਾ-ਧਾਰਨ ਕਰਨਾ

## ਪਾਠ-ਅਭਿਆਸ

**1. ਾਲੀ ਸਥਾਨ ਭਰੋ:-**

ੳ. ਨਵੀਨ ਦੇ ਨਾਨੀ ਜੀ------------ਅਧਿਆਪਕਾ ਹਨ।

ਅ. ਮਿੱਠੋ ਕੀੜੀ --------ਦੇ ਪਹਾੜ ਉੱਤੇ ਰਹਿੰਦੀ ਸੀ।

ੲ. ---------ਮਿ ਰੀ ਖਾ ਤੇ ਅਨੰਦ ਲੈ।

ਸ. ਸਲੂਣੋ ਕੀੜੀ ਨੇ ਵੱਡੀ ਸਾਰੀ -------ਆਪਣੇ ਮੂੰਹ ਵਿੱਚ ਰੱਖ ਲਈ।

ਹ. ਪਹਿਲਾਂ ਆਪਣੇ ਅੰਦਰੋਂ ---------ਨੂੰ ਕੱਢੋ।

**2. ਸੰਖੇਪ ਵਿੱਚ ਉੱਤਰ ਦਿਓ:-**

ੳ. ਨਵੀਨ ਨੇ ਸਵੇਰ ਦੀ ਸਭਾ ਵਿੱਚ ਕਿਸ ਵਿ ੇ ਤੇ ਬੋਲਣਾ ਸੀ?

ਅ. ਨਵੀਨ ਦੀ ਵੱਡੀ ਭੈਣ ਦਾ ਨਾਂ ਦੱਸੋ ਅਤੇ ਇਹ ਵੀ ਦੱਸੋ ਕਿ ਉਹ ਕਿਹੜੀ ੇਣੀ ਵਿੱਚ ਪੜ੍ਹਦੀ ਸੀ?

ੲ. ਨਾਨੀ ਜੀ ਨੇ ਨਵੀਨ ਨੂੰ ਕਿਨ੍ਹਾਂ ਦੀ ਕਹਾਣੀ ਸੁਣਾਈ?

ਸ. ਮਿੱਠੋ ਦੁਆਰਾ ਹਾਲ ਪੁੱਛਣ ਤੇ ਸਲੂਣੀ ਕੀੜੀ ਨੇ ਕੀ ਉੱਤਰ ਦਿੱਤਾ?

ਹ. ਦੋ ਕੀੜੀਆਂ ਪਾਠ ਤੋਂ ਤੁਹਾਨੂੰ ਕੀ ਸਿੱਖਿਆ ਮਿ ਦੀ ਹੈ?



Downloaded from https:// www.studiestoday.com

Downloaded from https:// www.studiestoday.com

3. **ਹੇਠ ਲਿਖੇ ਪੰਜਾਬੀ ਬਦਾਂ ਦੇ ਸਮਾਨਾਰਥੀ ਹਿੰਦੀ ਬਦ ਲਿਖੋ ਅਤੇ ਅੰਤਰ ਸਮਝੋ :-**

ਕੀੜੀਆਂ :

ਕਹਾਣੀ :

ਪਹਾੜ :

ਮਿਸਰੀ :

ਸੇਵਾ-ਮੁਕਤ :

ਲੂਣ :



Downloaded from https:// www.studiestoday.com

Downloaded from https:// www.studiestoday.com

ਪਾਠ-6

# ਕੌਂਮ ਦੀ ਸੇਵਾਦਾਰ




ਉਜਲੇ, ਚਿੱਟੇ ਬਸਤਰ ਪਾਈ,
ਪਰੀ ਜਿਵੇਂ ਕੋਈ ਅਰੋਂ ਆਈ।

ਹਰਦਮ ਤਾ ਾ , ਨਵੀਂ-ਨਕੋਰ,
ਤੁਰਤ-ਫੁਰਤ ਹੈ ਇਸ ਦੀ ਤੋਰ।

ਜਿਉਂ ਤਿਤਲੀ ਦੀ ਹੋਏ ਉਡਾਣ,
ਵੰਡਦੀ ਫਿਰਦੀ ਤਿਉਂ ਮੁਸਕਾਣ।

ਵਾਰਡ ਅੰਦਰ ਜਿਉਂ ਹੀ ਆਈ,
ਆਉਂਦੇਸਾਰ ਹੀ ਰੌਣਕ ਲਾਈ।

ਰੋਗੀਆਂ ਤਾਈਂ ਮਿ ਗਈ ਢਾਰਸ,
ਜਿਉਂ ਆਇਆ ਕੋਈ ਵਾਲੀ-ਵਾਰਸ



Downloaded from https:// www.studiestoday.com

Downloaded from https:// www.studiestoday.com

ਕਿਸੇ ਨੂੰ ਥਰਮਾਮੀਟਰ ਲਾਉਂਦੀ,
ਨਬ ਪਕੜ ਕੇ ਪੁੱਛ ਪੁਛਾਉਂਦੀ।

ਕਿਸੇ ਨੂੰ ਹੱਸ ਕੇ ਟੀਕਾ ਲਾਵੇ,
ਦਵਾ ਕਿਸੇ ਨੂੰ ਆਣ ਪਿਆਵੇ।

ਪੁੱਛਦੀ ਸਭ ਨੂੰ ਪ੍ਰੇਮ ਦੇ ਨਾ ,
ਦੱਸੋ ਜੀ, ਹੁਣ ਕੀ ਹੈ, ਹਾਲ?"

ਇਹਦੀ ਤੱਕ ਮਿੱਠੀ ਮੁਸਕਾਣ,
ਦੁੱਖ ਸਾਰਾ ਰੋਗੀ ਭੁੱਲ ਜਾਣ।

ਬੋਲੇ ਜਦ ਇਹ ਨਾ ਪਿਆਰ,
ਖਿੜਦਾ ਰੋਗੀ ਦਾ ਸੰਸਾਰ।

ਮਾਂ ਦੇ ਵਾਂਗਰ ਰੱਖਦੀ ਧਿਆਨ,
ਆਪਣਾ ਸੁੱਖ ਕਰਦੀ ਕੁਰਬਾਨ।

ਹੁਣ ਤੁਸਾਂ ਹੈ ਲਈ ਪਛਾਣ,
ਕੌਣ ਮਰੀ ਾਂ ਦੀ ਜਿੰਦ-ਜਾਨ?

ਇਹ ਹੈ ਕੌਮ ਦੀ ਸੇਵਾਦਾਰ,
ਰੋਗੀ ਜਿਸ ਨੂੰ ਕਰਦੇ ਪਿਆਰ।

ਸੀਤਲ ਭਰ ਕੇ ਦਿਲ ਵਿੱਚ ਤਰਸ,
ਰੱਬ ਨੇ ਭੇਜੀ ਜੱਗ ਤੇ ਨਰਸ

**ਔਖੇ ਬਦਾਂ ਦੇ ਅਰਥ :**

| | | |
|---|---|---|
| ਬਸਤਰ | – | ਕੱਪੜੇ, ਪੁ ਾਕ |
| ਵਾਲੀ-ਵਾਰਸ | – | ਮਾਲਕ, ਰਾਖਾ |
| ਸੇਵਾਦਾਰ | – | ਸੇਵਾ ਕਰਨ ਵਾ ੀ |
| ਢਾਰਸ | – | ਹੌਸਲਾ, ਤਸੱਲੀ, ਦਿਲਾਸਾ |
| ਕੁਰਬਾਨ | – | ਵਾਰੀ ਜਾਣਾ, ਸਦਕੇ ਜਾਣਾ, ਕਿਸੇ ਦੀ ਾਤਰ ਆਪ ਨੁਕਸਾਨ ਉਠਾਉਣਾ |
| ਤਰਸ | – | ਦਇਆ, ਰਹਿਮ |



Downloaded from https:// www.studiestoday.com

Downloaded from https:// www.studiestoday.com

## ਪਾਠ-ਅਭਿਆਸ

1. **ਦੱਸੋ:**

(ੳ) ਵਾਰਡ ਵਿੱਚ ਨਰਸ ਦੇ ਆਉਣ ਨਾ ਰੋਗੀ ਨੂੰ ਕੀ ਮਹਿਸੂਸ ਹੁੰਦਾ ਹੈ?

(ਅ) ਵਾਰਡ ਵਿੱਚ ਨਰਸ ਕੀ ਕੁਝ ਕਰਦੀ ਹੈ?

2. **ਾਲੀ ਥਾਂਵਾਂ ਭਰੋ :**

(ੳ) ਜਿਉਂ ਤਿਤਲੀ ਦੀ ਹੋਏ__________ਵੰਡਦੀ ਫਿਰਦੀ ਤਿਉਂ__________।

(ਅ) ਰੋਗੀਆਂ ਤਾਈਂ ਮਿ ਗਈ__________ਜਿਉਂ ਆਇਆ ਕੋਈ__________।

(ੲ) ਮਾਂ ਦੇ ਵਾਂਗਰ ਰੱਖਦੀ __________ਆਪਣਾ ਸੁੱਖ ਕਰਦੀ__________।

(ਸ) ਇਹ ਹੈ ਕੌਮ ਦੀ __________ਜਿਸ ਨੂੰ ਕਰਦੇ ਪਿਆਰ।

3. **ਸੰਖੇਪ ਵਿੱਚ ਉੱਤਰ ਦਿਓ:-**

ੳ. ਇਸ ਕਵਿਤਾ ਵਿੱਚ ਕੌਮ ਦੀ ਸੇਵਾਦਾਰ ਕਿਸ ਨੂੰ ਕਿਹਾ ਗਿਆ ਹੈ?

ਅ. ਨਰਸ ਵੇਖ ਕੇ ਕਿਸ ਨੂੰ ਸਾਰਾ ਦੁੱਖ ਭੁੱਲ ਜਾਂਦਾ ਹੈ?

ੲ. ਨਰਸ ਮਰੀ ਾਂ ਦਾ ਧਿਆਨ ਕਿਸ ਵਾਂਗਰ ਰੱਖਦੀ ਹੈ?

4. **ਹੇਠ ਲਿਖੇ ਬਦਾਂ ਨੂੰ ਵਾਕਾਂ ਵਿੱਚ ਵਰਤੋ:**

ਮਰੀ , ਥਰਮਾਮੀਟਰ, ਨਵੀਂ-ਨਕੋਰ, ਸੇਵਾਦਾਰ, ਤਰਸ।

5. **ਹੇਠਾਂ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਬਦ ਦਿੱਤੇ ਗਏ ਹਨ। ਇਹਨਾਂ ਬਦ-ਜੋੜਾਂ ਦੇ ਅੰਤਰ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਦਿੱਤੇ ਬਦਾਂ ਨੂੰ ਲਿਖਣ ਦਾ ਅਭਿਆਸ ਕਰੋ:-**

| | | |
|---|---|---|
| ਧਿਆਨ | - | घ्यान |
| ਪਛਾਣ | - | पहचान |
| ਬਸਤਰ | - | वस्त्र |
| ਕੀ | - | क्या |
| ਪਿਆਰ | - | प्यार |
| ਵੰਡਦੀ | - | बांटती |
| ਪੁੱਛਦੀ | - | पूछती |
| ਹੱਸ ਕੇ | - | हंसकर |



Downloaded from https:// www.studiestoday.com

Downloaded from https:// www.studiestoday.com

**ਹੇਠਾਂ ਇੱਕ ਹੀ ਅਰਥ ਲਈ ਪੰਜਾਬੀ ਅਤੇ ਹਿੰਦੀ ਵਿੱਚ ਭਿੰਨ-ਭਿੰਨ ਬਦ ਹਨ। ਇਹਨਾਂ ਨੂੰ ਧਿਆਨ ਨਾ ਪੜ੍ਹੋ ਅਤੇ ਪੰਜਾਬੀ ਦੇ ਬਦਾਂ ਨੂੰ ਲਿਖਣ ਦਾ ਅਭਿਆਸ ਕਰੋ-**

| | | |
|---|---|---|
| ਅ ਰ | – | आकाश |
| ਤੋਰ | – | चाल |
| ਢਾਰਸ | – | दिलासा |
| ਦੱਸੋ | – | बताओ |
| ਹੁਣ | – | अब |
| ਤੱਕ ਕੇ | – | देखकर |
| ਨਾ | – | साथ, सहित |

ਅਧਿਆਪਕ, ਵਿਦਿਆਰਥੀਆਂ ਨੂੰ ਨਰਸ ਦੇ ਸੇਵਾ-ਭਾਵਨਾ ਨਾ ਭਰਪੂਰ ਕਿੱਤੇ ਦੇ ਮਹੱਤਵ ਬਾਰੇ ਦੱਸੋ। ਜੇ ਸੰਭਵ ਹੋ ਸਕੇ ਤਾਂ ਕਿਸੇ ਨੇੜੇ ਦੇ ਹਸਪਤਾਲ ਵਿੱਚ ਲਿਜਾ ਕੇ ਉਹਨਾਂ ਨੂੰ ਨਰਸ ਦੇ ਰੂ-ਬਰੂ ਕਰੇ।



Downloaded from https:// www.studiestoday.com

Downloaded from https:// www.studiestoday.com

ਪਾਠ-7

# ਵਿੱਦਿਆ ਦਾ ਫ

ਪਾਪਾ, ਤੁਸੀਂ ਹਰ ਰੋ ਸਾਨੂੰ ਸੁਣਾਉਣ ਲੱਗੇ ਕਹਿੰਦੇ ਹੋ ਕਿ ਵਿੱਦਿਆ ਦਾ ਫ ਮਿੱਠਾ ਅਤੇ ਜੜ੍ਹਾਂ ਕੌੜੀਆਂ ਹੁੰਦੀਆਂ ਹਨ। ਇਸ ਦਾ ਕੀ ਮਤਲਬ ਹੈ? ਅੱਜ ਮੈਨੂੰ ਸਮਝਾਓ। ਛੁੱਟੀ ਵਾ ਦਿਨ ਸਤਨਾਮ ਨੇ ਆਪਣੇ ਪਾਪਾ ਦੇ ਨੇੜੇ ਬੈਠਦਿਆਂ ਕਿਹਾ।

ਹਾਂ.........ਹਾਂ............ਆ..................ਜਾ ਕਾਕਾ, ਮੈਂ ਵੀ ਇਹੋ ਚਾਹੁੰਦਾ ਸਾਂ ਕਿ ਤੂੰ ਇਸ ਬਾਰੇ ਪੁੱਛੇਂ, ਸਤਨਾਮ ਦੇ ਪਾਪਾ ਨੇ ਸਤਨਾਮ ਦੀ ਕੁਰਸੀ ਨੇੜੇ ਕਰਦਿਆਂ ਕਿਹਾ।

ਲੈ ਫੇਰ, ਸੁਣ! ਸਤਨਾਮ ਦੇ ਪਾਪਾ ਨੇ ਗੱਲ ਨੂੰ ਅੱਗੇ ਤੋਰਦਿਆਂ ਕਿਹਾ।

ਵਿੱਦਿਆ ਵੀ ਇੱਕ ਰੁੱਖ ਦੀ ਨਿਆਈਂ ਹੈ। ਜਿਸ ਤਰ੍ਹਾਂ ਅਸੀਂ ਇੱਕ ਬੂਟਾ ਲਾਉਂਦੇ ਹਾਂ। ਖਾਦ, ਪਾਣੀ, ਪੂਰੀ ਲਗਨ ਅਤੇ ਮਿਹਨਤ ਨਾ ਉਸ ਨੂੰ ਸਿੰਜਦੇ ਹਾਂ ਤਾਂ ਕਿਤੇ ਉਹ ਸਾਨੂੰ ਮਿੱਠੇ ਫ ਅਤੇ ਛਾਂ ਦਿੰਦਾ ਹੈ।



ਜਿਵੇਂ ਆਪਣਾ ਅਮਰੂਦ? ਸਤਨਾਮ ਨੇ ਟੋਕਦਿਆਂ ਕਿਹਾ।

ਹਾਂ....ਹਾਂ.....ਠੀਕ ਸਮਝਿਆ ਤੂੰ ਸਤਨਾਮ ਦੇ ਪਾਪਾ ਬੋਲੇ।

ਇਸੇ ਤਰ੍ਹਾਂ ਇਹ ਵਿੱਦਿਆ ਇੱਕ ਅਜਿਹਾ ਬੂਟਾ ਹੈ ਜਿਸ ਨੂੰ ਮਿਹਨਤ, ਲਗਨ ਅਤੇ ਦ੍ਰਿੜ੍ਹ ਇਰਾਦੇ ਨਾ ਜਿਹੜਾ ਵੀ ਮਨੁੱਖ ਸਿੰਜਦਾ ਹੈ ਤਾਂ ਇਸ ਬੂਟੇ ਨੂੰ ਉਸ ਦੀ ਮਿਹਨਤ ਦੇ ਅਨੁਸਾਰ ਫ ਲੱਗਦੇ ਹਨ।

ਪਾਪਾ, ਮੈਨੂੰ ਤੁਹਾਡੀ ਗੱਲ ਚੰਗੀ ਤਰ੍ਹਾਂ ਸਮਝ ਨਹੀਂ ਆਈ, ਸਤਨਾਮ ਨੇ ਹੈਰਾਨ ਹੁੰਦਿਆਂ ਕਿਹਾ।



Downloaded from https:// www.studiestoday.com

Downloaded from https:// www.studiestoday.com

ਪੁੱਤਰਾ! ਤੂੰ ਉਸ ਦਿਨ ਪੁੱਛ ਰਿਹਾ ਸੀ ਨਾ, ਕਿ ੈਂਟੀ ਦੇ ਪਾਪਾ ਕੋ ਸਾਡੇ ਵਾਂਗ ਵਧੀਆ ਘਰ ਅਤੇ ਕਾਰ ਕਿਉਂ ਨਹੀਂ ਹੈ?

ਹਾਂ ਪਾਪਾ, ਸਤਨਾਮ ਬੋਲਿਆ।

ਆ ਜਾ, ਤੈਨੂੰ ਇਸ ਬਾਰੇ ਸਮਝਾਉਂਦਾ ਹਾਂ। ਾਇਦ ਫੇਰ ਮੇਰੀ ਇਹ ਗੱਲ ਤੇਰੇ ਪੱਲੇ ਪੈ ਜਾਵੇ, ਸਤਨਾਮ ਦੇ ਪਾਪਾ ਨੇ ਉਸ ਦਾ ਧਿਆਨ ਆਪਣੇ ਵੱਲ ਖਿੱਚਦਿਆਂ ਕਿਹਾ।

ਸਤਨਾਮ ਦੇ ਪਾਪਾ ਅਤੇ ੈਂਟੀ ਦੇ ਡੈਡੀ ਚਚੇਰੇ ਭਰਾ ਹਨ। ਦੋਵੇਂ ਇੱਕੋ ਸਕੂਲ ਵਿੱਚ ਇੱਕੋ ਹੀ ਜਮਾਤ ਵਿੱਚ ਪੜ੍ਹਦੇ ਸਨ। ੈਂਟੀ ਦੇ ਪਾਪਾ ਨੂੰ ਘਰੋਂ ਜੇਬ- ਰਚੀ ਖੁੱਲ੍ਹੀ ਮਿ ਦੀ ਸੀ ਜਿਸ ਕਾਰਨ ਉਸ ਦਾ ਧਿਆਨ ਹਮੇ ਾਂ ਖਾਣ-ਪੀਣ ਅਤੇ ਹੋਰ ਵਸਤਾਂ ਰੀਦਣ ਵਿੱਚ ਲੱਗਾ ਰਹਿੰਦਾ ਸੀ। ਇਸੇ ਕਾਰਨ ਉਹ ਸਕੂਲੋਂ ਵੀ ੈਰਹਾ ਰ ਰਹਿੰਦਾ ਅਤੇ ਪੜ੍ਹਾਈ ਵੱਲ ਵੀ ਘੱਟ ਧਿਆਨ ਦਿੰਦਾ ਸੀ।

ਦੂਜੇ ਪਾਸੇ ਸਤਨਾਮ ਦੇ ਪਾਪਾ ਕੋ ਜੇਬ- ਰਚੀ ਵੀ ਪੂਰੀ-ਪੂਰੀ ਹੁੰਦੀ ਸੀ ਅਤੇ ਉਹ ਪੜ੍ਹਾਈ ਵੀ ਪੂਰੇ ਧਿਆਨ ਨਾ ਕਰਦਾ ਸੀ। ਸਕੂਲੋਂ ਵੀ ਕਦੇ ੈਰਹਾ ਰ ਨਹੀਂ ਸੀ ਹੋਇਆ। ਜਮਾਤ ਵਿੱਚ ਵੀ ਹਮੇ ਾਂ ਪਹਿਲੇ ਦਰਜੇ ਤੇ ਰਹਿੰਦਾ ਸੀ ਜਦਕਿ ੈਂਟੀ ਦਾ ਪਾਪਾ ਇੱਕੋ ਕਲਾਸ ਵਿੱਚੋਂ ਕਈ ਵਾਰ ਦੋ-ਦੋ ਵਾਰੇਂ ਲ੍ਹ ਹੋ ਜਾਂਦਾ। ਇਸ ਤਰ੍ਹਾਂ ੈਂਟੀ ਦੇ ਪਾਪਾ ਨੂੰ ਸਕੂਲੋਂ ਹਟਾ ਲਿਆ ਗਿਆ ਪਰੰਤੂ ਸਤਨਾਮ ਦਾ ਪਾਪਾ ਆਪਣੀ ਮਿਹਨਤ ਅਤੇ ਲਗਨ ਨਾ ਲਗਾਤਾਰ ਵਿੱਦਿਆ-ਰੂਪੀ ਬੂਟੇ ਨੂੰ ਸਿੰਜਦਾ ਰਿਹਾ। ਪੜ੍ਹ -ਲਿਖ ਕੇ ਉਹ ਇੱਕ ਦਿਨ ਚੰਗਾ ਅੰਸਰ ਲੱਗ ਗਿਆ। ਇਹੋ ਕਾਰਨ ਹੈ ਕਿ ਉਸ ਦੇ ਕੋ ਅੱਜ ਲੋੜ ਦੀ ਹਰ ਵਸਤੂ ਮੌਜੂਦ ਹੈ।

ਸਤਨਾਮ ਦੇ ਪਾਪਾ ਵੱਲੋਂ ਕਹੀਆਂ ਗੱਲਾਂ ਹੁਣ ਕੁਝ-ਕੁਝ ਉਸ ਦੀ ਸਮਝ ਵਿੱਚ ਆ ਰਹੀਆਂ ਸਨ। ਪੁੱਤਰ, ਇਹ ਜੋ ਸੁੱਖ-ਅਰਾਮ ਅੱਜ ਆਪਣੇ ਕੋ ਨੇ, ਇਹ ਸਭ ਵਿੱਦਿਆ ਦੇ ਫ ਕਾਰਨ ਹੀ ਹੈ। ਜੇਕਰ ਮੈਂ ਆਪਣੇ ਵਿੱਦਿਆ ਦੇ ਬੂਟੇ ਨੂੰ ਠੀਕ ਤਰ੍ਹਾਂ ਨਾ ਨਾ ਸਿੰਜਿਆ ਹੁੰਦਾ ਤਾਂ ਆਪਣੀ ਹਾਲਤ ਅੱਜ ਵੀ ੈਂਟੀ ਦੇ ਪਾਪਾ ਵਾ ੀ ਹੋਣੀ ਸੀ। ਸਤਨਾਮ ਦੇ ਪਾਪਾ ਨੇ ਸਤਨਾਮ ਵੱਲ ਵੇਖਦਿਆਂ ਕਿਹਾ।

ਬੱਸ ਕਰੋ, ਪਾਪਾ! ਹੁਣ ਮੈਂ ਸਮਝ ਗਿਆ ਹਾਂ ਕਿ ਤੁਸੀਂ ਕੀ ਕਹਿਣਾ ਚਾਹੁੰਦੇ ਹੋ। ਸਤਨਾਮ ਨੇ ਆਪਣਾ ਸਕੂਲ-ਬੈਗ ਖੋਲ੍ਹਦਿਆਂ ਕਿਹਾ।

ਬੇਟਾ! ਇਸੇ ਲਈ ਹੀ ਮੈਂ ਕਹਿੰਦਾ ਹਾਂ ਕਿ ਵਿੱਦਿਆ ਦਾ ਫ ਮਿੱਠਾ ਅਤੇ ਜੜ੍ਹਾਂ ਕੌੜੀਆਂ ਹੁੰਦੀਆਂ ਹਨ। ਜੜ੍ਹਾਂ ਹੀ ਲਾਉਣੀਆਂ ਔਖੀਆਂ ਹੁੰਦੀਆਂ ਨੇ। ਇਹ ਜੜ੍ਹਾਂ ਲਾਉਣ ਲਈ ਲਗਨ ਅਤੇ ਮਿਹਨਤ ਦੀ ਲੋੜ ਪੈਂਦੀ ਹੈ। ਸੋ ਅਜੇ ਸਮਾਂ ਤੁਹਾਡੇ ਹੱਥ ਵਿੱਚ ਹੈ। ਜੇਕਰ ਵਿੱਦਿਆ-ਰੂਪੀ ਬੂਟੇ ਦਾ ਮਿੱਠਾ ਫ ਖਾਣਾ ਚਾਹੁੰਦੇ ਹੋ ਤਾਂ ਇਸ ਦੀਆਂ ਜੜ੍ਹਾਂ ਨੂੰ ਮ ਬੂਤ ਕਰੋ, ਸਤਨਾਮ ਦੇ ਪਾਪਾ ਨੇ ਗੱਲ ਤਮ ਕਰਦਿਆਂ ਕਿਹਾ।

ਠੀਕ ਹੈ, ਪਾਪਾ! ਅੱਜ ਤੋਂ ਹੀ ਮੈਂ ਤੁਹਾਡੇ ਨਾ ਵਾਇਦਾ ਕਰਦਾ ਹਾਂ ਕਿ ਸਵੇਰੇ ਜਲਦੀ ਉੱਠਾਂਗਾ, ਟੈਲੀਵੀ ਨ ਵੀ ਘੱਟ ਦੇਖਾਂਗਾ। ਪੜ੍ਹਾਈ ਵੱਲ ਵਧੇਰੇ ਧਿਆਨ ਦੇਵਾਂਗਾ। ਅੱਜ ਤੋਂ ਹੀ ਮੈਂ ਆਪਣੇ ਵਿੱਦਿਆ-ਰੂਪੀ ਬੂਟੇ ਨੂੰ ਪੂਰੀ ਲਗਨ ਅਤੇ ਮਿਹਨਤ ਨਾ ਸਿੰਜਾਂਗਾ ਕਿਉਂਕਿ ਮੈਂ ਤਾਂ ਇਸ ਬੂਟੇ ਕੋਂ ਤੁਹਾਡੇ ਨਾੋਂ ਵੀ ਵੱਡਾ ਫ ਲੈਣਾ ਹੈ, ਸਤਨਾਮ ਨੇ ਮੁਸਕਰਾਉਂਦੇ ਹੋਏ ਕਿਹਾ।



Downloaded from https:// www.studiestoday.com

Downloaded from https:// www.studiestoday.com

ਾਬਾ ! ਪੁੱਤਰਾ ! ਮੈਨੂੰ ਤੇਰੇ ਕੋਂ ਇਹੋ ਉਮੀਦ ਹੈ। ਸਤਨਾਮ ਦਾ ਪਾਪਾ_ ਸੀ ਕਿ ਸਤਨਾਮ ਨੂੰ ਵਿੱਦਿਆ ਦਾ ਫ ਮਿੱਠਾ ਤੇ ਜੜ੍ਹਾਂ ਕੌੜੀਆਂ ਦੇ ਅਰਥ ਸਮਝ ਆ ਗਏ ਸਨ।

ਫਿਰ ਸਤਨਾਮ ਹਰ ਜਮਾਤ ਵਿੱਚ ਸਟ ਆਉਣ ਲੱਗਿਆ।

**ਔਖੇ ਬਦਾਂ ਦੇ ਅਰਥ :**

| | | |
|---|---|---|
| ਨਿਆਈਂ | – | ਵਾਂਗ, ਸਮਾਨ, ਤਰ੍ਹਾਂ |
| ਲਗਨ | – | ੌਕ, ਰੁਚੀ, ਲਿਵ |
| ਪੱਲੇ ਪੈਣਾ | – | ਸਮਝ ਲੱਗਣਾ |
| ਮ ਬੂਤ | – | ਪੱਕੀਆਂ, ਤਾਕਤਵਰ, ਤਕੜੀਆਂ |
| ਵਾਇਦਾ | – | ਇਕਰਾਰ |

## ਪਾਠ-ਅਭਿਆਸ

**1. ਾਲੀ ਸਥਾਨ ਭਰੋ:-**

ੳ. ਸਤਨਾਮ ਦੇ ਪਾਪਾ ਅਤੇ ੈਂਟੀ ਦੇ ਡੈਡੀ............ ਹਨ।

ਅ. ਵਿੱਦਿਆ ਦਾ ਫ .............ਅਤੇ ਜੜ੍ਹਾਂ................ਹੁੰਦੀਆਂ ਹਨ।

ੲ. ਅੱਜ ਤੋਂ ਹੀ ਮੈਂ ਤੁਹਾਡੇ ਨਾ ............ਕਰਦਾ ਹਾਂ।

ਸ. ਫਿਰ ਸਤਨਾਮ ਹਰ ਜਮਾਤ ਵਿੱਚ................ਆਉਣ ਲੱਗਿਆ।

**2. ਇੱਕ-ਦੋ ਬਦਾਂ ਵਿੱਚ ਉੱਤਰ ਦਿਓ:-**

ੳ. ਵਿੱਦਿਆ ਦਾ ਫ ਤੇ ਜੜ੍ਹਾਂ ਕਿਹੋ-ਜਿਹੀਆਂ ਹੁੰਦੀਆਂ ਹਨ।

ਅ. ਇੱਕ ਦਿਨ ਸਤਨਾਮ ਨੇ ਪਾਪਾ ਨੂੰ ਕੀ ਪੁੱਛਿਆ?

ੲ. ਸਤਨਾਮ ਨੂੰ ਪਾਪਾ ਦੀ ਕਹੀ ਕਿਹੜੀ ਗੱਲ ਸਮਝ ਆ ਗਈ ਸੀ?

ਸ. ਵਿੱਦਿਆ-ਰੂਪੀ ਬੂਟੇ ਦੇ ਫ ਖਾਣ ਲਈ ਕੀ ਕਰਨਾ ਚਾਹੀਦਾ ਹੈ?

ਹ. ਸਤਨਾਮ ਨੇ ਪਾਪਾ ਨਾ ਕੀ ਵਾਇਦਾ ਕੀਤਾ?

**3. ਵਾਕਾਂ ਵਿੱਚ ਵਰਤੋ:-**

ਖਾਦ, ਜੇਬ- ਰਚੀ, ਲਗਨ, ਮਿਹਨਤ, ਵਾਇਦਾ, ਦ੍ਰਿੜ੍ਹ ਇਰਾਦਾ

**4. ਹੇਠ ਲਿਖੇ ਬਦਾਂ ਨੂੰ ਪੜ੍ਹੋ ਤੇ ਬਦ-ਜੋੜਾਂ ਦੇ ਅੰਤਰ ਨੂੰ ਸਮਝੋ:**

ਗੁਰਮੁਖੀ ਵਿੱਚ ਲਿਖੇ ਬਦਾਂ ਨੂੰ ਹਿੰਦੀ ਵਿੱਚ ਲਿਖਣ ਦਾ ਅਭਿਆਸ ਕਰੋ:-

| | | |
|---|---|---|
| ਮਿੱਠਾ | : | मीठा |
| ਪਾਣੀ | : | पानी |
| ਘਰ | : | घर |



Downloaded from https:// www.studiestoday.com

Downloaded from https:// www.studiestoday.com

| | | |
|---|---|---|
| ਸੁੱਖ | : | सुख |
| ਦਿਨ | : | दिन |
| ਜਲਦੀ | : | शीघ्र |
| ਫ | : | फल |
| ੁ | : | प्रसन्न |

ਵਿੱਦਿਆ ਦਾ ਫ  ਮਿੱਠਾ ਤੇ ਜੜ੍ਹਾਂ ਕੌੜੀਆਂ ਹੁੰਦੀਆਂ ਹਨ–ਮਾਟੋ ਲਿਖ ਕੇ ਆਪਣੀ ੍ਣੀ ਵਿੱਚ ਲਾਓ।



Downloaded from https:// www.studiestoday.com

Downloaded from https:// www.studiestoday.com

ਪਾਠ-8

# ਹਿੰਮਤ ਅਤੇ ਸਿਆਣਪ



ਇੱਕ ਵਾਰੀ ਇੱਕ ਕਾਂ ਨੂੰ, ਬੱਚਿਓ! ਤੇਹ ਨੇ ਬਹੁਤ ਸਤਾਇਆ।
ਪਾਣੀ ਲੱਭਣ ਾਤਰ ਉਸ ਨੇ, ਟਿੱਲ ਸੀ ਪੂਰਾ ਲਾਇਆ।

ਥੱਕਿਆ, ਅੰਤ ਅਰਾਮ ਕਰਨ ਲਈ; ਇੱਕ ਰੁੱਖ ਤੇ ਜਾ ਬੈਠਾ,
ਨ ਰ ਜਦੋਂ ਉਸ ਹੇਠਾਂ ਮਾਰੀ, ਘੜਾ ਪਿਆ ਇੱਕ ਡਿੱਠਾ।

ਬੇਸਬਰੀ ਨਾਲ ਘੜੇ ਤੇ ਬਹਿ ਕੇ, ਝਾਕਿਆ ਹੇਠਾਂ ਤਾਣੀ,
ਪਾਣੀ ਥੋੜ੍ਹਾ ਦੇਖ ਕੇ ਜਾਪਿਆ, ਇਸ ਤੱਕ ਚੁੰਝ ਨਹੀਂ ਜਾਣੀ।

ਕਾਂ ਸੀ, ਬੱਚਿਓ! ਬੜਾ ਸਿਆਣਾ, ਸੋਚਿਆ; ਜੁਗਤ ਲੜਾਈਏ,
ਕਰ ਕੇ ਢੰਗ ਕੋਈ ਇਹ ਪਾਣੀ, ਉੱਪਰ ਤੱਕ ਲਿਆਈਏ।

ਸੋਚ ਕੇ ਨ ਰ ਦੁੜਾਈ ਉਸ, ਕੁਝ ਕੰਕਰ ਨ ਰੀਂ ਆਏ,



Downloaded from https:// www.studiestoday.com

Downloaded from https:// www.studiestoday.com

ਬੜੀ ਰੀਝ ਨਾ  ਇੱਕ-ਇੱਕ ਕਰਕੇ, ਚੁੱਕ ਉਸ ਘੜੇ  ਚ ਪਾਏ।

ਕੁਝ ਚਿਰ ਪਿੱਛੋਂ ਘੜੇ ਦਾ ਪਾਣੀ, ਉੱਪਰ ਤੱਕ ਆ ਚੜ੍ਹਿਆ,
ਕਾਂ ਨੇ ਰੱਜ ਕੇ ਪਾਣੀ ਪੀਤਾ, ਰਸਤਾ ਆਪਣਾ ਫੜਿਆ।

ਬੱਚਿਓ! ਇਸ ਤੋਂ ਮਿ ਦੀ ਸਿੱਖਿਆ, ਢੇਰੀ ਕਦੇ ਨਾ ਢਾਹੀਏ,
ਹਿੰਮਤ ਅਤੇ ਸਿਆਣਪ ਦੇ ਨਾ , ਮੰ ਲ ਆਪਣੀ ਪਾਈਏ।

**ਔਖੇ  ਬਦਾਂ ਦੇ ਅਰਥ :-**

| | | |
|---|---|---|
| ਤੇਹ | - | ਪਿਆਸ |
| ਟਿੱਲ ਲਾਉਣਾ | - | ਪੂਰਾ ੋਰ ਲਾਉਣਾ |
| ਤਾਣੀ | - | ਤਾਈਂ, ਤੀਕ |
| ਰੀਝ | - | ਇੱਛਾ,  ਾਹ , ਸੱਧਰ |
| ਢੇਰੀ ਢਾਹੁਣੀ | - | ਹਿੰਮਤ ਹਾਰਨੀ, ਹੌਸਲਾ ਛੱਡ ਦੇਣਾ |
| ਮੰ ਲ | - | ਨਿ ਾਨਾ, ਮੰਤਵ |
| ਸਤਾਇਆ | - | ਤੰਗ ਕੀਤਾ, ਦੁਖੀ ਕੀਤਾ |
| ਡਿੱਠਾ | - | ਦੇਖਿਆ, ਤੱਕਿਆ |
| ਜੁਗਤ | - | ਢੰਗ, ਤਰਕੀਬ |
| ਢੇਰੀ ਢਾਹੁਣੀ | - | ਹਿੰਮਤ ਹਾਰਨੀ, ਹੌਸਲਾ ਛੱਡ ਦੇਣਾ |

## ਪਾਠ-ਅਭਿਆਸ

**1. ਾਲੀ ਸਥਾਨ ਭਰੋ :-**

ੳ. ਨ ਰ ਜਦੋਂ ਉਸ ਹੇਠਾਂ ਮਾਰੀ,................ਪਿਆ ਇੱਕ ਡਿੱਠਾ।

ਅ. ਕਾਂ ਸੀ, ਬੱਚਿਓ! ਬੜਾ ਸਿਆਣਾ, ਸੋਚਿਆ..........ਲੜਾਈਏ।

ੲ. ਕਾਂ ਨੇ ਰੱਜ ਕੇ.........ਪੀਤਾ।

ਸ. ਹਿੰਮਤ ਅਤੇ..........ਦੇ ਨਾ , ਮੰ ਲ ਆਪਣੀ ਪਾਈਏ।

**2. ਸੰਖੇਪ ਵਿੱਚ ਉੱਤਰ ਦਿਓ:-**

ੳ. ਕਾਂ ਨੂੰ ਕਿਸ ਨੇ ਸਤਾਇਆ ਸੀ?

ਅ. ਥੱਕ ਕੇ ਕਾਂ ਕਿੱਥੇ ਜਾ ਕੇ ਬੈਠਿਆ?

ੲ. ਘੜੇ ਦਾ ਪਾਣੀ ਉੱਪਰ ਤੱਕ ਲਿਆਉਣ ਲਈ ਕਾਂ ਨੇ ਕਿਹੜੀ ਜੁਗਤ ਵਰਤੀ?

ਸ. ਹਿੰਮਤ ਅਤੇ ਸਿਆਣਪ  ਕਾਵਿ-ਕਹਾਣੀ ਤੋਂ ਤੁਹਾਨੂੰ ਕੀ ਸਿੱਖਿਆ ਮਿ ਦੀ ਹੈ?



Downloaded from https:// www.studiestoday.com

Downloaded from https:// www.studiestoday.com

**3. ਹੇਠਾਂ ਪੰਜਾਬੀ ਬਦਾਂ ਦੇ ਸਮਾਨਾਰਥੀ ਹਿੰਦੀ ਭਾ ਾ ਦੇ ਬਦ ਲਿਖੇ ਗਏ ਹਨ। ਇਹਨਾਂ ਦੇ ਅੰਤਰ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਲਿਖੇ ਬਦਾਂ ਨੂੰ ਲਿਖਣ ਦਾ ਅਭਿਆਸ ਕਰੋ।**

| | | |
|---|---|---|
| ਕਾਂ | – | कौआ |
| ਚੁੰਝ | – | चोंच |
| ਤੇਹ | – | प्यास |
| ਲੱਭਣ | – | ढूंढने |
| ਜੁਗਤ | – | ढंग |
| ਸਿੱਖਿਆ | – | शिक्षा |

ਇਸ ਕਾਵਿ-ਕਹਾਣੀ ਨੂੰ ਬਾਨੀ ਯਾਦ ਕਰਕੇ ਸਵੇਰ ਦੀ ਸਭਾ ਵਿੱਚ ਸੁਣਾਓ।



Downloaded from https:// www.studiestoday.com

Downloaded from https:// www.studiestoday.com

ਪਾਠ-੭

# ਜੇ ਬਾਲਣ ਮੁੱਕ ਜਾਵੇ

ਬਾਬੂ ਸਰਨ ਦਾਸ ਹਰ ਰੋ  ਰਾਤੀਂ ਜਦੋਂ ਰੋਟੀ ਖਾ ਕੇ ਲੇਟਦੇ ਤਾਂ ਉਹਨਾਂ ਦੇ ਦੋਵੇਂ ਬੱਚੇ ਰਜਨੀ ਅਤੇ ਵਰਿੰਦਰ ਮੰਜੇ ਉੱਤੇ ਆ ਬੈਠਦੇ। ਉਹਨਾਂ ਦੀ ਇੱਕੋ ਮੰਗ ਹੁੰਦੀ,   ਪਿਤਾ ਜੀ, ਕਹਾਣੀ ਸੁਣਾਓ।    ਉਹ ਬਹੁਤ ਟਾ ਦੇ ਪਰ ਬੱਚੇ ਖਹਿੜਾ ਨਾ ਛੱਡਦੇ।

ਅੱਜ ਵੀ ਜਦੋਂ ਬੱਚੇ ਿ ਦ ਕਰਨ ਲੱਗੇ ਤਾਂ ਉਹਨਾਂ ਨੇ ਕਹਾਣੀ_ਰੂ ਕਰ ਦਿੱਤੀ:

ਇੱਕ ਪਿੰਡ ਵਿੱਚ ਇੱਕ ਬੁੱਢੀ ਰਹਿੰਦੀ ਸੀ। ਕਹਿੰਦੇ ਹਨ ਕਿ ਉਹ ਜੋ ਵੀ ਮੂੰਹੋਂ ਬੋਲਦੀ, ਸੱਚ ਹੋ ਜਾਂਦਾ ਸੀ। ਇੱਕ ਵਾਰੀ ਇੱਕ  ਹਿਰੀ ਬੰਦਾ ਉਸ ਦੇ ਘਰ ਆਇਆ। ਉਸ ਨੇ ਬੁੱਢੀ ਨੂੰ ਕਿਹਾ,  ਮਾਤਾ ਜੀ ! ਤੁਹਾਡੇ ਚੁੱਲ੍ਹੇ ਵਿੱਚ ਅੱਗ ਹੈ? ਬੁੱਢੀ ਨੇ ਪੁੱਛਿਆ,  ਕੀ ਕਰਨੀ ਏਂ?   ਹਿਰੀ ਬੰਦੇ ਨੇ ਕਿਹਾ,  ਛੱਲੀਆਂ ਭੁੰਨਣੀਆਂ ਹਨ।  ਬੁੱਢੀ ਬੋਲੀ,  ਪਰ ਜੇ ਅੱਗ ਨਾ ਹੋਵੇ?   ਹਿਰੀ ਬੰਦੇ ਨੇ ਕਿਹਾ,  ਮੈਂ ਕਿਸੇ ਹੋਰ ਘਰੋਂ ਲੈ ਲਵਾਂਗਾ।



ਪਰ ਜੇ ਤੈਨੂੰ ਕਿਧਰੇ ਵੀ ਅੱਗ ਨਾ ਮਿ ?  ਉਸ ਬੁੱਢੀ ਨੇ ਕਿਹਾ।

ਹਿਰੀ ਬੰਦਾ ਹੈਰਾਨ ਹੋ ਕੇ ਬੋਲਿਆ,  ਇਹ ਕਿਵੇਂ ਹੋ ਸਕਦਾ ਹੈ?

ਹੋ ਤਾਂ ਪੁੱਤਰ, ਸਭ ਕ੍ਝ ਸਕਦਾ ਹੈ। ਇਹ ਵੀ ਹੋ ਸਕਦਾ ਹੈ ਕਿ ਲੋਕਾਂ ਦੇ ਘਰੀਂ ਅੱਜ ਬਾਲਣ ਈ ਨਾ ਹੋਵੇ, ਫੇਰ ਅੱਗ ਕਿਵੇਂ ਮੱਚੇਗੀ?

ਪਰ ਬਾਲਣ ਕਿੰਞ ਨਾ ਹੋਵੇ? ਕਦੇ ਬਾਲਣ ਵੀ ਮੁੱਕ ਸਕਦਾ ਏ, ਦੁਨੀਆ ਵਿ ਚੋਂ? ਕਿਹੋ-ਜਿਹੀਆਂ ਗੱਲਾਂ ਕਰਨੀ ਏਂ ਮਾਈ?



Downloaded from https:// www.studiestoday.com

Downloaded from https:// www.studiestoday.com

ਬੁੱਢੀ ਮਾਈ ਮੁਸਕਰਾ ਪਈ। ਆਪਣੀ ਡੰਗੋਰੀ ਉਤਾਂਹ ਚੁੱਕ ਕੇ ਉਹ ਬੋਲੀ, ਜਾਹ, ਅਗਲੇ ਚੌਵੀ ਘੰਟੇ ਤੈਨੂੰ ਕਿਧਰੇ ਵੀ ਬਾਲਣ ਨਹੀਂ ਮਿ ਗਾ।

ਬੁੱਢੀ ਦੇ ਬੋਲ ਤਾਂ ਪੂਰੇ ਹੁੰਦੇ ਹੀ ਸਨ ਪਰ ਹਿਰੀ ਬੰਦੇ ਨੂੰ ਵਿ ਵਾਸ ਨਾ ਆਇਆ। ਉਸ ਨੇ ਸੋਚਿਆ, ਬੁੱਢੀ ਝੱਲੀ ਹੋ ਗਈ ਏ। ਉਹ ਅੱਗ ਲੈਣ ਅਗਲੇ ਘਰ ਚਲਾ ਗਿਆ ਪਰ ਉਸ ਨੇ ਵੇਖਿਆ ਕਿ ਉਸ ਘਰ ਵਿੱਚ ਬਾਲਣ ਮੁੱਕਿਆ ਹੋਇਆ ਸੀ।

ਹਿਰੀ ਬੰਦਾ ਉਸ ਪਿਛੋਂ ਘਰ-ਘਰ ਫਿਰਿਆ ਪਰ ਸਾਰੇ ਲੋਕ ਹੀ ਬਾਲਣ ਮੁੱਕਣ ਦੀ ਿ ਕਾਇਤ ਕਰ ਰਹੇ ਸਨ। ਕਿਸੇ ਦੇ ਘਰ ਚਾਹ-ਪਾਣੀ ਨਹੀਂ ਸੀ ਬਣਿਆ। ਰੋਟੀ ਨਹੀਂ ਸੀ ਪੱਕੀ। ਭੁੱਖੇ ਨਿਆਣੇ ਵਿਹੜਿਆਂ ਵਿੱਚ ਵਿਲਕਦੇ ਫਿਰਦੇ ਸਨ।

ਤਦ ਹਿਰੀ ਬੰਦੇ ਨੂੰ ਵਿ ਵਾਸ ਹੋ ਗਿਆ ਕਿ ਉਸ ਬੁੱਢੀ ਦੇ ਬੋਲ ਸੱਚ-ਮੁੱਚ ਪੂਰੇ ਹੋ ਗਏ ਨੇ। ਫਿਰ ਉਸ ਨੇ ਸੋਚਿਆ, ਹੋ ਸਕਦਾ ਏ ਬਾਲਣ ਏਸ ਪਿੰਡ ਵਿੱਚ ਹੀ ਮੁੱਕਿਆ ਹੋਵੇ। ਹਿਰ ਚੱਲਦੇ ਹਾਂ, ਉੱਥੇ ਤਾਂ ਬਾਲਣ ਦੀ ਥਾਂ ਕੋਲਾ, ਮਿੱਟੀ ਦਾ ਤੇਲ, ਗੈਸ ਤੇ ਬਿਜਲੀ ਵਰਤੀ ਜਾਂਦੀ ਹੈ। ਉਹ ਜਦੋਂ ਪਿੰਡੋਂ ਬਾਹਰ ਆਇਆ ਤਾਂ ਸੜਕ ਉੱਤੇ ਇੱਕ ਬੱਸ ਖਲੋਤੀ ਸੀ। ਉਸ ਦੇ ਆ -ਦੁਆ ਚਾ ੀ-ਪੰਜਾਹ ਬੰਦੇ ਇੱਕਠੇ ਹੋਏ ਖੜ੍ਹੇ ਸਨ। ਹਿਰੀ ਨੇ ਸੋਚਿਆ, ਇਹ ਵੀ ਚੰਗਾ ਹੋਇਆ। ਉਹ ਬੱਸ ਉੱਤੇ ਛੇਤੀ ਹੀ ਹਿਰ ਪਹੁੰਚ ਜਾਏਗਾ। ਬੱਸ ਦੇ ਕੋ ਆਇਆ ਤਾਂ ਪਤਾ ਲੱਗਿਆ ਕਿ ਉਹ ਰਾਬ ਹੈ। ਉਸ ਨੇ ਭੀੜ ਵਿੱਚ ਘਿਰੇ ਹੋਏ ਬੱਸ ਦੇ ਡ੍ਰਾਈਵਰ ਨੂੰ ਪੁੱਛਿਆ, ਕੀ ਰਾਬੀ ਹੋ ਗਈ, ਭਰਾਵਾ?

ਡ੍ਰਾਈਵਰ ਨੇ ਜਵਾਬ ਦਿੱਤਾ, ਜੀ, ਬਾਲਣ ਮੁੱਕ ਗਿਆ ਏ।

ਬਾਲਣ ਮੁੱਕ ਗਿਆ? ਕੀ ਬੱਸ ਬਾਲਣ ਨਾ ਚੱਲਦੀ ਏ?

ਹੋਰ ਕੀ? ਪਟਰੋਲ ਤੇ ਡੀ ਲ ਵੀ ਤਾਂ ਬਾਲਣ ਹੀ ਹੁੰਦਾ ਏ, ਜੀ!

ਹੁਣ ਬੱਸ ਨਹੀਂ ਚੱਲ ਸਕਦੀ?

ਬਾਲਣ ਤੋਂ ਬਿਨਾਂ ਰੋਟੀ ਪੱਕ ਸਕਦੀ ਏ, ਬਾਬੂ ਜੀ?

ਨਹੀਂ।

ਫੇਰ, ਇਹ ਬੱਸ ਕਿਵੇਂ ਤੁਰ ਪਏਗੀ?

ਹਿਰ ਉੱਥੋਂ ਚਾਰ ਕਿਲੋਮੀਟਰ ਦੂਰ ਸੀ। ਹਿਰੀ ਬੰਦਾ ਬੜੀ ਮੁ ਕਲ ਵਿੱਚ ਫਸ ਗਿਆ। ਪਰ ਥੋੜ੍ਹੀ ਦੂਰ ਆ ਕੇ ਉਸ ਨੇ ਵੇਖਿਆ, ਇੱਕ ਬੰਦਾ ਮੋਟਰ-ਸਾਈਕਲ ਲਈ ਖੜੋਤਾ ਸੀ। ਹਿਰੀ ਨੇ ਸੋਚਿਆ, ਉਹ ਉਸ ਦੇ ਨਾ ਬੈਠ ਕੇ ਚਲਾ ਜਾਏਗਾ ਪਰ ਜਦੋਂ ਉਸ ਦੇ ਕੋ ਆ ਕੇ ਪੁੱਛਿਆ ਤਾਂ ਉਸ ਨੇ ਵੀ ਬੱਸ-ਡ੍ਰਾਈਵਰ ਵਾ ਾ ਉੱਤਰ ਦਿੱਤਾ, ਪਟਰੋਲ ਮੁੱਕ ਗਿਆ ਏ।

ਇਹ ਕਮਾਲ ਦੀ ਗੱਲ ਏ, ਹਿਰੀ ਬੰਦੇ ਨੇ ਹੈਰਾਨੀ ਤੇ ਥਕਾਵਟ ਨਾ ਕਿਹਾ, ਇੰਞ ਤਾਂ ਸਾਰੇ ਕਾਰੋਬਾਰ ਰੁਕ ਜਾਣਗੇ।

ਉਹ ਬੰਦਾ ਬੜੀ ਮੁ ਕਲ ਨਾ ਪੈਦਲ ਤੁਰ ਕੇ ਹਿਰ ਪਹੁੰਚਿਆ। ਹਿਰ ਦੇ ਬ ਾਰ ਵਿੱਚ ਉਸ ਨੇ ਵੇਖਿਆ ਕਿ ਦੁਕਾਨਦਾਰ ਅ ਬਾਰਾਂ, ਪਰਨਿਆਂ ਤੇ ਪੱਖੀਆਂ ਨਾ ਹਵਾ ਝੱਲ ਰਹੇ ਸਨ। ਜਦੋਂ ਉਹ ਆਪਣੇ ਘਰ ਪੁੱਜਿਆ ਤਾਂ ਪਤਾ ਲੱਗਿਆ ਕਿ ਬਿਜਲੀ ਬੰਦ ਹੈ। ਕੁਝ ਖਿਝ ਕੇ ਉਸ ਨੇ ਆਪਣੇ ਵੱਡੇ ਮੁੰਡੇ ਕੋ ਂ ਪੁੱਛਿਆ, ਬਿਜਲੀ ਨੂੰ ਕੀ ਗੋ ੀ ਵੱਜ ਗਈ ਏ, ਅੱਜ?

ਬਿਜਲੀ ਜਿਹੜੇ ਥਰਮਲ ਪਲਾਂਟ ਤੋਂ ਆਉਂਦੀ ਏ, ਉੱਥੇ ਕੋਲਾ ਮੁੱਕ ਗਿਆ ਏ।



Downloaded from https:// www.studiestoday.com

Downloaded from https:// www.studiestoday.com

ਇਹ ਬਾਲਣ ਮੁੱਕਣ ਵਾ ੀ ਚੰਗੀ ਮੁਸੀਬਤ ਏ! ਹਰ ਥਾਂ ਈ ਬਾਲਣ ਮੁੱਕ ਗਿਆ ਏ?

ਉਸ ਵੇ ਹਿਰੀ ਬੰਦੇ ਦਾ ਛੋਟਾ ਪੁੱਤਰ ਬੈਗ ਚੁੱਕੀ ਅੰਦਰ ਆਇਆ। ਉਸ ਨੇ ਦੱਸਿਆ ਕਿ ਉਹ ਦਿੱਲੀ ਜਾ ਰਿਹਾ ਸੀ ਪਰ ਗੱਡੀ ਹੀ ਨਹੀਂ ਆ ਰਹੀ । ਕਹਿੰਦੇ ਨੇ ਪਿਛਲੇ ਸਟੇ ਨ ਉੱਤੇ ਖਲੋਤੀ ਏ, ਬਾਲਣ ਮੁੱਕ ਗਿਆ ਏ।

ਹਿਰੀ ਬੰਦੇ ਨੂੰ ਕੁਝ ਡਰ ਜਿਹਾ ਲੱਗਿਆ। ਉਸ ਨੇ ਫਿਰਮੰਦ ਹੋ ਕੇ ਕਿਹਾ, ਜੇ ਤੂੰ ਦਿੱਲੀ ਕੱਲ੍ਹ ਤੱਕ ਨਾ ਪਹੁੰਚ ਸਕਿਆ ਤਾਂ ਆਪਣਾ ਹ ਾਰਾਂ ਰੁਪਏ ਦਾ ਨੁਕਸਾਨ ਹੋ ਜਾਏਗਾ। ਟੈਲੀਫੂਨ ਕਰਕੇ ਪਤਾ ਕਰ ਜੇਕਰ ਕੋਈ ਹਵਾਈ ਜਹਾ ਜਾਂਦਾ ਹੋਵੇ ਤਾਂ।

ਮੁੰਡੇ ਨੇ ਟੈਲੀਫੂਨ ਚੁੱਕਿਆ ਤਾਂ ਪਤਾ ਲੱਗਿਆ ਕਿ ਬਾਲਣ ਮੁੱਕ ਜਾਣ ਕਰਕੇ ਕੋਈ ਵੀ ਜਹਾ ਨਹੀਂ ਉੱਡ ਰਿਹਾ।

ਕੁਝ ਚਿਰ ਪਿਛੋਂ ਰਾਤ ਪੈ ਗਈ। ਸਾਰੇ ਘਰਾਂ ਵਿੱਚ ਘੁੱਪ ਹਨੇਰਾ ਹੋ ਗਿਆ। ਕਿਸੇ ਦੇ ਵੀ ਘਰ ਚੁੱਲ੍ਹਾ ਨਾ ਬ ਨ ਕਰਕੇ ਰੋਟੀ ਨਹੀਂ ਸੀ ਪੱਕੀ। ਬੱਚੇ ਭੁੱਖੇ ਰੋ ਰਹੇ ਸਨ। ਗਰਮੀ ਵਿੱਚ ਕਮਰਿਆਂ ਦੇ ਅੰਦਰ ਸੌਂਣ ਵਾ ਲੋਕ, ਪੱਖੇ ਨਾ ਚੱਲਣ ਕਰਕੇ ਮੁੜ੍ਹਕੋ-ਮੁੜ੍ਹਕੀ ਹੋਏ-ਹੋਏ ਸਨ।

ਉਹ ਹਿਰੀ ਬੰਦਾ ਸੋਚ ਰਿਹਾ ਸੀ ਕਿ ਜੇ ਪੂਰੇ ਚੌਵੀ ਘੰਟੇ ਇਵੇਂ ਰਿਹਾ ਤਾਂ ਲੋਕਾਂ ਦਾ ਕੀ ਹਾਲ ਹੋਵੇਗਾ?

ਹਿਰੀ ਬੰਦੇ ਨੇ ਘਬਰਾ ਕੇ ਹੱਥ ਜੋੜਦਿਆਂ ਕਿਹਾ, ਹੇ! ਮਾਈ ਬੁੱਢੀ! ਜੇ ਤੇਰੇ ਕਹਿਣ ਨਾ ਹੀ ਦੁਨੀਆ ਵਿੱਚ ਬਾਲਣ ਮੁੱਕਿਆ ਏ ਤਾਂ ਮਿਹਰ ਕਰ। ਮੈਥੋਂ ਇਹ ਭੈੜੀ ਹਾਲਤ ਹੋਰ ਨਹੀਂ ਦੇਖੀ ਜਾਂਦੀ।

ਉਸ ਦੇ ਕਹਿਣ ਦੀ ਢਿੱਲ ਸੀ ਕਿ ਉਸੇ ਵੇ ਬਿਜਲੀ ਆ ਗਈ। ਇਕਦਮ ਜਿਵੇਂ ਲੋਕਾਂ ਦੇ ਤਨ-ਮਨ ਖਿੜ ਪਏ। ਬੱਚੇ_ ੀ ਨਾ ਕਿਲਕਾਰੀਆਂ ਮਾਰਨ ਲੱਗੇ। ਸੁਆਣੀਆਂ ਰੋਟੀ ਪਕਾਉਣ ਲੱਗ ਪਈਆਂ। ਪੱਖੇ ਹਵਾ ਦੇਣ ਲੱਗ ਪਏ। ਇੰਞ ਲੱਗਦਾ ਸੀ, ਜਿਵੇਂ ਸਾਰਾ ਹਿਰ ਹੀ ਗੂੜ੍ਹੀ ਨੀਂਦ ਪਿੱਛੋਂ ਜਾਗ ਪਿਆ ਹੋਵੇ।

ਏਨੀ ਕਹਾਣੀ ਸੁਣਾ ਕੇ ਪਿਤਾ ਜੀ ਚੁੱਪ ਕਰ ਗਏ।

ਬੱਸ! ਬਾਤ ਮੁੱਕ ਗਈ, ਪਿਤਾ ਜੀ? ਰਜਨੀ ਨੇ ਪੁੱਛਿਆ।

ਤੇ ਹੋਰ ਕੀ? ਚੰਗੀ ਲੱਗੀ ਏ? ਬਾਬੂ ਸਰਨ ਦਾਸ ਨੇ ਕਿਹਾ।

ਚੰਗੀ ਤਾਂ ਲੱਗੀ ਏ, ਪਰ ਕੀ ਇਹ ਸੱਚੀ ਗੱਲ ਏ, ਬਾਬੂ ਜੀ? ਵਰਿੰਦਰ ਨੇ ਕਿਹਾ।

ਸੱਚੀ ਬਿਲਕੁਲ ਨਹੀਂ। ਮੈਂ ਇਹ ਸਾਰੀ ਮਨੋਂ ਜੋੜੀ ਏ। ਪਰ ਤੁਸੀਂ ਸੋਚ ਕੇ ਵੇਖੋ ਕਿ ਜੇ ਕਿਧਰੇ ਇਸ ਤਰ੍ਹਾਂ ਬਾਲਣ ਮੁੱਕ ਜਾਵੇ ਤਾਂ ਕੀ ਬਣੇ? ਬਾਬੂ ਸਰਨ ਦਾਸ ਨੇ ਕਿਹਾ।

ਦੋਵੇਂ ਬੱਚੇ ਚੁੱਪ ਹੋ ਗਏ। ਉਹ ਗੰਭੀਰਤਾ ਨਾ ਸੋਚ ਰਹੇ ਸਨ ਕਿ ਜੇ ਸੱਚ-ਮੁੱਚ ਹੀ ਬਾਲਣ ਮੁੱਕ ਜਾਏ ਤਾਂ ਲੋਕਾਂ ਦਾ ਕੀ ਹਾਲ ਹੋਵੇ?

**ਔਖੇ ਬਦਾਂ ਦੇ ਅਰਥ:**

| | | |
|---|---|---|
| ਖਹਿੜਾ ਨਾ ਛੱਡਣਾ | - | ਪਿੱਛਾ ਨਾ ਛੱਡਣਾ, ਮਗਰੋਂ ਨਾ ਲਹਿਣਾ |
| ਡੰਗੋਰੀ | - | ਆਸਰੇ ਲਈ ਛੜੀ, ਸੋਟੀ, ਲਾਠੀ, ਟੋਹਣੀ |
| ਕਿਲਕਾਰੀਆਂ | - | ਚੀਕਾਂ |



Downloaded from https:// www.studiestoday.com

Downloaded from https:// www.studiestoday.com

## ਪਾਠ-ਅਭਿਆਸ

1. **ਾ ੀ ਸਥਾਨ ਭਰੋ:-**

ੳ. ਮਾਤਾ ਜੀ, ਤੁਹਾਡੇ ਚੁੱਲ੍ਹੇ ਵਿੱਚ............ਹੈ?

ਅ. ਬੁੱਢੀ ਮਾਈ.............ਪਈ।

ੲ. ਹਿਰੀ ਬੰਦਾ ਅੱਗ ਲੈਣ ਲਈ.............ਫਿਰਿਆ।

ਸ. ਸਾਰੇ ਲੋਕ.............ਦੀ ਿ ਕਾਇਤ ਕਰ ਰਹੇ ਸਨ।

ਹ. ਪਟਰੋਲ ਅਤੇ ਡੀ ਲ ਵੀ ਤਾਂ...........ਹੀ ਹੁੰਦਾ ਏ, ਜੀ।

2. **ਸੰਖੇਪ ਵਿੱਚ ਉੱਤਰ ਦਿਓ:-**

ੳ. ਹਿਰੀ ਬੰਦੇ ਨੇ ਅੱਗ ਕੀ ਕਰਨੀ ਸੀ?

ਅ. ਬਾਲਣ ਮੁੱਕਣ ਨਾ ਆਵਾਜਾਈ ਦੇ ਕਿਹੜੇ-ਕਿਹੜੇ ਸਾਧਨ ਚੱਲਣੋਂ ਰੁਕ ਗਏ ਸਨ?

ੲ. ਬਿਜਲੀ ਕਿਉਂ ਬੰਦ ਸੀ?

ਸ. ਕਹਾਣੀ ਸੁਣਨ ਉਪਰੰਤ ਬੱਚੇ ਕੀ ਸੋਚ ਰਹੇ ਸਨ?

3. **ਵਾਕਾਂ ਵਿੱਚ ਵਰਤੋ :-**

ਿ ਦ, ਵਿਲਕਣਾ, ਮੁ ਕਲ, ਥਕਾਵਟ, ਕਿਲਕਾਰੀਆਂ।

4. **ਹੇਠਾਂ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਦਿੱਤੇ ਬਦ-ਜੋੜਾਂ ਦੇ ਅੰਤਰ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਲਿਖੇ ਬਦਾਂ ਨੂੰ ਲਿਖਣ ਦਾ ਅਭਿਆਸ ਕਰੋ:**

| | | | | | |
|---|---|---|---|---|---|
| ਅੱਜ | - | आज | ਕੋਲਾ | - | कोयला |
| ਅੱਗ | - | आग | ਮਿੱਟੀ | - | मिट्टी |
| ਭੁੱਖਾ | - | भूखा | ਚਾ ੀ | - | चालीस |
| ਕਿਧਰੇ | - | कहीं | ਿਹਰ | - | शहर |
| ਸਟੇ ਨ | - | स्टेशन | ਮੈਥੋਂ | - | मुझ से |

5. **ਹੇਠਾਂ ਇੱਕ ਹੀ ਅਰਥ ਲਈ ਪੰਜਾਬੀ ਅਤੇ ਹਿੰਦੀ ਵਿੱਚ ਭਿੰਨ-ਭਿੰਨ ਬਦ ਦਿੱਤੇ ਗਏ ਹਨ। ਇਹਨਾਂ ਨ ਧਿਆਨ ਨਾ ਪੜ੍ਹੋ ਅਤੇ ਪੰਜਾਬੀ ਬਦਾਂ ਨੂੰ ਲਿਖੋ:**

| | | | | | |
|---|---|---|---|---|---|
| ਬਾਲਣ | - | ईंधन | ਵਿਹੜਾ | - | आंगन |
| ਮੁੱਕਣਾ | - | समाप्त होना | ਅ ਬਾਰ | - | समाचार पत्र |
| ਮੱਚਣਾ | - | जलना | ਮੁੜ੍ਹਕਾ | - | पसीना |
| ਝੱਲੀ | - | पागल | ਭੈੜੀ | - | बुरी |

6. **ਇਸ ਪਾਠ ਵਿੱਚ ਇਹ ਨਾਂ ਵੀ ਆਏ ਹਨ:**

ਬਾਬੂ ਸਰਨ ਦਾਸ, ਰਜਨੀ, ਵਰਿੰਦਰ

ਇਹ ਸਾਰੇ ਬਦ ਨਾਂਵ- ਬਦ ਹਨ। ਪਾਠ ਵਿੱਚ ਇਹਨਾਂ ਦੀ ਥਾਂ ਕਿਤੇ ਉਹ , ਕਿਤੇ ਇਹ ਅਤੇ ਕਿਤੇ ਮੈਂ



Downloaded from https:// www.studiestoday.com

Downloaded from https:// www.studiestoday.com

ਸ਼ਬਦ ਆਏ ਹਨ। ਨਾਂਵ- ਸ਼ਬਦਾਂ ਦੀ ਥਾਂ ਵਰਤੇ ਜਾਂਦੇ ਸ਼ਬਦ ਪੜਨਾਂਵ ਹੁੰਦੇ ਹਨ।

-ਹਿੰਦੀ ਵਿੱਚ ਪੜਨਾਂਵ ਨੂੰ ਸਰਵਨਾਮ ਕਹਿੰਦੇ ਹਨ।

-ਇਸ ਪਾਠ ਵਿੱਚੋਂ ਪੜਨਾਂਵ- ਸ਼ਬਦ ਚੁਣੋ।

ਅਧਿਆਪਕ ਵਿਦਿਆਰਥੀਆਂ ਨੂੰ ਊਰਜਾ ਦੇ ਵੱਖ-ਵੱਖ ਸੋਮਿਆਂ ਬਾਰੇ ਦੱਸੇ ਅਤੇ ਉਹਨਾਂ ਦੀ ਬੱਚਤ ਕਰਨ ਸੰਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕਰੇ।



Downloaded from https:// www.studiestoday.com

Downloaded from https:// www.studiestoday.com

ਪਾਠ-10

# ਸਾਡੀਆਂ ਸਬ ੀਆਂ

ਅੱਧੀ ਛੁੱਟੀ ਦੀ ਘੰਟੀ ਵੱਜਦੀ ਹੈ। ਦੀਪੂ, ਹੰਸਾ ਅਤੇ ਰਮੀ ਘੰਟੀ ਦੀ ਅਵਾ ਸੁਣਦਿਆਂ ਹੀ ਆਪਣਾ-ਆਪਣਾ ਰੋਟੀ ਦਾ ਡੱਬਾ ਚੁੱਕ ਕੇ, ਪਾਰਕ ਦੇ ਇੱਕ ਕੋਨੇ ਵੱਲ ਦੌੜਦੇ ਹਨ। ਉੱਥੇ ਉਹ ਟਾਹਲੀ ਦੇ ਇੱਕ ਰੁੱਖ ਹੇਠ ਬੈਠ ਕੇ ਰੋਟੀ ਖਾਣ ਲੱਗਦੇ ਹਨ।




ਰਮੀ : ਦੀਪੂ! ਤੂੰ ਰੋਟੀ ਖਾਣ ਲੱਗ ਪਿਆ ਏਂ? ਹੱਥ ਨਹੀਂ ਧੋਣੇ?

ਹੰਸੂ : ਹਾਂ, ਹਾਂ ! ਹੱਥਾਂ ਨੰ ਕੀ ਲੱਗਿਆ ਸੀ?

ਰਮੀ : ਕਿਉਂ ਦੀਪੂ! ਅੱਜ ਫੇਰ ਝਿੜਕਾਂ ਪਈਆਂ ਸਨ? ਕੀ ਗੱਲ ਸੀ?

ਦੀਪੂ : ਮੈਂ ਜਮਾਤ ਵਿੱਚ ਹੀ ਰੋਟੀ ਖਾਣ ਲੱਗ ਪਿਆ ਸੀ।

ਰਮੀ : ਕਿਉਂ? ਸਬਰ ਨਹੀਂ ਸੀ ਕੀਤਾ ਜਾਂਦਾ? ਅੱਧੀ ਛੁੱਟੀ ਤੱਕ ਉਡੀਕ ਲੈਣਾ ਸੀ।

ਹੰਸੂ : ਨਹੀਂ ਰਮੀ! ਇਹ ਅੱਜ ਗੋਭੀ ਦੀ ਸਬ ੀ ਲਿਆਇਆ ਏ, ਇਸ ਨੇ ਸੋਚਿਆ ਹੋਣਾ ਮਤਾਂ ਅਸੀਂ ਨਾ ਵੰਡਾ ਲਈਏ।

ਦੀਪੂ : ਮੈਨੂੰ ਗੋਭੀ ਬਹੁਤ ਚੰਗੀ ਲੱਗਦੀ ਐ, ਮੈਥੋਂ ਰਿਹਾ ਨਾ ਗਿਆ।

ਰਮੀ : ਲੈ ਗੋਭੀ ਵੀ ਕੋਈ ਸਬ ੀ ਐ? ਮੈਨੂੰ ਤਾਂ ਆਲੂ-ਗਾਜਰਾਂ ਚੰਗੀਆਂ ਲੱਗਦੀਆਂ ਨੇ। ਲੈਣੀ ਐ, ਆਲੂ-ਗਾਜਰਾਂ ਦੀ ਸਬ ੀ?



Downloaded from https:// www.studiestoday.com

Downloaded from https:// www.studiestoday.com

ਹੰਸੂ : ਲਿਆ, ਮੈਨੂੰ ਦੇ-ਦੇ। ਮੇਰੀ ਬੇਬੇ ਨੇ ਤਾਂ ਸਾਗ ਹੀ ਬਣਾਇਆ ਸੀ। ਮੈਨੂੰ ਨਹੀਂ ਚੰਗਾ ਲੱਗਦਾ, ਰੋ ਈ, ਸਾਗ। ਤਿੰਨ ਦਿਨ ਹੋ ਗਏ ਤੜਕੇ ਲਾ-ਲਾ ਖਾਂਦਿਆਂ ਨੂੰ। ਮੈ ਤਾਂ ਅਚਾਰ ਤੇ ਗੰਢਾ ਹੀ ਲੈ ਆਇਆ ਹਾਂ।

ਦੀਪੂ : ਲੈ, ਮੈਥੋਂ ਵੀ ਲੈ-ਲੈ ਸਬ ੀ। ਗੋਭੀ ਵਿੱਚ ਮਟਰ ਵੀ ਪਾਏ ਹੋਏ ਨੇ। ਬੜੀ ਸੁਆਦ ਹੈ। ਖਾ ਕੇ ਵੇਖ। (ਰਮੀ ਤੇ ਦੀਪੂ, ਹੰਸੂ ਨੂੰ ਆਪਣੇ-ਆਪਣੇ ਡੱਬੇ ਚੋਂ ਸਬ ੀ ਦਿੰਦੇ ਹਨ। ਤਿੰਨੇ ਰੋਟੀ ਖਾਣ ਲੱਗਦੇ ਹਨ।)

ਰਮੀ : ਿ ਮਲਾ ਮਿਰਚ ਵੱਡੀ ਫੁੱਲੀ ਹੋਈ ਮਿਰਚ ਹੁੰਦੀ ਹੈ। ਇਸ ਦੀ ਸਬ ੀ ਬੜੀ ਸੁਆਦੀ ਬਣਦੀ ਹੈ ।

ਹੰਸੂ : ਆਲੂ-ਗਾਜਰਾਂ ਤੋਂ ਵੀ?

ਰਮੀ : ਹਾਂ, ਆਲੂ-ਗਾਜਰਾਂ ਤਾਂ ਕੁਝ ਵੀ ਨਹੀਂ, ਉਸ ਦੇ ਸਾਮ੍ਹਣੇ। ਜੇ ਕਿਤੇ ਵਿੱਚ ਟਮਾਟਰ ਵੀ ਪੈ ਜਾਣ ਤਾਂ ਸੁਆਦ ਦੁੱਗਣਾ ਹੋ ਜਾਂਦਾ ਐ।

ਦੀਪੂ : ਟਮਾਟਰ ਤਾਂ ਕੱਚੇ ਹੀ ਸੁਆਦ ਲੱਗਦੇ ਨੇ।

ਰਮੀ : ਤੈਨੂੰ ਤਾਂ ਪਤਾ ਈ ਨਹੀਂ, ਟਮਾਟਰ ਕੱਚੇ ਵੀ ਖਾਈਦੇ ਹਨ ਤੇ ਸਬ ੀ ਵਿੱਚ ਵੀ ਪੈਂਦੇ ਹਨ, ਜਿਵੇਂ; ਮੂਲੀ ਕੱਚੀ ਵੀ ਖਾਈਦੀ ਹੈ ਤੇ ਇਸ ਦੀ ਸਬ ੀ ਵੀ ਬਣਦੀ ਹੈ।

ਹੰਸੂ : ਪਿਛਲੇ ਸਾਲ ਸਾਡੇ ਮੂਲੀਆਂ ਤੇ ਲਗਮ ਬਹੁਤ ਹੋਏ ਸਨ।

ਰਮੀ : ਅੱਛਾ! ਤੁਸੀਂ ਹੋਰ ਕੀ ਬੀਜਦੇ ਹੁੰਦੇ ਹੋ?

ਹੰਸੂ : ਬਾਪੂ ਜੀ ਕਿੰਨਾ ਕੁਝ ਬੀਜ ਛੱਡਦੇ ਹਨ; ਆਲੂ, ਕੱਦੂ, ਟੀਂਡੇ, ਟਮਾਟਰ, ਭਿੰਡੀ ਤੋਰੀ, ਘੀਆ ਤੋਰੀ, ਹਰੀਆਂ ਮਿਰਚਾਂ ਆਦਿ। ਲੰਬੜਦਾਰ ਤਾਂ ਅਰਬੀ ਵੀ ਬੀਜਦਾ ਹੈ।

ਰਮੀ : ਕਿਉਂ ਦੀਪੂ, ਤੁਸੀਂ ਕੀ ਬੀਜਦੇ ਹੋ?

ਦੀਪੂ : ਅਸੀਂ ਤਾਂ ਬੈਂਗਣ, ਗਾਜਰਾਂ, ਮੂਲੀਆਂ, ਕਰੇਲੇ ਤੇ ਖੀਰੇ ਬੀਜੇ ਸਨ। ਹੁਣ ਅਸੀਂ ਲਾਏ ਨੇ ਗੰਢੇ, ਲਸਣ ਤੇ ਮਟਰ।

ਰਮੀ : ਅਸੀਂ ਤਾਂ ਸਾਰੀਆਂ ਸਬ ੀਆਂ ਹਿਰੋਂ ਈ ਲਿਆਉਂਦੇ ਹਾਂ। ਕਿੰਨੀਆਂ ਹੀ ਸਬ ੀਆਂ ਹੁੰਦੀਆਂ ਨੇ, ਉੱਥੇ।

ਹੰਸੂ : ਤੂੰ ਹੁਣ ਤੱਕ ਕਿਹੜੀਆਂ ਸਬ ੀਆਂ ਖਾ ਕੇ ਦੇਖੀਆਂ ਨੇ?

ਰਮੀ : ਬੈਂਗਣ, ਗੋਭੀ, ਗਾਜਰਾਂ, ਸਾਗ, ਿ ਮੀਕੰਦ..............।

ਹੰਸੂ : ਲੈ, ਇਹ ਤਾਂ ਅਸੀਂ ਵੀ ਖਾਧੀਆਂ ਨੇ।

ਰਮੀ : ਠਹਿਰ ਤਾਂ ਜਾ! ਕੱਦੂ, ਚੱਪਣ ਕੱਦੂ, ਟਿੰਡੇ, ਭਿੰਡੀ ਤੋਰੀ, ਕਾ ੀ ਤੋਰੀ, ਿ ਮਲਾ ਮਿਰਚ ਤੇ ਪਾਲਕ।

ਦੀਪੂ : ਇਹ ਤਾਂ ਸਾਰੇ ਹੀ ਖਾਂਦੇ ਹਨ।

ਰਮੀ : ਪੁਦੀਨਾ, ਧਨੀਆ.................।

ਦੀਪੂ : ਇਹ ਕੋਈ ਸਬ ੀ ਹੈ? ਇਹਦੀ ਤਾਂ ਚਟਣੀ ਬਣਦੀ ਹੈ।

ਰਮੀ : ਹੋਰ ਕੀ? ਇਹ ਵੀ ਸਬ ੀਆਂ ਈ ਹੁੰਦੀਆਂ ਨੇ।

ਹੰਸੂ : ਕਿਉਂ ਰਮੀ, ਤੂੰ ਕਦੇ ਪੇਠਾ ਖਾਧਾ ਏ?

ਰਮੀ : (ਭੈੜਾ ਜਿਹਾ ਮੂੰਹ ਬਣਾ ਕੇ) ਇਹ ਕੋਈ ਸਬ ੀ ਐ? ਇਹਨੂੰ ਤਾਂ ਗਧੇ ਵੀ ਨਹੀਂ ਸਿਆਣਦੇ।

ਦੀਪੂ : ਇਹਨੂੰ ਕੁਝ ਪਸੰਦ ਹੀ ਨਹੀਂ ਆਉਂਦਾ। ਕਰੇਲੇ ਖਾਇਆ ਕਰ, ਰਮੀ!



Downloaded from https:// www.studiestoday.com

Downloaded from https:// www.studiestoday.com

ਰਮੀ : ਕਰੇਲੇ ਤਾਂ ਕੌੜੇ ਹੁੰਦੇ ਹਨ।

ਹੰਸੂ : ਮਸਾਲੇ ਨਾ ਭਰ ਕੇ ਬਣਾਏ ਹੋਏ ਖਾਵੀਂ, ਕਦੇ। ਤੇਲ ਵਿੱਚ ਤੇ ਤਾਂ ਬੜੇ ਹੀ ਸੁਆਦ ਲੱਗਦੇ ਨੇ। (ਘੰਟੀ ਵੱਜਦੀ ਹੈ)

ਰਮੀ : ਚੱਲੋ, ਘੰਟੀ ਵੱਜ ਗਈ। ਪਾਣੀ ਵੀ ਨਹੀਂ ਪੀਤਾ, ਗੱਲਾਂ-ਗੱਲਾਂ ਵਿੱਚ । ਲੋਬੀਏ ਦੀਆਂ ਫ ਿਆਂ ਲੈ ਕੇ ਆਊਂ, ਭ ਕੇ।

ਹੰਸੂ : ਆਪਾਂ ਤਾਂ ਸਰ੍ਹੋਂ ਦਾ ਸਾਗ ਲਿਆਵਾਂਗੇ।

ਦੀਪੂ : ਮੈਂ ਤਾਂ ਅਚਾਰ ਤੇ ਗੰਢਾ ਹੀ ਲਿਆਊਂ। (ਤਿੰਨੇ ਹੱਸਦੇ-ਹੱਸਦੇ ਤੁਰ ਜਾਂਦੇ ਹਨ)

**ਔਖੇ ਬਦਾਂ ਦੇ ਅਰਥ:**

ਕੋਨਾ-ਖੂੰਜਾ, ਨੁੱਕਰ , ਗੁੱਠ

ਸਬਰ-ਧੀਰਜ, ਜਰਾਂਦ

ਮਤਾਂ-ਅਜਿਹਾ ਨਾ ਹੋਵੇ ਕਿ

## ਪਾਠ-ਅਭਿਆਸ

**1. ਾਲੀ ਸਥਾਨ ਭਰੋ-**

ੳ ................ਤਾਂ ਕੱਚੇ ਹੀ ਸੁਆਦ ਲੱਗਦੇ ਹਨ।

ਅ ਪੁਦੀਨੇ ਦੀ ...........ਬੜੀ ਵਧੀਆ ਬਣੀ ਏ।

ੲ .........ਮਸਾਲੇ ਨਾ ਭਰ ਕੇ ਖਾਈਦੇ ਹਨ।

ਸ. ਲੰਬੜਦਾਰ ਤਾਂ.........ਵੀ ਬੀਜਦਾ ਹੈ।

ਹ. ਪਿਛਲੇ ਸਾਲ ਸਾਡੇ ਮੂਲੀਆਂ ਤੇ...........ਬਹੁਤ ਹੋਏ ਸਨ।

**2. ਇਹ ਬਦ ਕਿਸ ਨੇ, ਕਿਸ ਨੂੰ ਕਹੇ ਹਨ:-**

ੳ. ਮੈਨੂੰ ਗੋਭੀ ਬਹੁਤ ਚੰਗੀ ਲੱਗਦੀ ਹੈ।

ਅ. ਮੈਨੂੰ ਨਹੀਂ ਚੰਗਾ ਲੱਗਦਾ, ਰੋ ਈ, ਸਾਗ।

ੲ. ਅਸੀਂ ਤਾਂ ਸਾਰੀਆਂ ਸਬ ਿਆਂ ਹਿਰੋਂ ਈ ਲਿਆਉਂਦੇ ਹਾਂ।

ਸ. ਲੋਬੀਏ ਦੀਆਂ ਫ ਿਆਂ ਲੈ ਕੇ ਆਊਂ, ਭ ਕੇ।

**3. ਹੇਠ ਲਿਖੇ ਬਦਾਂ ਨੂੰ ਵਾਕਾਂ ਵਿੱਚ ਵਰਤੋ:-**

ਡੱਬਾ, ਟਾਹਲੀ, ਸੁਆਦ, ਸਬਰ, ਸਬ ੀ

**4. ਹੇਠਾਂ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਲਿਖੇ ਬਦ-ਜੋੜਾਂ ਦੇ ਅੰਤਰ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਲਿਖੇ ਬਦਾਂ ਨੂੰ ਲਿਖਣ ਦਾ ਅਭਿਆਸ ਕਰੋ : -**

ਸੋਚਿਆ : सोचा



Downloaded from https:// www.studiestoday.com

Downloaded from https:// www.studiestoday.com

ਲਸਣ : लहसुन

ਅਚਾਰ : आचार

ਸਬ ੀ : सबज़ी

ਸੁਆਦ : स्वाद

ਸਰ੍ਹੋਂ : सरसों

5. **ਹੇਠਾਂ ਇੱਕ ਹੀ ਅਰਥ ਲਈ ਪੰਜਾਬੀ ਅਤੇ ਹਿੰਦੀ ਵਿੱਚ ਭਿੰਨ-ਭਿੰਨ  ਬਦ ਦਿੱਤੇ ਗਏ ਹਨ। ਇਹਨਾਂ ਨੂੰ ਧਿਆਨ ਨਾ  ਪੜ੍ਹੋ ਅਤੇ ਪੰਜਾਬੀ  ਬਦਾਂ ਨੂੰ ਲਿਖਣ ਦਾ ਅਭਿਆਸ ਕਰੋ:-**

ਟਾਹਲੀ : शीशम

ਰੁੱਖ : वृक्ष

ਗੰਢਾ : प्याज़

ਕਦੇ : कभी

ਸਿਆਣਦੇ : पहचानते

ਆਪਾਂ : हम

ਆਪਣੀਆਂ ਮਨਪਸੰਦ ਪੰਜ ਸਬ ੀਆਂ ਦੇ ਨਾਂ ਲਿਖੋ ਅਤੇ ਉਹਨਾਂ ਦੇ ਚਿੱਤਰ ਬਣਾ ਕੇ ਰੰਗ ਭਰੋ।



Downloaded from https:// www.studiestoday.com

Downloaded from https:// www.studiestoday.com

ਪਾਠ-11

# ਪੰਛੀਆਂ ਦਾ ਗੀਤ

ਤੋਤਿਆਂ ਦੀ ਡਾਰ, ਵੇਖੋ ਤੋਤਿਆਂ ਦੀ ਡਾਰ,
ਕਿਤੇ ਬੋਲਦੀ ਹੈ ਘੁੱਗੀ, ਕਿਤੇ ਨੱਚਦੀ ਗੁਟਾਰ।

ਕਿਤੇ ਗੁਟਕਦੇ ਨੇ ਗੋਲੇ, ਕਿਤੇ ਬੋਲਦੇ ਮਮੋਲੇ,
ਕਿਤੇ ਬਿਜੜਾ ਵੀ ਆਲ੍ਹਣੇ ਨੂੰ, ਰਿਹਾ ਹੈ ਿ ਗਾਰ।

ਕਿਤੇ ਬਤਕਾਂ ਦੀ ਤਾਰੀ, ਕਿਤੇ ਕੂੰਜਾਂ ਦੀ ਉਡਾਰੀ,
ਕਿਤੇ ਬਗਲਾ ਭਗਤ ਖੜ੍ਹਾ, ਇੱਕ ਲੱਤ ਭਾਰ।

ਕਿਤੇ ਚਿੜੀਆਂ ਦੇ ਝੁੰਡ, ਚੱਕੀਰਾਹਾ ਖਾਵੇ ਸੁੰਡ,
ਕਿਤੇ ਪੈਲਾਂ ਪਾਉਂਦੇ ਮੋਰ, ਵੇਖੋ ਖੰਭਾਂ ਨੂੰ ਖਿਲਾਰ।

ਕਿਤੇ ਬੁਲਬੁਲਾਂ ਦਾ ਗੀਤ, ਮਿੱਠਾ-ਮਿੱਠਾ ਸੰਗੀਤ,
ਕਿਤੇ ਗੀਤ ਗਾਵੇ ਕੋਇਲ, ਜਦੋਂ ਆਉਂਦੀ ਹੈ ਬਹਾਰ।

ਕਿਤੇ ਤਿੱਤਰ, ਬਟੇਰੇ; ਮੱਲੇ ਕਾਂਵਾਂ ਨੇ ਬਨੇਰੇ,
ਕਿਤੇ ਉੱਲੂ ਬੈਠਾ ਰਾਤ ਦਾ, ਹੈ ਕਰੇ ਇੰਤ ਾਰ।

ਕਿਤੇ ਉੱਡਦੇ ਨੇ ਬਾ , ਕਿਤੇ ਗਿਰਝਾਂ ਦਾ ਰਾਜ,
ਵੇਖੋ ਕਿੰਨਾ ਸੋਹਣਾ ਲੱਗਦਾ, ਇਹ ਪੰਛੀ-ਸੰਸਾਰ।

ਪੰਛੀ ਹੁੰਦੇ ਬੇਮਿਸਾਲ, ਰੱਖੋ ਇਹਨਾਂ ਨੂੰ ਸੰਭਾ ,
ਕਦੇ ਭੁੱਲ ਕੇ ਵੀ ਕਰੀਏ ਨਾ, ਇਹਨਾਂ ਦਾ ਿ ਕਾਰ

**ਔਖੇ ਬਦਾਂ ਦੇ ਅਰਥ :-**

| | | |
|---|---|---|
| ਗੁਟਕਦੇ | : | ਕਬੂਤਰਾਂ ਦਾ ਬੋਲਣਾ |
| ਝੁੰਡ | : | ਪੰਛੀਆਂ ਜਾਂ ਜਾਨਵਰਾਂ ਦਾ ਸਮੂਹ |
| ਇੰਤ ਾਰ | : | ਉਡੀਕ, ਰਾਹ ਤੱਕਣਾ |



Downloaded from https:// www.studiestoday.com

Downloaded from https:// www.studiestoday.com

| | | |
|---|---|---|
| ਗੋਲੇ | : | ਜੰਗ ੀ ਕਬੂਤਰ |
| ਬੇਮਿਸਾਲ | : | ਅਦੁੱਤੀ, ਲਾਸਾਨੀ, ਜਿਸ ਵਰਗਾ ਕੋਈ ਹੋਰ ਨਾ ਹੋਵੇ |

## ਪਾਠ-ਅਭਿਆਸ

1. **ਾਲੀ ਸਥਾਨ ਭਰੋ:**

ੳ. ਕਿਤੇ..............ਖੜ੍ਹਾ, ਇੱਕ ਲੱਤ ਭਾਰ।

ਅ. ਮੱਲੇ ਕਾਂਵਾਂ ਨੇ ................।

ੲ. ਕਿਤੇ ਚਿੜੀਆਂ ਦਾ ਝੁੰਡ, ਚੱਕੀ ਰਾਹਾ ਖਾਵੇ.......................।

ਸ. ਕਿਤੇ ...........ਦਾ ਗੀਤ, ਮਿੱਠਾ-ਮਿੱਠਾ ਸੰਗੀਤ।

2. **ਮਿਲਾਣ ਕਰੋ-**

| | | |
|---|---|---|
| ਕਬੂਤਰ | : | ਗੀਤ |
| ਬਤਕਾਂ | : | ਉਡਾਰੀ |
| ਕੂੰਜਾਂ | : | ਪੈਲਾਂ |
| ਕੋਇਲ | : | ਤਾਰੀ |
| ਮੋਰ | : | ਗੁਟਕਣਾ |

3. **ਹੇਠ ਲਿਖੇ ਪੰਜਾਬੀ ਬਦਾਂ ਦੇ ਸਮਾਨਾਰਥੀ ਹਿੰਦੀ ਦੇ ਬਦ ਲਿਖੋ-**

| | | |
|---|---|---|
| ਗੁਟਕਦੇ | : | |
| ਉੱਲੂ | : | |
| ਇੰਤ ਾਰ | : | |
| ਬਤਕ | : | |
| ਬੇਮਿਸਾਲ | : | |
| ਕੋਇਲ | : | |

4. **ਸੋਹਣਾ ਕਰਕੇ ਲਿਖੋ: ਪੰਛੀ ਹੁੰਦੇ ਬੇਮਿਸਾਲ, ਰੱਖੋ ਇਹਨਾਂ ਨੂੰ ਸੰਭਾ**

ਆਪਣੇ ਮਨਪਸੰਦ ਪੰਛੀਆਂ ਦੇ ਚਿੱਤਰ ਆਪਣੀ ਕਾਪੀ ਵਿੱਚ ਚਿਪਕਾਓ।



Downloaded from https:// www.studiestoday.com

Downloaded from https:// www.studiestoday.com

ਪਾਠ-12

# ਗੁਲਾਬ ਦਾ ਆੜੀ

ਸੁਹੇਲ ਅੱਜ ਆਪਣੇ ਸਕੂਲ ਨਾ ਜਾ ਕੇ ਆਪਣੇ ਪਾਪਾ ਨਾ ਜਾਣ ਦੀ ਿਦ ਕਰਨ ਲੱਗਿਆ। ਅੱਗੋਂ ਪਾਪਾ ਨੇ ਉਸ ਦੇ ਰਾਰਤੀ ਹੋਣ ਕਾਰਨ ਸਕੂਲ ਲਿਜਾਣੋਂ ਮਨ੍ਹਾ ਕਰ ਦਿੱਤਾ ਪਰ ਮੰਮੀ ਦੇ ਕਹਿਣ ਤੇ ਰਾ ੀ ਹੋ ਗਏ।

ਸੁਹੇਲ ਬੱਸ ਚ ਬੈਠਾ ਆ -ਦੁਆ ਹਰੇ-ਭਰੇ ਖੇਤਾਂ ਨੂੰ ਦੇਖ ਰਿਹਾ ਸੀ। ਸੜਕਾਂ ਦੇ ਕਿਨਾਰੇ ਪਾ -ਪਾ ਖੜ੍ਹੇ ਦਰ ਤ ਉਸ ਨੂੰ ਬੜੇ ਸੋਹਣੇ ਲੱਗ ਰਹੇ ਸਨ।

ਸੁਹੇਲ ਦੇ ਪਾਪਾ ਦਾ ਸਕੂਲ ਪਿੰਡ ਦੇ ਅੱਡੇ ਤੋਂ ਕਰੀਬ ਡੇਢ ਕਿਲੋਮੀਟਰ ਦੂਰ ਸੀ ਅਤੇ ਉੱਥੇ ਕੋਈ ਤਾਂਗਾ-ਰਿਕ ਾ ਵੀ ਨਹੀਂ ਜਾਂਦਾ ਸੀ ਪਰ ਸੁਹੇਲ ਸਕੂਲ ਦੇਖਣ ਦੇ ਚਾਅ ਚ ਮੂਹਰੇ-ਮੂਹਰੇ ਭੱਜਿਆ ਜਾ ਰਿਹਾ ਸੀ।

ਸੁਹੇਲ ! ਹੌਂ ੀ ਚੱਲ ਬੇਟਾ ! ਅੜਕ ਕੇ ਡਿਗ ਜਾਵੇਂਗਾ। ਸੁਹੇਲ ਦੇ ਪਾਪਾ ਨੇ ਉਸ ਨੂੰ ਹੌਂ ੀ ਤੁਰਨ ਲਈ ਕਿਹਾ।

ਨਹੀਂ , ਪਾਪਾ ! ਮੈਂ ਡਿਗਦਾ ਨਹੀਂ। ਆਹਾ ! ਪਾਪਾ ! ਕਿੰਨੀਆਂ ਸੋਹਣੀਆਂ ਮੱਛੀਆਂ ! ਸੁਹੇਲ ਨੇ ਟੋਭੇ ਵਿਚਲੀਆਂ ਮੱਛੀਆਂ ਦੇਖ ਕੇ ਕਿਹਾ।

ਹਾਂ, ਬਹੁਤ ਸਾਰੀਆਂ ਨੇ। ਇਹ ਟੋਭੇ ਚ ਰਹਿੰਦੀਆਂ ਨੇ। ਸੁਹੇਲ ਦੇ ਪਾਪਾ ਨੇ ਮੱਛੀਆਂ ਨੂੰ ਬਾਹਰ ਵੱਲ ਝਾਕਦਿਆਂ ਦੇਖ ਕੇ ਕਿਹਾ।

ਇਹਨਾਂ ਨੂੰ ਠੰਢ ਨਹੀਂ ਲੱਗਦੀ? ਸੁਹੇਲ ਨੇ ਭੋ ਾ ਜਿਹਾ ਮੂੰਹ ਬਣਾ ਕੇ ਕਿਹਾ,

ਨਹੀਂ, ਪਾਣੀ ਇਹਨਾਂ ਦਾ ਘਰ ਹੈ। ਪਾਪਾ ਨੇ ਸੁਹੇਲ ਦੀ ਗੱਲ ਤੇ ਮੁਸਕਰਾਉਂਦਿਆਂ ਕਿਹਾ।

ਇੰਞ ਗੱਲਾਂ ਕਰਦਿਆਂ ਸਕੂਲ ਆ ਗਿਆ।

ਸੁਹੇਲ ਵੱਡੇ ਸਾਰੇ ਸਕੂਲ ਨੂੰ ਦੇਖ ਕੇ ਹੈਰਾਨ ਹੋ ਗਿਆ। ਭਾਵੇਂ ਸਕੂਲ ਵਿੱਚ ਝੂਲੇ ਵ ੈਰਾ ਤਾਂ ਨਹੀਂ ਸਨ ਪਰ ਬਿਰਖ ਬਹੁਤ ਿਆਦਾ ਸਨ। ਬਿਰਖਾਂ ਤੇ ਬੈਠੇ ਤਰ੍ਹਾਂ-ਤਰ੍ਹਾਂ ਦੇ ਪੰਛੀਆਂ ਦੀਆਂ ਅਵਾ ਾਂ ਸੁਣ ਕੇ ਉਹ ਆਪਣੇ ਪਾਪਾ ਕੋ ਬੈਠਣ ਦੀ ਬਜਾਏ ਬਿਰਖਾਂ ਦੇ ਕੋ ਆ ਗਿਆ। ਹਵਾ ਚੱਲਣ ਦੇ ਨਾ ਬਿਰਖਾਂ ਦੇ ਪੱਤੇ ਇੰਞ ਛਣਕਦੇ, ਜਿਵੇਂ ਛੈਣੇ ਵੱਜ ਰਹੇ ਹੋਣ। ਕੋਈ-ਕੋਈ ਪੱਤਾ ਦਰ ਤ ਤੋਂ ਟੁੱਟਦਾ ਤਾਂ ਸੁਹੇਲ ਉਸ ਨੂੰ ਬੋਚਣ ਲੱਗਦਾ। ਇੰਞ ਸੁਹੇਲ ਬਿਰਖਾਂ ਦੇ ਪੱਤਿਆਂ ਨਾ ਖੇਡਣ ਲੱਗਿਆ। ਬਿਰਖ ਵੀ_ ੀ ਦੇ ਰੌਂ ਵਿੱਚ ਇੱਧਰ-ਉੱਧਰ ਝੂਮਦੇ। ਸੁਹੇਲ ਨੇ ਜੇਬ ਚੋਂ ਮੂੰਗਫ ੀ ਕੱਢੀ ਅਤੇ ਇੱਕ ਪਾਸੇ ਬਹਿ ਕੇ ਖਾਣ ਲੱਗਿਆ। ਇਉਂ ਲੱਗਦਾ ਸੀ, ਜਿਵੇਂ ਉਹ ਥੱਕ ਗਿਆ ਸੀ। ਉਸ ਨੂੰ ਖਾਂਦਿਆਂ ਦੇਖ, ਇੱਕ ਕਾਟੋ ਰੁੱਖ ਤੋਂ ਉੱਤਰੀ ਅਤੇ ਜਿਵੇਂ ਬੋਲੀ ਹੋਵੇ,

ਮੈਨੂੰ ਵੀ ਦੇ-ਦੇ !



Downloaded from https:// www.studiestoday.com

Downloaded from https:// www.studiestoday.com




ਲੈ, ਤੂੰ ਵੀ ਖਾਹ , ਸੁਹੇਲ ਨੇ ਕਾਟੋ ਅੱਗੇ ਦੋ-ਚਾਰ ਗਿਰੀਆਂ ਸੁੱਟ ਦਿੱਤੀਆਂ।

ਕਾਟੋ ਆਪਣੇ ਨਿੱਕੇ-ਨਿੱਕੇ ਦੰਦਾਂ ਨਾ ਗਿਰੀਆਂ ਖਾਣ ਲੱਗੀ। ਸੁਹੇਲ ਇੱਕ ਗਿਰੀ ਆਪਣੇ ਮੂੰਹ ਚ ਪਾਉਂਦਾ ਅਤੇ ਦੋ-ਤਿੰਨ ਗਿਰੀਆਂ ਕਾਟੋ ਅੱਗੇ ਸੁੱਟ ਦਿੰਦਾ। ਦੇਖਦੇ-ਦੇਖਦੇ ਕੁਝ ਗੁਟਾਰਾਂ ਵੀ ਉੱਤਰ ਆਈਆਂ। ਉਹ ਵੀ ਗਿਰੀਆਂ ਖਾਣ ਲੱਗੀਆਂ। ਕਾਟੋ ਗੁਟਾਰਾਂ ਮਗਰ ਪੈ ਜਾਂਦੀ ਤਾਂਕਿ ਗੁਟਾਰਾਂ ਉੱਡ ਜਾਣ ਪਰ ਗੁਟਾਰਾਂ ਉੱਡ ਕੇ ਫੇਰ ਉੱਥੇ ਹੀ ਆ ਜਾਂਦੀਆਂ।

ਨਾ ਕਾਟੋ, ਲੜ ਨਾ। ਇਹਨਾਂ ਨੂੰ ਵੀ ਖਾਣ ਦੇ। ਸੁਹੇਲ ਨੇ ਹੋਰ ਗਿਰੀਆਂ ਸੁੱਟਦਿਆਂ ਕਿਹਾ।

ਹੁਣ ਸੁਹੇਲ ਦਾ ਥਕੇਵਾਂ ਉੱਡ ਗਿਆ ਸੀ। ਉਹ ਪੰਛੀਆਂ ਨਾ ਖੇਡਣ ਲੱਗਿਆ। ਪੰਛੀ ਵੀ ਸੁਹੇਲ ਤੋਂ ਡਰਦੇ ਨਹੀਂ ਸਨ। ਦੇਖਦੇ ਹੀ ਦੇਖਦੇ ਸਾਰੇ ਪੰਛੀ ਉੱਡ ਗਏ। ਸੁਹੇਲ ਦੇ ਆ -ਦੁਆ ਚੁੱਪ ਫੈਲ ਗਈ। ਸੁਹੇਲ ਨੇ ਦੇਖਿਆ ਕਿ ਇੱਕ ਬਿੱਲੀ ਕੰਧ ਤੋਂ ਦੀ ਲੰਘੀ ਜਾ ਰਹੀ ਸੀ। ਪੰਛੀਆਂ ਦੇ ਜਾਣ ਬਾਅਦ ਸੁਹੇਲ ਉਦਾਸ ਹੋ ਗਿਆ।

ਤੂੰ ਉਦਾਸ ਨਾ ਹੋ, ਨਿੱਕੇ ਦੋਸਤ ! ਇੱਕ ਅਵਾ ਆਈ

ਕੌਣ ਹੈ? ਸੁਹੇਲ ਨੇ ਇੱਧਰ-ਉੱਧਰ ਦੇਖਦਿਆਂ ਕਿਹਾ।

ਮੈਂ ਤੇਰੇ ਸਾਮ੍ਹਣੇ ਹੀ ਹਾਂ, ਇੱਕ ਕੁਮ ਾਏ ਜਿਹੇ ਗੁਲਾਬ ਨੇ ਜਿਵੇਂ ਕਮ ੋਰ ਜਿਹੀ ਅਵਾ ਚ ਕਿਹਾ ਹੋਵੇ:



Downloaded from https:// www.studiestoday.com

Downloaded from https:// www.studiestoday.com

ਤੂੰ ਬਿਮਾਰ ਹੈਂ? ਸੁਹੇਲ ਨੇ ਉਸ ਦੇ ਨੇੜੇ ਜਾ ਕੇ ਕਿਹਾ, ਨਹੀਂ, ਮੈਨੂੰ ਪਿਆਸ ਲੱਗੀ ਹੈ। ਗੁਲਾਬ ਨੇ ਜਿਵੇਂ ਗਰਦਨ ਇੱਕ ਪਾਸੇ ਜਿਹੇ ਸੁੱਟ ਕੇ ਕਿਹਾ।

ਹੋਰ ਦੱਸ, ਕੀ ਚਾਹੀਦਾ ਹੈ? ਸੁਹੇਲ ਭੱਜ ਕੇ ਨਿੱਕੀ ਜਿਹੀ ਗਲਾਸੀ ਚ ਨ ਕੇ ਤੋਂ ਭਰ ਕੇ ਪਾਣੀ ਲਿਆਇਆ।

ਾਬਾ ! ਜਿਵੇਂ ਗੁਲਾਬ ਨੂੰ ਮਸਾਂ ਸਾਹ ਆਇਆ ਹੋਵੇ।

ਤੈਨੂੰ ਬਿਮਾਰ ਹੋਏ ਨੂੰ ਕਿੰਨੇ ਦਿਨ ਹੋ ਗਏ? ਸੁਹੇਲ ਨੇ ਗੁਲਾਬ ਤੇ ਪਾਣੀ ਛਿੜਕਦਿਆਂ ਕਿਹਾ।

ਆਹੀ, ਕੋਈ ਦੋ-ਤਿੰਨ ਦਿਨ ਹੋਏ ਨੇ। ਗੁਲਾਬ ਨੇ ਕਮੋਰ ਜਿਹੀ ਅਵਾ ਚ ਕਿਹਾ।

ਤੈਨੂੰ ਨਾ ਦੇ ਸਾਥੀ ਜਾਂ ਕਿਸੇ ਹੋਰ ਨੇ ਪਾਣੀ ਨਹੀਂ ਪਿਆਇਆ? ਸੁਹੇਲ ਨੇ ਹਮਦਰਦੀ ਨਾ ਪੁੱਛਿਆ।

ਜਦੋਂ ਮੈਂ ਖਿੜਿਆ ਸੀ, ਸਭ ਲਈ ਮਨਭਾਉਂਦਾ ਸੀ। ਹੁਣ ਮੈਂ ਥੋੜ੍ਹਾ ਮੁਰਝਾ ਗਿਆ ਹਾਂ ਤਾਂ..........। ਗੱਲ ਕਰਦੇ-ਕਰਦੇ ਗੁਲਾਬ ਦਾ ਮਨ ਭਰ ਆਇਆ।

ਤੂੰ ਚਿੰਤਾ ਨਾ ਕਰ, ਮੈਂ ਹੋਰ ਪਾਣੀ ਲੈ ਕੇ ਆਉਂਦਾ ਹਾਂ।

ਸੁਹੇਲ ਫਿਰ ਗਲਾਸੀ ਚੁੱਕ ਕੇ ਨ ਕੇ ਵੱਲ ਤੁਰ ਪਿਆ।

ਸੁਹੇਲ ! ਰੋਟੀ ਖਾ ਲੈ, ਬੇਟਾ ! ਪਾਪਾ ਨੇ ਸੁਹੇਲ ਨੂੰ ਦੇਖ ਕੇ ਅਵਾ ਦਿੱਤੀ।

ਨਹੀਂ ਪਾਪਾ, ਮੈਨੂੰ ਭੁੱਖ ਨਹੀਂ। ਸੁਹੇਲ ਪਾਪਾ ਵੱਲ ਬਿਨਾਂ ਦੇਖੇ ਗੁਲਾਬ ਵੱਲ ਤੁਰ ਪਿਆ।

ਆਹ ਪਾਣੀ ਕਿਸ ਨੂੰ ਦੇਣ ਚੱਲਿਆਂ? ਤੇਰੇ ਦੂਜੇ ਹੱਥ ਚ ਕੀ ਹੈ? ਸੁਹੇਲ ਦੇ ਪਾਪਾ ਨੇ ਨੇੜੇ ਆਉਂਦਿਆ ਕਿਹਾ।

ਜਿਹੜਾ ਤੁਸੀਂ ਘਰ ਬੂਟਿਆਂ ਚ ਪਾਉਂਦੇ ਹੁੰਦੇ ਹੋ। ਸੁਹੇਲ ਨੂੰ ਰੇਹ ਦਾ ਨਾਂ ਨਹੀਂ ਸੀ ਪਤਾ।

ਅੱਛਾ ! ਤੂੰ ਪੌਦਿਆਂ ਨੂੰ ਖਾਦ ਪਾਉਣ ਚੱਲਿਆਂ?

ਪਾਪਾ ਨੇ ਸੁਹੇਲ ਦੇ ਹੱਥ ਸੁੱਕੇ ਗੋਹੇ ਨਾ ਲਿੱਬੜੇ ਦੇਖ ਕੇ ਕਿਹਾ।

ਤੂੰ ਇਹ ਚੰਗਾ ਕੰਮ ਕੀਤਾ ਐ। ਸੁਹੇਲ ਨੂੰ ਗੁਲਾਬ ਦੀਆਂ ਜੜ੍ਹਾਂ ਚ ਰੇਹ ਪਾਉਂਦਿਆਂ ਦੇਖ, ਕਾਟੋ ਨੇ ਕਿਹਾ।

ਹਾਂ-ਹਾਂ, ਇਹ ਭਲਾ ਕੰਮ ਹੈ, ਨਾਲ ਦੇ ਫੁੱਲਾਂ ਤੇ ਮੰਡਲਾ ਰਹੀਆਂ ਤਿਤਲੀਆਂ ਨੇ ਵੀ ਹਾਮੀ ਭਰੀ। ਗੁਟਾਰਾਂ ਵੀ ਸੁਹੇਲ ਨਾ ਖੇਡਣ ਆ ਗਈਆਂ। ਸੁਹੇਲ ਇਹਨਾਂ ਸਾਰਿਆਂ ਨਾ ਖੇਡਣ ਚ ਰੁੱਝ ਗਿਆ। ਅੱਜ ਉਹਨੂੰ ਭੁੱਖ-ਪਿਆਸ ਨਹੀਂ ਲੱਗ ਰਹੀ ਸੀ। ਪਤਾ ਹੀ ਨਹੀਂ ਲੱਗਿਆ ਕਦੋਂ ਦੋ- ਤਿੰਨ ਘੰਟੇ ਬੀਤ ਗਏ।

ਆਹਾ ! ਗੁਲਾਬ ਖਿੜ ਗਿਆ, ਤਿਤਲੀ ਗੁਲਾਬ ਤੇ ਮੰਡਲਾਉਂਦੀ ਤਾੜੀਆਂ ਵਜਾ ਰਹੀ ਸੀ।

ਸੁਹੇਲ ਸਮੇਤ ਸਾਰੇ ਉੱਥੇ ਪਹੁੰਚ ਗਏ। ਗੁਲਾਬ ਫੇਰ ਆਪਣੇ ਖੇੜੇ ਤੇ ਸੀ। ਹਰ ਪਾਸੇ_ ਬੋਆਂ ਫੈਲਾ ਰਿਹਾ ਸੀ। ਇੱਕ ਕਾ ਾ ਜਿਹਾ ਭੂੰਡ ਉਸ ਤੇ ਆ ਕੇ ਬੈਠ ਗਿਆ।

ਉਰੇ ਆ, ਸੁਹੇਲ ! ਤੂੰ ਮੇਰਾ ਸੱਚਾ ਆੜੀ ਹੈਂ। ਗੁਲਾਬ ਨੇ ਭਰੇ ਮਨ ਨਾ ਕਿਹਾ।

ਹਾਂ-ਹਾਂ, ਤੂੰ ਵੀ ਮੇਰਾ ਆੜੀ ਹੈਂ, ਸੁਹੇਲ ਨੇ ਗੁਲਾਬ ਤੇ ਨਿੱਕੇ-ਨਿੱਕੇ ਹੱਥ ਫੇਰਦਿਆਂ ਕਿਹਾ।

ਜਿਉਂਦਾ ਰਹਿ, ਸੁਹੇਲ ! ਤੂੰ ਸਾਡੇ ਸਾਥੀ ਪੌਦੇ ਦੀ ਜਾਨ ਬਚਾਈ ਹੈ, ਬਿਰਖਾਂ-ਬੂਟਿਆਂ ਦੀ ਰ ਵੀਂ ਅਵਾ ਆਈ।



Downloaded from https:// www.studiestoday.com

Downloaded from https:// www.studiestoday.com

ਛੁੱਟੀ ਦੀ ਘੰਟੀ ਵੱਜ ਗਈ। ਸੁਹੇਲ ਮੁੜ-ਮੁੜ ਕੇ ਗੁਲਾਬ ਵੱਲ ਦੇਖ ਰਿਹਾ ਸੀ, ਜਿਵੇਂ ਕਹਿ ਰਿਹਾ ਹੋਵੇ, ਮੈਂ ਫੇਰ ਆਊਂਗਾ.......!

**ਔਖੇ ਬਦਾਂ ਦੇ ਅਰਥ:**

| | | |
|---|---|---|
| ਪਾ ੋ-ਪਾ | : | ਕਤਾਰਾਂ ਵਿੱਚ |
| ਕੁਮ ਾਏ | : | ਮੁਰਝਾਏ, ਕਮ ੋਰ ਹੋਏ |
| ਰੌਂ | : | ਲਹਿਰ, ਵਲਵਲਾ, ਵਿਚਾਰ-ਵੇਗ |
| _ ਬੋਆਂ | : | ਸੁਗੰਧੀਆਂ |
| ਮਨ ਭਰ ਆਉਣਾ | : | ਦਿਲ ਉਦਾਸ ਹੋ ਜਾਣਾ |
| ਰੇਹ | : | ਉਹ ਖਾਦ ਜੋ ਪਸ਼ੂਆਂ ਦੇ ਮਲ-ਮੂਤਰ ਤੋਂ ਬਣਦੀ ਹੈ, ਰੂੜੀ ਦੀ ਖਾਦ |
| ਮੰਡਲਾਉਣਾ | : | ਆ ੇ-ਦੁਆ ੇ ਘੁੰਮਣਾ, ਚੱਕਰ ਕੱਟਣਾ |
| ਆੜੀ | : | ਸਾਥੀ, ਮਿੱਤਰ, ਦੋਸਤ |

## ਪਾਠ- ਅਭਿਆਸ

**1. ਾਲੀ ਸਥਾਨ ਭਰੋ :-**

ੳ. ਸੁਹੇਲ ਬੱਸ ਚ ਬੈਠਾ ਆ ੇ-ਦੁਆ ੇ ...........ਨੂੰ ਦੇਖ ਰਿਹਾ ਸੀ।

ਅ. ਉੱਥੇ ਕੋਈ.............ਵੀ ਨਹੀਂ ਜਾਂਦਾ ਸੀ।

ੲ. ਇੱਕ............. ਕੰਧ ਤੋਂ ਦੀ ਲੰਘੀ ਜਾ ਰਹੀ ਸੀ।

ਸ. ਤਿਤਲੀ ਗੁਲਾਬ ਤੇ.............. ਤਾੜੀਆਂ ਵਜਾ ਰਹੀ ਸੀ।

ਹ. ਤੂੰ ਮੇਰਾ ਸੱਚਾ.............ਹੈਂ।

2. ਸੰਖੇਪ ਵਿੱਚ ਉੱਤਰ ਦਿਓ:-

ੳ. ਹਵਾ ਚੱਲਣ ਨਾ ਰੁੱਖਾਂ ਦੇ ਪੱਤੇ ਕਿਵੇਂ ਛਣਕ ਰਹੇ ਸਨ?

ਅ. ਸੁਹੇਲ ਨੇ ਮੂੰਗਫ ੀ ਦੀਆਂ ਗਿਰੀਆਂ ਕਿਸ-ਕਿਸ ਨੂੰ ਖਾਣ ਲਈ ਦਿੱਤੀਆਂ?

ੲ. ਗੁਲਾਬ ਦਾ ਪੌਦਾ ਕਿੰਨੇ ਦਿਨਾਂ ਤੋਂ ਬਿਮਾਰ ਸੀ?

ਸ. ਸੁਹੇਲ ਨੇ ਗੁਲਾਬ ਦੇ ਪੌਦੇ ਦੀ ਸੇਵਾ ਕਿਵੇਂ ਕੀਤੀ?

ਹ. ਇਹ ਤੂੰ ਚੰਗਾ ਕੰਮ ਕੀਤਾ ਹੈ, ਸੁਹੇਲ ਨੂੰ ਇਹ ਬਦ ਕਿਸ ਨੇ ਆਖੇ?

3. ਇਸ ਪਾਠ ਵਿੱਚ ਕੁਝ ਸਮਾਸੀ ਬਦ ਆਏ ਹਨ, ਜਿਵੇਂ:-

ਆ ੇ-ਦੁਆ ੇ, ਪਾ ੋ-ਪਾ , ਤਰ੍ਹਾਂ-ਤਰ੍ਹਾਂ, ਤਾਂਗਾ-ਰਿਕ ਾ, ਕੋਈ-ਕੋਈ, ਮੂਹਰੇ-ਮੂਹਰੇ, ਇੱਧਰ-ਉੱਧਰ, ਦੋ-ਚਾਰ, ਦੋ-ਤਿੰਨ, ਦੇਖਦੇ-ਦੇਖਦੇ, ਕਰਦੇ-ਕਰਦੇ, ਭੁੱਖ-ਪਿਆਸ, ਬਿਰਖਾਂ-ਬੂਟਿਆਂ

ਇਹਨਾਂ ਸਮਾਸੀ ਬਦਾਂ ਨੂੰ ਧਿਆਨ ਨਾ ਪੜ੍ਹੋ ਅਤੇ ਵਾਕਾਂ ਵਿੱਚ ਵਰਤੋ।



Downloaded from https:// www.studiestoday.com

Downloaded from https:// www.studiestoday.com

4. ਹੇਠ ਲਿਖੇ ਪੰਜਾਬੀ  ਬਦਾਂ ਦੇ ਸਮਾਨਾਰਥੀ ਹਿੰਦੀ ਦੇ  ਬਦ ਲਿਖੇ ਗਏ ਹਨ। ਦੋਂਹਾਂ ਵਿਚਲੇ ਅੰਤਰ ਨੂੰ ਸਮਝੋ:

ਦਰ ਤ – वृक्ष

ਮੱਛੀਆਂ – मछलियां

ਕਾਟੋ – गिलहरी

ਬਿੱਲੀ – बिल्ली

ਗੁਲਾਬ – गुलाब

_ ਬੋ – सुगंधि

5. ਹੇਠਾਂ ਇੱਕ ਹੀ ਅਰਥ ਲਈ ਪੰਜਾਬੀ ਅਤੇ ਹਿੰਦੀ ਵਿੱਚ ਭਿੰਨ-ਭਿੰਨ  ਬਦ ਲਿਖੇ ਗਏ ਹਨ। ਇਹਨਾਂ ਨੂੰ ਧਿਆਨ ਨਾ  ਪੜ੍ਹੋ ਅਤੇ ਗੁਰਮੁਖੀ ਵਿੱਚ ਲਿਖੇ  ਬਦਾਂ ਨੂੰ ਲਿਖਣ ਦਾ ਅਭਿਆਸ ਕਰੋ:

ਹੌਂ ੀ – धीरे

ਆੜੀ – मित्र

ਕਰੀਬ – लगभग

ਕੋਂ – पास

ਵੱਲ – ओर

> ਆਪਣੇ ਘਰ ਅਤੇ ਸਕੂਲ ਵਿੱਚ ਲੱਗੇ ਪੌਦਿਆਂ ਨੂੰ ਧਿਆਨ ਨਾ  ਵੇਖੋ। ਉਹਨਾਂ ਦੀ ਸਾਂਭ-ਸੰਭਾ ਵਿੱਚ ਆਪਣਾ ਯੋਗਦਾਨ ਪਾਓ।



Downloaded from https:// www.studiestoday.com

Downloaded from https:// www.studiestoday.com

ਪਾਠ-13

# ਮੈਂ ਸੋਹਣਾ-ਸੋਹਣਾ ਲਿਖਾਂਗੀ



ਨਿੰਮੀ ਆਪਣੇ ਘਰ ਮਾਤਾ ਜੀ ਕੋ ਬੈਠੀ ਸਕੂਲ ਤੋਂ ਮਿਿ ਆ ਕੰਮ ਕਰ ਰਹੀ ਸੀ। ਉਸ ਨੇ ਪੰਜਾਬੀ ਵਿੱਚ ਇੱਕ ਲੇਖ ਅਤੇ ਇੱਕ ਚਿੱਠੀ ਲਿਖਣੀ ਸੀ।

ਨਿੰਮੀਏ ! ਨੀ ਨਿੰਮੀਏ ! ਆ ਗੀਟੇ ਖੇਡੀਏ, ਇਹ ਨਿੰਮੀ ਦੀ ਸਹੇਲੀ ਪੰਮੀ ਦੀ ਅਵਾ ਸੀ।

ਮੈਂ ਆਈ ਹੁਣੇ, ਦੋ ਮਿੰਟ ਵਿੱਚ ਆਈ, ਨਿੰਮੀ ਨੇ ਉੱਤਰ ਦਿੱਤਾ। ਇਹ ਕਹਿ ਕੇ ਨਿੰਮੀ ਤੇ -ਤੇ ਲਿਖਣ ਲੱਗ ਪਈ।

ਨਿੰਮੀ ! ਏਨੀ ਕਾਹ ੀ-ਕਾਹ ੀ ਨਾ ਲਿਖ। ਪਹਿਲਾਂ ਹੀ ਤੇਰੀ ਲਿਖਾਈ ਔਖੀ ਪੜ੍ਹੀ ਜਾਂਦੀ ਹੈ। ਨਾ ਠੀਕ ਤਰ੍ਹਾਂ ਬੈਠ ਕੇ ਲਿਖ, ਮਾਤਾ ਜੀ ਨੇ ਕਿਹਾ।

ਮਾਤਾ ਜੀ ! ਕੋਈਂ ਰਕ ਨਹੀਂ ਪੈਂਦਾ। ਮੈਂ ਛੇਤੀ ਕੰਮ ਮੁਕਾ ਕੇ ਖੇਡਣ ਜਾਣਾ ਹੈ , ਨਿੰਮੀ ਬੋਲੀ।

ਵੇਖ ਬੇਟੀ ! ਪਹਿਲਾਂ ਸਕੂਲ ਦਾ ਕੰਮ ਮੁਕਾ ਲੈ। ਪੰਮੀ ਨਾ ਫੇਰ ਖੇਡ ਲਈਂ। ਨਾ ਅਜੇ ਬਾਹਰ ਧੁੱਪ ਹੈ। ਹੁਣ ਨਿਚੱਲੀ ਹੋ ਕੇ ਲਿਖ।



Downloaded from https:// www.studiestoday.com

Downloaded from https:// www.studiestoday.com

ਮਾਤਾ ਜੀ ਨੇ ਪੰਮੀ ਨੂੰ ਵੀ ਬੁਲਾ ਕੇ ਕਿਹਾ, ਪੁੱਤਰ! ਤੂੰ ਇੱਕ ਘੰਟੇ ਤੱਕ ਆਵੀਂ, ਫਿਰ ਦੋਵੇਂ ਮਿ ਕੇ ਖੇਡਿਓ।

ਚੰਗਾ, ਆਂਟੀ ਜੀ, ਇਹ ਕਹਿ ਕੇ ਪੰਮੀ ਚਲੀ ਗਈ।

ਮੰਮੀ ਜੀ! ਮੇਰੀ ਲਿਖਾਈ ਗੰਦੀ ਹੈ? ਐਨੀ ਤਾਂ ਸੋਹਣੀ ਐ! ਨਿੰਮੀ ਨੇ ਕਿਹਾ।

ਨਿੰਮੀ ਬੇਟੀ! ਜਿਹੜੀ ਲਿਖਾਈ ਸੁਖਾ ੀ ਪੜ੍ਹੀ ਜਾ ਸਕੇ, ਉਹ ਸੋਹਣੀ ਹੁੰਦੀ ਹੈ। ਤੇਰਾ ਲਿਖਿਆ ਮੈਨੂੰ ਔਖਿਆਂ ਹੋ ਕੇ ਪੜ੍ਹਨਾ ਪੈਂਦਾ ਹੈ।

ਹੁਣ ਤੂੰ ਹੀ ਦੱਸ, ਇਹ ਲਿਖਾਈ ਕਿਹੋ-ਜਿਹੀ ਹੈ? ਮਾਤਾ ਜੀ ਨੇ ਉੱਤਰ ਦਿੱਤਾ।

ਚਲੋ, ਪੜ੍ਹੀ ਤਾਂ ਜਾਂਦੀ ਹੈ ਭਾਵੇਂ ਔਖੀ, ਭਾਵੇਂ ਸੌਖੀ। ਹੋਰ ਦੱਸੋ, ਕੀ ਾਇਦਾ ਹੈ, ਸੋਹਣੀ ਲਿਖਾਈ ਦਾ? ਨਿੰਮੀ ਨੇ ਕਿਹਾ।

ਨਿੰਮੀ ਪੁੱਤਰ! ਤੂੰ ਗੱਲ ਨੂੰ ਚੰਗੀ ਤਰ੍ਹਾਂ ਸਮਝ ਲੈ, ਜੇ ਲਿਖਿਆ ਹੋਇਆ ਅਸਾਨੀ ਨਾ ਤੇ ਠੀਕ-ਠੀਕ ਪੜ੍ਹਿਆ ਜਾ ਸਕੇ ਤਾਂ ਪੜ੍ਹਨ ਵਾ ਨੂੰ_ ੀ ਹੁੰਦੀ ਹੈ ਨਾ ਸੋਹਣਾ ਲਿਖਿਆ ਅੱਖਾਂ ਨੂੰ ਚੰਗਾ ਲੱਗਦਾ ਹੈ, ਜਿਵੇਂ ਸਾਂ-ਸੁਥਰੇ ਕੱਪੜੇ ਪਾਏ ਹੋਣ ਤਾਂ ਵੇਖਣ ਵਾ ਨੂੰ_ ੀ ਮਿ ਦੀ ਹੈ। ਸੋਹਣੀ ਲਿਖਾਈ ਵੀ ਇਵੇਂ ਹੀ_ ੀ ਦਿੰਦੀ ਹੈ। ਹੋਰ ਵੀ ਜਦ ਕੋਈ ਸੋਹਣਾ-ਸੋਹਣਾ ਕਰਕੇ ਲਿਖਦਾ ਹੈ ਤਾਂ ਉਸ ਨੂੰ ਵੀ_ ੀ ਮਿ ਦੀ ਹੈ, ਮਾਤਾ ਜੀ ਨੇ ਦੱਸਿਆ। ਉਹਨਾਂ ਨੇ ਹੋਰ ਕਿਹਾ, ਸੋਹਣੀ ਲਿਖਾਈ ਦੇ ਕਈ ਲਾਭ ਹਨ। ਹੁਣ ਚਿੱਠੀ ਉੱਤੇ ਪਤਾ ਲਿਖਣਾ ਸਧਾਰਨ ਜਿਹੀ ਗੱਲ ਹੈ। ਤਾਂ ਵੀ ਕਿੰਨੀਆਂ ਹੀ ਰੂਰੀ ਚਿੱਠੀਆਂ ਭੈੜੀ ਲਿਖਾਈ ਕਾਰਨ ਆਪਣੇ ਟਿਕਾਣੇ ਤੇ ਨਹੀਂ ਪਹੁੰਚਦੀਆਂ। ਡਾਕੀਆ ਭਲਾ ਕੀ ਕਰੇ, ਜਦੋਂ ਪਤਾ ਠੀਕ ਤਰ੍ਹਾਂ ਪੜ੍ਹਿਆ ਹੀ ਨਹੀਂ ਜਾਂਦਾ।

ਮੰਮੀ ਜੀ! ਮੈਨੂੰ ਤੁਹਾਡੀਆਂ ਗੱਲਾਂ ਸਮਝ ਨਹੀਂ ਆਉਂਦੀਆਂ। ਮੈਂ ਤਾਂ ਅਜੇ ਪੜ੍ਹਦੀ ਹਾਂ। ਬੱਸ, ਸਕੂਲ ਤੋਂ ਕੰਮ ਮਿ ਆ ਹੈ, ਉਹ ਛੇਤੀ-ਛੇਤੀ ਪੂਰਾ ਕਰਨਾ ਹੈ।

